# ਚਿਰਾਗ

ਜੁਲਾਈ-ਸਤੰਬਰ 2008

**July-September 2008**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ



ਆਂਧਰਾ ਦੀ ਲੋਕ-ਕਲਾ

ਮੁੱਲ : 15 ਰੁਪਏ | 65 | ਜੁਲਾਈ-ਸਤੰਬਰ 2008

# ਚਿਰਾ.ਗ ਤਿਮਾਹੀ

ਜੁਲਾਈ-ਸਤੰਬਰ 2008

ਸੰਪਾਦਕ ਹਰਭਜਨ ਸਿੰਘ ਹੁੰਦਲ
ਸੰਪਾਦਕੀ ਮੰਡਲ : ਡਾ. ਕਰਮਜੀਤ ਸਿੰਘ,ਸੁਰਜੀਤ ਗਿੱਲ
ਪ੍ਰਤੀਨਿਧ : ਜਰਨੈਲ ਸਿੰਘ ਕਹਾਣੀਕਾਰ (ਕੈਨੇਡਾ)

## ਤਤਕਰਾ

| | |
|---|---|
| ✦ ਸੰਪਾਦਕੀ ਟਿੱਪਣੀ | 1. ਪੰਜਾਬੀ ਸਾਹਿਤ ਅਕਾਡਮੀ ਦੀ ਚੋਣ, 2. ਸੰਗੀਤ ਅਕਾਡਮੀ ਦਾ ਦੀਵਾਲਾ, 3. ਪੀਲੇ ਤੋਂ ਕਾਲਾ, 4. ਏਕਤਾ ਦੀ ਲੋੜ |
| ✦ ਵਾਹਗੇ ਪਾਰ ਦੀ ਪੰਜਾਬੀ ਕਹਾਣੀ | 1. ਮਾਸ, ਮਿੱਟੀ ਤੇ ਮਾਇਆ (ਖ਼ਾਲਦ ਫਰਿਹਾਦ ਧਾਲੀਵਾਲ) 2. ਦੋਧੀ ਮਾਫੀਆ (ਅਲੀ ਅਨਵਰ ਅਹਿਮਦ) |
| ✦ ਵਾਹਗੇ ਪਾਰ ਦੀਆਂ ਨਜ਼ਮਾਂ/ਗ਼ਜ਼ਲਾਂ : | ਅਖ਼ਲਾਕ ਆਤਿਫ਼ (ਦੋ ਗ਼ਜ਼ਲਾਂ), ਮੀਆਂ ਸਲੀਮ ਜਹਾਂਗੀਰ, ਅਹਿਮਦ ਸਲੀਮ (ਤਿੰਨ ਨਜ਼ਮਾਂ), ਰਫ਼ਾਕਤ ਹੁਸੈਨ ਮੁਮਤਾਜ਼ (ਤਿੰਨ ਨਜ਼ਮਾਂ), ਸਾਬਰ ਅਲੀ ਸਾਬਰ (ਪੰਜ ਨਜ਼ਮਾਂ), ਨਸਰੀਨ ਅੰਜਮ ਭੱਟੀ (ਦੋ ਨਜ਼ਮਾਂ) |
| ✦ ਸੰਤਾਲੀਨਾਮਾ | ਕਿਸ਼ਤ -3 ਹਰਚਰਨ ਸਿੰਘ ਕਪੂਰਥਲਾ |
| ✦ ਵਾਦ-ਵਿਵਾਦ | ਸਿੱਖ ਤੇ ਪਾਤਸ਼ਾਹੀ (ਪ੍ਰਿੰ. ਅਮਰਜੀਤ ਸਿੰਘ ਪਰਾਗ) |
| ✦ ਵਿਸ਼ਵ ਕਵਿਤਾ | ਫਲਸਤੀਨੀ ਕਵੀ ਮੁਈਨ ਬਸੀਸੋ |
| ✦ ਗ਼ਜ਼ਲਾਂ/ਨਜ਼ਮਾਂ | ਗੁਰਦੀਪ (ਦੋ ਗ਼ਜ਼ਲਾਂ), ਮਹਿੰਦਰ ਸਾਥੀ, ਹਰਚਰਨ ਸ਼ਰੀਫ਼, ਸੁਲੱਖਣ ਸਰਹੱਦੀ, ਪ੍ਰੇਮ ਸਾਹਿਲ (ਤਿੰਨ ਨਜ਼ਮਾਂ), ਗੁਰਮੀਤ ਖੋਖਰ, ਹਰਭਜਨ ਸਿੰਘ ਹੁੰਦਲ |
| ✦ ਮੁਲਾਂਕਣ | ਰਾਜਨੀਤਕ ਨਾਵਲ (ਭਾਊ) ਬੁੱਧ ਸਿੰਘ ਘੁੰਮਣ |
| ✦ ਪੁਸਤਕ ਪੜਚੋਲ | ਇਕਲਾਪੇ ਤੋਂ ਅੱਗੇ, ਮਾਂ (ਹ.ਸ.ਹ.) ਹਾਦਸਿਆਂ ਦੀ ਲੋਅ (ਸੁਲੱਖਣ ਸਰਹੱਦੀ) |
| ✦ ਟਾਈਟਲ | ਆਂਧਰਾ ਦੀ ਲੋਕ ਕਲਾ |

Postal Address:
Harbhajan Singh Hundal,
V.FAtu Chak,
P.O. Dhilwan
Distt. Kapurthala -144804
(Pb.) India
Phone No. 01822-273188

ਚੰਦਿਆਂ ਦਾ ਵੇਰਵਾ

| | |
|---|---|
| ਦੇਸ਼ ਵਾਰਸ਼ਿਕ | :50 ਰੁ. |
| ਇਕ ਪਰਚਾ | : 15 ਰੁ. |
| ਸੰਸਥਾਵਾਂ (ਵਾਰਸ਼ਿਕ) | : 70 ਰੁ. |
| ਵਿਦੇਸ਼ (ਯੂ.ਕੇ.) | : 5 ਪੌਂਡ |
| ਵਾਰਸ਼ਿਕ (ਹੋਰ ਦੇਸ਼) | : 300 ਰੁ. |

**ਚੰਦਾ ਸਿਰ.ਫ ਮਨੀ ਆਰਡਰ ਰਾਹੀਂ ਭੇਜਿਆ ਜਾਵੇ।**

ਚਿਰਾ.ਗ ਡਾਇਰੈਕਟਰ. ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 4/1-96 ਐਡੀਟਰ (ਪੰ) ਮਿਤੀ 3-9-1096 ਦੇ ਅਨੁਸਾਰ ਹਾਈ /ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।

ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਾਬੜਾ ਕੰਪਿਊਟਰ ਅਤੇ ਪ੍ਰਿੰਟਰਜ਼ 274-ਚੰਨ ਰੋਡ, ਜਲੰਧਰ (ਫੋਨ- 98142-73311) ਤੋਂ ਛਪਵਾ ਕੇ ਸ਼ਹੀਦ ਸਰਵਣ ਸਿੰਘ ਚੀਮਾ ਭਵਨ 352 /1 ਗੜ੍ਹਾ (ਜਲੰਧਰ) ਫੋਨ-0181-2483033 ਤੋਂ ਪ੍ਰਕਾਸ਼ਿਤ ਕੀਤਾ।

ਪ੍ਰਕਾਸ਼ਨ ਮਿਤੀ 31 ਜੁਲਾਈ 2008



## 1. ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੀ ਚੋਣ

30 ਮਾਰਚ 2008 ਨੂੰ ਹੋਣ ਵਾਲੀ ਪੰਜਾਬੀ ਸਾਹਿਤ ਅਕਾਡਮੀ ਦੀ ਚੋਣ, 13 ਅਪ੍ਰੈਲ ਨੂੰ ਹੋ ਹੀ ਗਈ। ਦੋ ਸਾਲ ਪਹਿਲਾਂ ਹੋਈ ਚੋਣ, ਪੰਜਾਬੀ ਦੀ ਦੂਜੀ ਮਹੱਤਵਪੂਰਨ ਸੰਸਥਾ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਨਾਲ ਟਕਰਾ ਜਾਣ ਕਾਰਨ ਅਤੇ ਚੋਣਾਂ ਵਿਚ ਦੇ ਜੋੜ-ਤੋੜ ਕਾਰਨ, ਲੰਘੀ ਅਕਾਡਮੀ ਦੀ ਕਮੇਟੀ ਦੀ ਸਫਲਤਾ ਦੇ ਰੂਪ ਵਿਚ ਹੋਈ ਸੀ। ਇਸ ਬਾਰ ਚੋਣ ਗਠਜੋੜ ਸੰਭਵ ਨਹੀਂ ਸੀ ਕਿਉਂਕਿ ਜਿਸ ਉਦੇਸ਼ ਪੂਰਨ ਸ਼ੁਭ ਭਾਵਨਾ ਨਾਲ ਚੋਣ ਗਠਜੋੜ ਹੋਏ ਸੀ, ਪ੍ਰਬੰਧਕਾਂ ਦੀ ਸਵਾਰਥੀ ਸੰਕੀਰਨਤਾ ਕਾਰਨ ਸਿੱਟੇ ਪ੍ਰਾਪਤ ਨਹੀਂ ਹੋ ਸਕੇ। ਚਾਹੁੰਦੇ ਉਹ ਇਸ ਵਾਰ ਵੀ ਅਜਿਹਾ ਸੀ ਪਰ ਕਾਠ ਦੀ ਹਾਂਡੀ ਦੂਜੀ ਵਾਰ ਚਾੜ੍ਹਨੀ ਅਸੰਭਵ ਸੀ।

ਲੰਘੇ ਸਾਲਾਂ ਵਿਚ ਅਕਾਡਮੀ ਦੀ ਪ੍ਰਤਿਸ਼ਠਾ ਨੂੰ ਵੱਡੀ ਠੇਸ ਲੱਗੀ ਸੀ। ਇਹ ਆਪਣੀ ਸਤਿਕਾਰਤ ਦਿੱਖ ਨੂੰ ਕਾਇਮ ਨਹੀਂ ਰੱਖ ਸਕੀ ਸੀ। ਇਹ ਭਾਵੇਂ ਇਸ ਦੀ ਕਿਰਿਆਤਮਿਕਤਾ ਸੀ, ਭਾਵੇਂ ਧਾਲੀਵਾਲ ਇਨਾਮਾਂ ਦੀ ਨਿਜੀ ਹਿੱਤਾਂ ਲਈ ਵੰਡ ਸੀ, ਚਾਹੇ ਇਸ ਵਲੋਂ ਇਸਦੀ ਅਰਧ-ਸ਼ਤਾਬਦੀ ਨੂੰ ਕਿਸੇ ਲੋਕਲ ਸਾਹਿਤ ਸਭਾ ਦੇ ਫੰਕਸ਼ਨ ਤੋਂ ਵੀ ਹੇਠਾਂ ਡੇਗ ਦੇਣਾ ਸੀ। ਜੇ ਆਖੀਏ ਕਿ ਇਹ ਅਕਾਡਮੀ, ਦੇਸ਼ ਭਰ ਦੀਆਂ ਅਕਾਡਮੀਆਂ ਵਿਚ ਅਣਹੋਈ ਹੀ ਹੋ ਕੇ ਰਹਿ ਗਈ ਸੀ ਠੀਕ ਹੋਵੇਗਾ। ਇਸਦੇ ਮੁੱਖ ਅਧਿਕਾਰੀਆਂ ਨੂੰ ਨਿਜੀ ਵਿਖਾਵੇ ਦੀ ਲਿੱਲ੍ਹ ਨੇ ਕੁਝ ਵਧੇਰੇ ਹੀ ਡੰਗ ਸੁੱਟਿਆ ਸੀ।

ਇਸ ਵਾਰ ਦੀਆਂ ਚੋਣਾਂ ਨੂੰ ਜਿਸ ਢੰਗ ਨਾਲ ਅਮਲ ਵਿਚ ਲਿਆਂਦਾ ਗਿਆ, ਉਸ ਤੋਂ ਤਾਂ ਇਹ ਹੈਰਾਨੀ ਹੁੰਦੀ ਹੈ ਕਿ ਚੋਣਾਂ ਹੋਣੀਆਂ ਕਿਵੇਂ ਸੰਭਵ ਹੋ ਗਈਆਂ ਹਨ। ਇਸਦੇ ਸੰਵਿਧਾਨ ਨੂੰ ਲੋੜ ਅਨੁਸਾਰ ਤੋੜ-ਮਰੋੜਨਾ ਸਾਧਾਰਨ ਗੱਲ ਵਾਂਗ ਹੀ ਨਜ਼ਰ ਆਉਂਦਾ ਹੈ। ਇਸ ਦਾ ਚੋਣ ਅਧਿਕਾਰੀ, ਜਿਸ ਉੱਤੇ ਭਾਵੇਂ ਇਤਰਾਜ਼ ਨਹੀਂ ਕੀਤਾ ਗਿਆ ਸੀ, ਪ੍ਰੰਤੂ ਉਹ ਪਿਛਲੀ ਕਮੇਟੀ ਵਿਚ ਨਾਮਜ਼ਦ ਵਿਅਕਤੀ ਸੀ। ਇਹ ਕੁਦਰਤੀ ਸੀ ਕਿ ਉਹ ਪ੍ਰਧਾਨ ਦੀ ਇੱਛਾ ਅਨੁਸਾਰ ਅਮਲ ਕਰਦਾ। ਅਸੀਂ ਸਭ ਜਾਣਦੇ ਹਾਂ ਕਿ ਹਰ ਤਰ੍ਹਾਂ ਦੀ ਚੋਣ ਵਿਚ ਇਕ ਤਾਰੀਖ਼ ਨਾਮਜ਼ਦਗੀ ਦੀ, ਇੱਕ ਨਾਮ ਵਾਪਸੀ ਦੀ ਅਤੇ ਇਕ ਚੋਣ ਲਈ ਹੁੰਦੀ ਹੈ। ਹੋਇਆ ਇਹ ਕਿ ਨਾਮਜ਼ਦਗੀ ਤੋਂ ਪਿਛੋਂ ਨਾਮ ਵਾਪਸੀ ਦੀ ਖੇਡ ਚੋਣਾਂ ਦੇ ਦਿਨ ਤੱਕ ਚੱਲਦੀ ਰਹੀ। ਆਖ਼ਰ ਕਿਉਂ? ਇਸ ਲਈ ਕਿ ਨਵੇਂ ਚੁਣੇ ਜਾਣ ਵਾਲੇ ਪ੍ਰਧਾਨ ਅਤੇ ਜਨਰਲ ਸੈਕਟਰੀ ਲਈ ਪਿਛਲੇ ਪ੍ਰਬੰਧਕਾਂ ਦਾ ਇਕ ਧੜਾ ਮਨਪਸੰਦ ਦੇ ਵਿਅਕਤੀਆਂ ਲਈ ਸੌਦੇਬਾਜ਼ੀ ਵਿਚ ਲੱਗਿਆ ਰਿਹਾ। ਇਸ ਵਿਚ ਉਸਨੂੰ ਅੰਸ਼ਕ ਸਫ਼ਲਤਾ ਤਾਂ ਪ੍ਰਾਪਤ ਹੋਈ ਕਹੀ ਜਾ ਸਕਦੀ ਹੈ ਪ੍ਰੰਤੂ ਸਮੁੱਚੇ ਨਤੀਜਿਆਂ ਨੂੰ ਦੇਖਦਿਆਂ ਕਹਿ ਸਕਦੇ ਹਾਂ ਕਿ ਕਰਾਰੀ ਹਾਰ ਹੀ ਹੋਈ ਹੈ। ਇਹ ਤਾਂ ਸਮਾਂ ਹੀ ਦੱਸੇਗਾ ਕਿ ਨਵੀਂ ਚੁਣੀ ਕਮੇਟੀ ਕਿਸ ਹੱਦ ਤੱਕ ਕੰਮ ਕਰਨ ਦੇ ਸਮਰੱਥ ਹੁੰਦੀ ਹੈ ਜਾਂ ਉਸਨੂੰ ਅੜਿਕਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਹੁਣ ਦੇਖਦੇ ਹਾਂ ਚੋਣ ਦੀ ਤਾਰੀਖ਼ ਦੇ ਦਿਨ ਚੋਣ ਅਧਿਕਾਰੀ ਦੀ ਜ਼ਿੰਮੇਵਾਰੀ ਦੇ ਅਮਲਾਂ ਨੂੰ। ਇਹ ਸ਼ਾਇਦ ਪਹਿਲੀ ਵਾਰੀ ਹੋਇਆ ਹੈ ਕਿ ਚੋਣ ਅਧਿਕਾਰੀ ਚੋਣ ਦੇ ਦਿਨ

ਪ੍ਰਬੰਧ ਕਰਨ ਲਈ ਹਾਜ਼ਰ ਹੀ ਨਹੀਂ ਹੋਇਆ। ਅਕਾਡਮੀ ਵਰਗੀ ਸੰਸਥਾ ਦੇ ਜਮਹੂਰੀ ਪ੍ਰਬੰਧਕ ਨੂੰ ਤਾਰ-ਤਾਰ ਕਰਨ ਲਈ ਚੋਣ ਅਧਿਕਾਰੀ ਕਿਸੇ ਨਿਜੀ ਕੰਮ ਕਾਰਨ (ਜੇ ਇਹ ਬਹਾਨੇ ਤੋਂ ਬਿਨਾਂ ਕੋਈ ਹੈ ਵੀ ਸੀ) ਹਾਜ਼ਰ ਹੀ ਨਹੀਂ ਹੋਇਆ। ਕੀ ਇਹ ਚੋਣਾਂ ਨੂੰ ਮੁਲਤਵੀ ਕਰਨ ਲਈ ਕਿਸੇ ਸਾਜ਼ਿਸ਼ ਦਾ ਹਿੱਸਾ ਤਾਂ ਨਹੀਂ ਸੀ? ਅਕਾਡਮੀ ਦੇ ਚੰਗੇ ਭਾਗਾਂ ਨੂੰ ਜਨਰਲ ਇਜਲਾਸ ਨੇ ਤਿੰਨ ਮੈਂਬਰੀ ਕਮੇਟੀ ਨਾਮਜ਼ਦ ਕਰ ਦਿੱਤੀ ਕਿ ਉਹ ਚੋਣ ਕਰਵਾਏਗੀ। ਇਹਨਾਂ ਤਿੰਨਾਂ ਮੈਂਬਰਾਂ ਵਿਚ ਇਕ ਉਹ ਮੈਂਬਰ ਵੀ ਦੱਸਿਆ ਜਾਂਦਾ ਹੈ ਜੋ ਅਕਾਡਮੀ ਦਾ ਮੁੱਢਲਾ ਮੈਂਬਰ ਹੀ ਨਹੀਂ ਹੈ। ਇਹ ਕਿਵੇਂ ਸੰਭਵ ਹੋਇਆ ਕਿ ਕਿਸੇ ਪ੍ਰਾਈਵੇਟ ਸੰਸਥਾਂ ਵਿਚੋਂ ਅਕਾਡਮੀ ਦੇ ਕਿਸੇ ਮੈਂਬਰ ਦੇ ਅਹਿਸਾਨ ਦਾ ਬਦਲਾ ਤਾਰਨ ਲਈ, ਸ਼ਾਇਦ ਉਸ ਮੈਂਬਰ ਦੀ ਇੱਛਾ ਜਾਂ ਦਖ਼ਲ ਦੇ ਕਾਰਨ ਹੀ ਇਹ ਅਸੰਵਿਧਾਨਕ ਅਵੱਗਿਆ ਹੋਈ ਹੈ। ਚੋਣ ਅਧਿਕਾਰੀ ਦੀ ਗ਼ੈਰ-ਹਾਜ਼ਰੀ ਲਈ ਚੋਣ ਅਧਿਕਾਰੀ ਜਿੱਥੋਂ ਤੱਕ ਜ਼ਿੰਮੇਵਾਰ ਬਣਦਾ ਹੈ ਉਹ ਤਾਂ ਹੈ ਹੀ, ਪ੍ਰੰਤੂ ਉਸਨੂੰ ਨਿਯੁਕਤ ਕਰਨ ਵਾਲੇ ਅਸਲ ਵਿਚ ਮੁੱਖ ਦੋਸ਼ੀ ਹਨ। ਕੀ ਇਹ ਅਕਾਡਮੀ ਦਾ ਪੰਜਾਬ ਦੇ ਅਖ਼ਬਾਰਾਂ ਵਿਚ ਚੋਣ ਅਧਿਕਾਰੀ ਦੇ ਗ਼ੈਰ-ਹਾਜ਼ਰ ਹੋਣ ਦੀਆਂ ਖ਼ਬਰਾਂ ਛਾਪਣ ਨਾਲ ਘੋਰ ਅਪਮਾਨ ਨਹੀਂ ਹੋਇਆ? ਕੀ ਅਜਿਹੇ ਕੰਮ ਲਈ ਇਹਨਾਂ ਜ਼ਿੰਮੇਵਾਰ ਅਕਾਡਮੀ ਅਧਿਕਾਰੀਆਂ, ਸਮੇਤ ਚੋਣ ਅਧਿਕਾਰੀ ਵਿਰੁੱਧ ਅਨੁਸ਼ਾਸਨੀ ਕਾਰਵਾਈ ਨਹੀਂ ਕੀਤੀ ਜਾਣੀ ਚਾਹੀਦੀ? ਕੀ ਇਸ ਚੋਣ ਵਿਚ ਇਸ ਗ਼ੈਰ-ਜ਼ਿੰਮੇਵਾਰੀ ਦੀ ਪੜਤਾਲ ਲਈ ਇਕ ਕਮੇਟੀ ਨਿਯੁਕਤ ਕਰਨੀ ਜ਼ਰੂਰੀ ਨਹੀਂ ਹੈ?

ਇਸ ਘੋਰ ਅਵੱਗਿਆ ਤੋਂ ਬਿਨਾਂ ਦੂਜੀ ਘੋਰ ਅਵੱਗਿਆ ਲਈ ਵੀ ਪਿਛਲੀ ਕਮੇਟੀ ਖ਼ਾਸ ਕਰਕੇ ਉਸਦੇ ਮੁੱਖੀ ਪ੍ਰਬੰਧਕ ਹੋਰ ਵੀ ਜ਼ਿੰਮੇਵਾਰ ਹਨ। ਇਹ ਅਵੱਗਿਆ ਚੋਣਾਂ ਸਮੇਂ ਸ਼ਨਾਖਤੀ ਸਬੂਤਾਂ ਦਾ ਨਾ ਦੇਖਿਆ ਜਾਣਾ ਹੈ। 'ਚੋਣ ਨਿਯਮਾਵਲੀ - ਦੇ ਨੰਬਰ 9 ਰੂਲ ਅਨੁਸਾਰ "ਵੋਟਾਂ ਪਾਉਂਦੇ ਸਮੇਂ ਹਰ ਮੈਂਬਰ ਕੋਲ ਆਪਨੀ ਪਹਿਚਾਣ ਦੇ ਸ਼ਬੂਤ ਵਜੋਂ ਅਕਾਡਮੀ ਵਲੋਂ ਜਾਰੀ ਜਾਂ ਚੋਣ ਕਮਿਸ਼ਨ ਵਲੋਂ ਪ੍ਰਵਾਨਿਤ ਕੋਈ ਪਛਾਣ ਪੱਤਰ ਜ਼ਰੂਰ ਹੋਣਾ ਚਾਹੀਦਾ ਹੈ। ਅਜਿਹੇ ਸਬੂਤ ਤੋਂ ਬਿਨਾਂ ਮੈਂਬਰ ਨੂੰ ਵੋਟ ਪਾਉਣ ਦਾ ਅਧਿਕਾਰ ਨਹੀਂ ਹੋਵੇਗਾ।" ਵੋਟ ਦੀ ਪਰਚੀ ਜਾਰੀ ਕਰਨ ਸਮੇਂ ਕੋਈ ਪਛਾਣ ਪੱਤਰ ਦੇਖਿਆ ਤੱਕ ਨਹੀਂ ਗਿਆ। ਪਿਛਲੇ ਸਾਲਾਂ ਵਿਚ ਅਕਾਡਮੀ ਦੀ ਚੋਣ ਸਮੇਂ ਇਕ ਨਾਮਜ਼ਦ ਵਿਅਕਤੀ ਵੋਟ ਪਾਉਣ ਵਾਲੇ ਦਾ ਨਾਂ ਅਕਾਡਮੀ ਦੇ ਰਿਕਾਰਡ ਵਿਚ ਰੱਖੀਆਂ ਫੋਟੋ ਨਾਲ ਮੇਲ ਕੇ ਦੇਖਣ ਉਪਰੰਤ ਹੀ ਵੋਟ ਪਾਉਣ ਦੀ ਆਗਿਆ ਦਿੰਦਾ ਸੀ। ਇਸ ਬਾਰੇ ਚੋਣਾਂ ਹਰ ਹਾਲਤ ਜਿੱਤਣ ਲਈ ਇਸ ਧਾਂਦਲੀ ਦੇ ਬਾਵਜੂਦ, ਨਤੀਜਿਆਂ ਦੇ ਸਿੱਟੇ ਸਦਕਾ ਅਕਾਡਮੀ ਪ੍ਰਬੰਧਕਾਂ ਦੀ ਇੱਛਾ ਦੇ ਉਲਟ ਹੀ ਗਏ।

ਏਥੇ ਨਵੀਂ ਚੁਣੀ ਗਈ ਅਕਾਡਮੀ ਦੀ ਕਾਰਜਕਾਰਨੀ ਤੋਂ ਅਸੀਂ ਮੰਗ ਕਰਦੇ ਹਾਂ ਕਿ ਇਸ ਵਾਰ ਦੀ ਚੋਣ ਵਿਚ ਚੋਣ ਅਧਿਕਾਰੀ ਦੀ ਗ਼ੈਰ ਹਾਜ਼ਰੀ ਤੋਂ ਲੈ ਕੇ ਵੋਟਾਂ ਪਾਉਣ ਸਮੇਂ ਸ਼ਨਾਖਤੀ ਸਬੂਤ ਨਾ ਦੇਖਣ ਕਾਰਨ, ਗ਼ੈਰ ਮੈਂਬਰਾਂ ਜਾਂ ਸਵਾਰਥੀ ਮੈਂਬਰਾਂ ਦੀ ਵੋਟ ਪਾਏ ਜਾਣ ਦੀ ਪੜਤਾਲ ਕਰਵਾਈ ਜਾਵੇ। ਇਸ ਪੜਤਾਲ ਨੂੰ ਕਰਨ ਵਾਲੇ ਨਿਯੁਕਤ ਕੀਤੇ ਗਏ ਕਿਸੇ ਨਿਰਪੱਖ ਮੈਂਬਰ ਅੱਗੇ ਚੋਣ ਅਧਿਕਾਰੀ ਅਤੇ ਸਾਬਕਾ ਕਮੇਟੀ ਦੇ ਮੁੱਖ ਅਹੁਦੇਦਾਰਾਂ ਨੂੰ ਪੇਸ਼ ਹੋਣ ਦੀ ਹਦਾਇਤ ਕੀਤੀ ਜਾਵੇ। ਅਜਿਹਾ ਨਾ ਕੀਤਾ ਜਾਣਾ, ਅਕਾਡਮੀ ਦੀ ਪ੍ਰਤਿਸ਼ਠਾ ਨੂੰ ਡਾਹਢੀ ਢਾਅ ਲਾਵੇਗਾ।



ਅਸੀਂ ਅਦਾਰਾ 'ਚਿਰਾਗ਼' ਵਲੋਂ ਇਹ ਮੰਗ ਕਰਦੇ ਹਾਂ ਕਿ ਅਕਾਡਮੀ ਨੂੰ ਬਣੇ ਜਮੂਦ ਵਿਚੋਂ ਕੱਢਣ ਲਈ ਅਮਲਯੋਗ ਪ੍ਰੋਗਰਾਮ ਬਣਾਇਆ ਜਾਵੇ। ਅਕਾਡਮੀ ਦੇ ਲੰਘੇ ਛੇ ਸਾਲਾਂ ਦੇ ਖ਼ਰਚਾਂ ਦੀ ਜਾਂਚ ਕਰਵਾਏ ਜਾਵੇ। ਅਕਾਡਮੀ ਦੇ ਸਾਰੇ ਕਾਰਜਾਂ ਨੂੰ ਜਮਹੂਰੀ ਢੰਗ ਨਾਲ ਅਮਲ ਵਿਚ ਲਿਆਂਦਾ ਜਾਵੇ ਅਤੇ ਇਸ ਦੇ ਖਰਚਾਂ ਨੂੰ ਪਾਰਦਰਸ਼ੀ ਬਣਾਇਆ ਜਾਵੇ। ਅਦਾਰਾ 'ਚਿਰਾਗ਼' ਅਕਾਡਮੀ ਲਈ ਆਪਨੀਆਂ ਸੇਵਾਵਾਂ ਹਾਜ਼ਰ ਕਰਦਿਆਂ ਇਹ ਅਪੀਲ ਵੀ ਕਰਦਾ ਹੈ ਕਿ ਚੰਗਾ ਹੋਵੇਗਾ ਜੇਕਰ ਭਾਸ਼ਾ, ਸਭਿਆਚਾਰ ਨੂੰ ਵਿਸ਼ਵੀਕਰਨ ਵਲੋਂ ਦਰਪੇਸ਼ ਵੰਗਾਰਾਂ ਦਾ ਟਾਕਰਾ, ਕੇਂਦਰੀ ਪੰਜਾਬੀ ਲੇਖਕ ਸਭਾ ਨਾਲ ਮਿਲ ਕੇ ਕੀਤਾ ਜਾਵੇ। ਅਕਾਡਮੀ ਦੀ ਕਿਰਿਆਸ਼ੀਲਤਾ ਦਾ ਪਿੰਡਾਂ ਦੇ ਵਿਚ ਵਸਦੇ ਲੋਕਾਂ ਤੱਕ ਪਸਾਰ ਕੀਤਾ ਜਾਵੇ। ਨਵੀਂ ਚੁਣੀ ਗਈ ਸਮੁੱਚੀ ਟੀਮ ਨੂੰ ਵਧਾਈ ਦਿੰਦੇ ਹੋਏ ਅਸੀਂ ਆਸ ਕਰਦੇ ਹਾਂ ਕਿ ਉਹ ਪੰਜਾਬੀ-ਪ੍ਰੇਮੀਆਂ ਦੀਆਂ ਆਸਾਂ-ਉਮੀਦਾਂ ਉੱਤੇ ਪੂਰੀ ਉਤਰੇਗੀ। •

## 2. ਸੰਗੀਤ ਅਕਾਡਮੀ ਦਾ ਦੀਵਾਲਾ

ਪਿਛਲੇ ਸਮੇਂ ਵਿਚ ਰਾਜਿਆਂ ਦੀ ਲੀਲਾ ਨਿਆਰੀ ਹੁੰਦੀ ਸੀ। ਸਧਾਰਨ ਬੰਦੇ ਦੀ ਸਮਝ ਤੋਂ ਦੂਰ ਹੀ ਰਹਿੰਦੀ ਸੀ, ਜੇਕਰ ਰਾਜੇ ਕਿਸੇ ਤੇ ਦਿਆਲ ਹੁੰਦੇ ਤਾਂ ਕਈ ਪੀੜ੍ਹੀਆਂ ਤਾਰ ਦਿੰਦੇ, ਜੇ ਕਰੋਪ ਹੁੰਦੇ ਕਈ ਕੁਲਾਂ ਗਾਲ਼ ਦਿੰਦੇ। ਅਜੋਕੇ ਰਾਜੇ ਜਿਨਾ ਨੂੰ ਵਜ਼ੀਰ ਵਜ਼ੀਰਨੀਆਂ ਕਹਿੰਦੇ ਹਨ। ਉਹਨਾਂ ਦਾ ਸੁਭਾਅ ਵੀ ਰਾਜਿਆਂ ਵਰਗਾ ਹੈ। ਆਮ ਤੌਰ 'ਤੇ ਉਹ ਰੁੱਝੇ ਰਹਿੰਦੇ ਸਨ। ਆਖ਼ਰ ਰਾਜ ਕਰਨਾ ਕਿਹੜਾ ਸੌਖਾ ਹੈ। ਪ੍ਰੰਤੂ ਕਦੇ ਕਦਾਈਂ ਕਿਸੇ ਪਾਸੇ ਮਿਹਰ ਦੀ ਨਜ਼ਰ ਕਰ ਹੀ ਲੈਂਦੇ ਹਨ।

ਬੀਤੇ ਦਿਨੀਂ ਕਪੂਰਥਲੇ ਵਾਲੀ ਵਜ਼ੀਰ ਬੀਬੀ ਨੂੰ ਅਚਾਨਕ ਖ਼ਿਆਲ ਆਇਆ ਕਿ ਇਕ ਮਹਿਕਮਾ ਅਜਿਹਾ ਹੈ ਜਿਸਨੂੰ ਭਾਸ਼ਾ ਵਿਭਾਗ ਕਹਿੰਦੇ ਹਨ। ਉਹ ਵੀ ਉਸਦੇ ਅਧੀਨ ਹੈ, ਜਿਸ ਰਾਹੀਂ ਕਈ ਕੰਮ ਕੀਤੇ ਜਾ ਸਕਦੇ ਹਨ। ਖ਼ਾਸ ਕਰਕੇ ਲੇਖਕ ਕਹਾਉਂਦੇ ਜੀਵਾਂ ਨੂੰ ਪੱਠੇ ਪਾਏ ਜਾ ਸਕਦੇ ਹਨ। ਇਹ ਪੱਠੇ ਜੇਕਰ ਕਿਸੇ ਦੀਆਂ ਲਾਲਾਂ ਪੂੰਝ ਕੇ ਕੁਝ ਹਰੇ ਪੱਠੇ ਉਹਦੇ ਮੂਹਰੇ ਸੁੱਟ ਦਿੱਤੇ ਜਾਣ ਤਾਂ ਉਹ ਬੀਬੀ ਵੱਲ ਪਿੱਠ ਕਰੇ ਬਿਨਾਂ ਫਰਸ਼ੀ ਸਲਾਮ ਕਰਦਾ ਘਰ ਜਾਵੇਗਾ ਅਤੇ ਸਾਰੇ ਰਾਹ ਬੀਬੀ ਦੇ ਸੋਹਲੇ ਗਾਉਂਦਾ ਰਹੇਗਾ। ਇਸ ਦਾ ਇਕ ਲਾਭ ਇਹ ਹੋਵੇਗਾ ਕਿ ਕਈਆਂ ਹੋਰਾਂ ਦੀਆਂ ਲਾਲਾਂ ਡਿੱਗਣ ਲੱਗ ਜਾਣਗੀਆਂ ਅਤੇ ਉਹ ਬੀਬੀ ਦੀ ਮਿਹਰ ਦੀ ਨਜ਼ਰ ਲਈ ਡੰਡੌਤ ਕਰਕੇ ਬੀਬੀ ਦੇ ਰਾਹ ਤੇ ਲੇਟੇ ਰਹਿਣਗੇ ਅਤੇ ਸੁਪਨੇ ਲੈਣਗੇ ਬੀਬੀ ਕਦੋਂ ਮਿਹਰ ਦੀ ਨਜ਼ਰ ਉਹਨਾਂ ਤੇ ਸਿੱਟਦੀ ਹੈ।

ਤੁਸੀਂ ਸਿਆਣੇ ਹੋ। ਸਾਡੀ ਗੱਲ ਸਮਝ ਗਏ ਹੋਵੋਗੇ ਕਿ ਅਸੀਂ ਸਭਿਆਚਾਰ ਮੰਤਰੀ ਬੀਬੀ ਉਪਿੰਦਰਜੀਤ ਦੀ ਗੱਲ ਕਰਦੇ ਹਾਂ। ਪਿਛਲੇ ਦਿਨੀਂ ਜਲੇਬੀ ਵਰਗਾ ਬਿਆਨ ਦਾਗ ਕੇ ਸਭ ਦਾ ਧਿਆਨ ਆਪਨੇ ਵੱਲ ਖਿੱਚ ਲਿਆ। ਜਦੋਂ ਕਿ ਸਰਦਾਰ ਬਾਦਲ ਦੇ ਸੌ ਬਿਆਨ ਵੀ ਅਜਿਹਾ ਕਰਨ ਦੇ ਅਸਮਰੱਥ ਸਨ। ਇਸ ਬਿਆਨ ਨਾਲ ਸਾਰੇ ਛੋਟੇ-ਵੱਡੇ ਲੇਖਕਾਂ ਨੇ ਆਪਨੇ ਕੰਨ ਖੜ੍ਹੇ ਕਰ ਲਏ ਅਤੇ ਮੂਹ ਅੱਡ ਪੂਛਾਂ ਹਿਲਾਉਣ ਲੱਗ ਪਏ। ਵੱਡਿਆਂ ਨੂੰ ਤਾਂ ਪਤਾ ਹੀ ਹੈ ਕਿ ਢਾਈ ਲੱਖ ਤੇ ਪੰਜ ਲੱਖ ਸਾਡੇ ਵਿਚੋਂ ਹੀ ਕਿਸੇ ਨੂੰ ਮਿਲਣਾ ਹੈ। ਛੋਟਿਆਂ ਨੇ ਇਸ

ਕਰਕੇ ਕਿ ਜੇ ਲੁੱਡੂ ਭੂਰੂ ਤਾਂ ਕੁਝ ਭੋਰੇ ਤਾਂ ਡਿੱਗਣਗੇ ਹੀ। ਸਾਡੇ ਲਈ ਇਹੋ ਕਾਫ਼ੀ ਹੈ। ਉਂਝ ਲੇਖਕਾਂ ਦੀ ਨਸਲ ਦੇ ਮਾਹਿਰ ਦੱਸਦੇ ਹਨ ਕਿ ਇਹਨਾਂ ਵਿਚੋਂ ਕੋਈ ਵੀ ਆਪਣੇ ਆਪ ਤੋਂ ਕਿਸੇ ਨੂੰ ਵੱਡਾ ਨਹੀਂ ਮੰਨਦੇ। ਸਰਕਾਰੀ ਇਨਾਮਾਂ ਬਾਰੇ ਸਾਰੇ ਜਾਣਦੇ ਹਨ ਕਿ ਸਰਕਾਰੀ ਐਲਾਨ ਵੇਲੇ ਮਿੱਥ ਲਿਆ ਜਾਂਦਾ ਹੈ ਕਿ ਕਿਸਨੂੰ ਦੇਣਾ ਹੈ? ਦੂਜਿਆਂ ਦੇ ਕੇਵਲ ਸੁਪਨੇ ਹੀ ਹਨ, ਖ਼ਾਸ ਕਰਕੇ ਉਹਨਾਂ ਦੇ ਜਿਹੜੇ ਸਰਕਾਰੇ ਦਰਬਾਰੇ ਡੰਡੌਤ ਨਹੀਂ ਕਰਦੇ ਤੇ ਨਾ ਸੋਹਲੇ ਗਾਉਂਦੇ ਹਨ। ਸਾਨੂੰ ਇਸ ਗੱਲ ਦੀ ਖ਼ੁਸ਼ੀ ਹੈ ਕਿ ਬੀਬੀ ਮਿਹਰ ਕਰੂ ਤਾਂ ਸਾਡੇ ਕਿਸੇ ਭਰਾ ਦੇ ਦੁੱਖ ਦੂਰ ਹੋਣਗੇ ਪਰੰਤੂ ਸਾਨੂੰ ਇਕ ਸ਼ੰਕਾ ਹੈ ਕਿ ਬੀਬੀ ਦੇ ਬਿਆਨ ਦਾ ਵੀ ਉਹੋ ਹਸ਼ਰ ਨਾ ਹੋਵੇ ਜਿਹੜਾ ਪਿਛਲੇ ਸਾਲਾਂ ਵਿਚ ਪੰਜਾਬ ਸੰਗੀਤ ਅਕਾਡਮੀ ਦੇ ਬਿਆਨਾਂ ਦਾ ਹੋਇਆ ਹੈ। ਅਕਾਡਮੀ ਨੇ 2006 ਤੋਂ ਪਿਛੋਂ ਕਿਸੇ ਨੂੰ ਕੋਈ ਇਨਾਮ ਨਹੀਂ ਦਿੱਤਾ ਜਦੋਂ ਕਿ ਪਹਿਲਾਂ ਇਹ ਤੀਹ-ਤੀਹ ਹਜ਼ਾਰ ਦਿੰਦੀ ਰਹੀ ਹੈ। ਅੱਜ ਦੇ ਅਖ਼ਬਾਰਾਂ ਦੀ ਖ਼ਬਰ ਹੈ ਕਿ ਵਿਚਾਰੀ ਅਕਾਡਮੀ ਦਾ ਦੀਵਾਲਾ ਨਿਕਲ ਗਿਆ ਹੈ। ਉਸ ਕੋਲ ਕੋਈ ਪੈਸਾ ਨਹੀਂ ਹੈ।

## 3. ਪੀਲੇ ਤੋਂ ਕਾਲਾ

ਅਸੀਂ ਪਹਿਲਾਂ ਵੀ ਲਿਖਿਆ ਸੀ ਕਿ ਭਾਰਤੀ ਜਨਤਾ ਪਾਰਟੀ ਅਪਣਾ ਫ਼ਿਰਕੂ ਤੇ ਮੂਲਵਾਦੀ ਚਿਹਰਾ ਹੌਲੀ-ਹੌਲੀ ਨੰਗਾ ਕਰਦੀ ਜਾ ਰਹੀ ਹੈ। ਪਹਿਲਾਂ ਪੰਜਾਬ ਦੀ ਸਿਹਤ ਮੰਤਰੀ ਲਕਸ਼ਮੀ ਕਾਂਤਾ ਚਾਵਲਾ ਨੇ ਵਿਧਾਨ ਸਭਾ ਦੀ ਮੈਂਬਰ ਹੋਣ ਦੀ ਸੌਂਹ ਹਿੰਦੀ ਵਿਚ ਚੁੱਕੀ, ਪਿੱਛੋਂ ਵਜ਼ੀਰ ਬਣਨ ਵੇਲੇ ਸੰਸਕ੍ਰਿਤ ਵਿਚ ਸੌਂਹ ਚੁੱਕੀ। ਜਦੋਂ ਕਿ ਉਹ ਪੰਜਾਬੀ ਹੈ ਤੇ ਉਸਦੀ ਮਾਤ-ਭਾਸ਼ਾ ਵੀ ਪੰਜਾਬੀ ਹੈ। ਉਸਨੇ ਵੋਟਾਂ ਵੀ ਪੰਜਾਬੀ ਵਿਚ ਮੰਗੀਆਂ ਸਨ। ਕੇਵਲ ਇਹ ਦੱਸਣ ਲਈ ਉਹ ਰਾਸ਼ਟਰੀ ਸੰਘ ਦੀ ਕੱਟੜ ਮੈਂਬਰ ਹੈ, ਅਜਿਹਾ ਕੀਤਾ। ਹਕੀਕਤ ਵਿਚ ਰਾਸ਼ਟਰੀ ਸੰਘ ਤੇ ਉਲਟੇ ਰਾਜਨੀਤਕ ਵਿੰਗ ਭਾਰਤੀ ਜਨਤਾ ਪਾਰਟੀ ਨੇ ਕਦੇ ਵੀ ਪੰਜਾਬ ਨੂੰ ਅਪਣਾ ਨਹੀਂ ਸਮਝਿਆ ਤੇ ਨਾ ਇੱਕ ਭਾਸ਼ੀ ਪ੍ਰਵਾਨ ਕੀਤਾ ਹੈ। ਉਹਨਾਂ ਦੀ ਸਦਾ ਹੀ ਨੀਅਤ ਹੁੰਦੀ ਹੈ ਕਿ ਕਿਵੇਂ ਨਾ ਕਿਵੇਂ ਹਿੰਦੀ ਨੂੰ ਹੀ ਵਧਾਵਾ ਦਿੱਤਾ ਜਾਵੇ। ਇਹੋ ਕਾਰਨ ਹੈ ਕਿ ਉਹਨਾਂ ਦੀ ਸ਼ਹਿ ਤੇ ਇਕ ਪ੍ਰਾਈਵੇਟ ਸਕੂਲ ਨੇ ਪੰਜਾਬੀ ਉੱਕਾ ਹੀ ਛੱਡ ਦਿੱਤੀ ਸੀ। ਭਾਰਤੀ ਜਨਤਾ ਪਾਰਟੀ ਚੰਗੀ ਤਰ੍ਹਾਂ ਜਾਣਦੀ ਹੈ ਕਿ ਹੁਣ ਪੰਜਾਬ ਵਿਚ ਅਕਾਲੀ ਉਹਦੀ ਹਮਾਇਤ ਤੋਂ ਬਿਨਾਂ ਰਾਜ ਨਹੀਂ ਕਰ ਸਕਦੇ। ਇਸ ਲਈ ਉਹ ਅਕਾਲੀਆਂ ਦੀ ਗੱਦੀ ਤੇ ਬਣੇ ਰਹਿਣ ਦੀ ਲਾਲਸਾ ਦਾ ਪੂਰਨ ਲਾਭ ਲੈਂਦੀ ਹੈ ਅਤੇ ਅਕਾਲੀਆਂ ਦੇ ਆਸਰੇ ਦਿਨੋ-ਦਿਨ ਆਪਣੇ ਆਪ ਨੂੰ ਤਕੜਿਆਂ ਕਰ ਰਹੀ ਹੈ। ਉਹ ਸਰਕਾਰੀ ਨੀਤਆਂ ਨੂੰ ਪ੍ਰਭਾਵਿਤ ਕਰਕੇ ਆਪਣੇ ਹੱਕ ਵਿਚ ਮੋੜਨ ਦਾ ਹਰ ਸਮੇਂ ਯਤਨ ਕਰਦੀ ਪ੍ਰੰਤੂ ਬਦਕਿਸਮਤੀ ਦੀ ਗੱਲ ਹੈ ਕਿ ਅਕਾਲੀ ਲੀਡਰ ਐਨੇ ਲੋਲ੍ਹੇ ਹਨ ਕਿ ਉਹਨਾਂ ਨੂੰ ਭਾਰਤੀ ਜਨਤਾ ਪਾਰਟੀ ਦੇ ਦੂਰ ਰਸ ਟੀਚਿਆਂ ਦੀ ਸਮਝ ਨਹੀਂ ਆਉਂਦੀ। ਇਹੋ ਕਾਰਨ ਹੈ ਕਿ ਪਿਛਲੇ ਦਿਨੀਂ ਪੰਜਾਬ ਅਸੈਂਬਲੀ ਵਿਚ ਇਕ ਭਾਰਤੀ ਜਨਤਾ ਪਾਰਟੀ ਦੇ ਮੈਂਬਰ ਨੇ ਮੂਲਵਾਦ ਵੱਲ ਇਕ ਹੋਰ ਕਦਮ ਪੁੱਟਿਆ ਪ੍ਰੰਤੂ ਉਹਨੇ ਅਜਿਹਾ ਕਰਕੇ ਆਪਣੇ ਸੂਝ ਤੇ ਵਿਦਵਤਾ ਦਾ ਤਾਂ ਦੀਵਾਲਾ ਕੱਢਿਆ ਹੀ ਹੈ, ਨਾਲ ਹੀ ਮੁੱਖ ਮੰਤਰੀ ਦੀ ਵਿਦਵਤਾ ਦਾ ਵੀ ਦੀਵਾਲਾ ਕੱਢ ਦਿੱਤਾ ਹੈ।



ਫਿਰੋਜ਼ਪੁਰ ਤੋਂ ਜਿੱਤੇ ਸੁਰਜੀਤ ਜਿਆਲੀ ਨੇ ਅਸੈਂਬਲੀ ਵਿਚ ਮੰਗ ਰੱਖੀ ਕਿ ਸੰਸਾਰ ਪ੍ਰਸਿੱਧ ਤਰਕਸ਼ੀਲ ਡਾਕਟਰ ਕਾਬੂਰ ਤੇ ਹੋਰ ਤਰਕਸ਼ੀਲਾਂ ਦੀਆਂ ਲਿਖਤਾਂ ਜ਼ਬਤ ਕੀਤੀਆਂ ਜਾਣ ਅਤੇ ਉਲਥਾਕਾਰਾਂ ਤੇ ਲੇਖਕਾਂ ਨੂੰ ਸਜ਼ਾਵਾਂ ਦਿੱਤੀਆਂ ਜਾਣ ਕਿਉਂਕਿ ਇਹਨਾਂ ਵਿਚ ਹਿੰਦੂ ਦੇਵਤਿਆਂ ਦੀ ਹੱਤਕ ਕੀਤੀ ਗਈ ਹੈ। ਜਿਵੇਂ ਕਹਾਵਤ ਹੈ ਕਿ ਅੰਨ੍ਹੇ ਨੂੰ ਹਨ੍ਹੇਰੇ ਵਿਚ ਦੂਰ ਦੀ ਸੁੱਝੀ। ਇਹੋ ਹਾਲ ਜਿਆਲੀ ਸਾਹਿਬ ਦਾ ਹੈ। ਜਿਨ੍ਹਾਂ ਲਿਖਤਾਂ ਦਾ ਜ਼ਿਕਰ ਉਹਨੇ ਕੀਤਾ ਹੈ। ਉਹ ਪੁਸਤਕ ਵੱਖ-ਵੱਖਰੇ ਦੇਸ਼ਾਂ ਵਿਚ ਉਹਨਾਂ ਦੀਆਂ ਬੋਲੀਆਂ ਵਿਚ ਛਪ ਰਹੀਆਂ ਹਨ। ਪੰਜਾਬ ਵਿਚ ਵੀ ਇਹ ਪੁਸਤਕਾਂ ਪਿਛਲੇ ਪੰਜਾਹ ਸਾਲ ਤੋਂ ਪੰਜਾਬੀ ਹਿੰਦੀ, ਅੰਗਰੇਜ਼ੀ ਤੇ ਹੋਰ ਭਾਸ਼ਾਵਾਂ ਵਿਚ ਛਪ ਰਹੀਆਂ ਹਨ ਤੇ ਇਹਨਾਂ ਦੀਆਂ ਕਈ-ਕਈ ਐਡੀਸ਼ਨਾਂ ਛਪ ਚੁੱਕੀਆਂ ਹਨ। ਤਰਕਸ਼ੀਲ ਇਹਨਾਂ ਲਿਖਤਾਂ ਤੇ ਆਪਣੀਆਂ ਲਿਖਤਾਂ ਦਾ ਖੁੱਲੇਆਮ ਪ੍ਰਚਾਰ ਕਰ ਰਹੇ ਹਨ। ਉਹਨਾਂ ਨੇ ਇਹਨਾਂ ਲਿਖਤਾਂ ਤੇ ਅਧਾਰਿਤ ਨਾਟਕ, ਗੀਤ ਤੇ ਕੋਰੀਓਗ੍ਰਾਫੀਆਂ ਤਿਆਰ ਕੀਤੀਆਂ ਹਨ। ਇਹਨਾਂ ਨੂੰ ਸਟੇਜਾਂ ਤੇ ਪੇਸ਼ ਕਰਕੇ ਹਜ਼ਾਰਾਂ ਲੋਕਾਂ ਨੂੰ ਵਹਿਮਾਂ-ਭਰਮਾਂ ਅਤੇ ਅੰਧਵਿਸ਼ਵਾਸਾਂ ਦੀ ਦਲਦਲ ਵਿਚੋਂ ਕੱਢਿਆ ਹੈ। ਇਹ ਸਾਰਾ ਕੁਝ ਕਾਨੂੰਨ ਦੇ ਦਾਇਰੇ ਅੰਦਰ ਹੀ ਕੀਤਾ ਹੈ। ਪ੍ਰੰਤੂ ਕਦੇ ਕਿਸੇ ਨੂੰ ਇਹਨਾਂ ਵਿਰੁੱਧ ਕੁਝ ਕਹਿਣ ਦੀ ਹਮਾਕਤ ਨਹੀਂ ਕੀਤੀ। ਵਿਚਾਰੇ ਜਿਆਲੀ ਸਾਹਿਬ ਨੂੰ ਹੁਣ ਸੁਰਤ ਆਈ ਹੈ। ਮੁੱਖ ਮੰਤਰੀ ਨੇ ਬਿਨਾਂ ਕਿਸੇ ਜਾਣਕਾਰੀ ਦੇ ਹਾਂ ਕਰ ਦਿੱਤੀ ਹੈ।

ਦਰਅਸਲ ਹਕੀਕਤ ਇਹ ਹੈ ਕਿ ਮੂਲਵਾਦੀ ਤੇ ਖ਼ਾਸ ਕਰਕੇ ਹਿੰਦੂ ਮੂਲਵਾਦੀ ਮੁੱਢ ਤੋਂ ਹੀ ਤਰਕ ਦੇ ਦੁਸ਼ਮਣ ਰਹੇ ਹਨ। ਇਹਨਾਂ ਨੂੰ ਪਤਾ ਹੈ ਕਿ ਰੇਤ ਦੀਆਂ ਨੀਹਾਂ ਤੇ ਖੜ੍ਹੇ ਉਹਨਾਂ ਦੇ ਮਿਥਕ ਗੱਪ, ਤਰਕ ਦੀ ਮਾਰ ਨਹੀਂ ਝੱਲ ਸਕਦੇ। ਇਸੇ ਕਾਰਨ ਪੁਰਾਣੇ ਸਮੇਂ ਵਿਚ ਜਿਸ ਸਮੇਂ ਮੂਲਵਾਦੀਆਂ ਦੇ ਹੱਥ ਤਾਕਤ ਸੀ ਤਾਂ ਇਹਨਾਂ ਨੇ ਤਰਕਸ਼ਾਸਤਰੀਆਂ ਤੇ ਜਬਰ ਕੀਤਾ ਤੇ ਤਰਕ ਸ਼ਾਸਤਰਾਂ ਨੂੰ ਫੂਕ ਸਵਾਹ ਕਰ ਦਿੱਤਾ। ਪ੍ਰੰਤੂ ਸਮੇਂ-ਸਮੇਂ ਤਰਕਵਾਦੀ ਲਹਿਰਾਂ ਉੱਠਦੀਆਂ ਰਹੀਆਂ। ਸਿੱਖ ਧਰਮ ਤੇ ਆਰੀਆ ਸਮਾਜੀ ਬਹੁਤੀਆਂ ਪੁਰਾਣੀਆਂ ਮਿਥਕ ਗੱਲਾਂ ਨੂੰ ਪ੍ਰਵਾਨ ਨਹੀਂ ਕਰਦੇ।

ਸਾਡਾ ਦੇਸ਼ ਅੱਜ ਜਮਹੂਰੀ ਦੇਸ਼ ਹੈ। ਇਥੇ ਹਰ ਇੱਕ ਨੂੰ ਲਿਖਣ ਬੋਲਣ ਦੀ ਆਜ਼ਾਦੀ ਹੈ। ਜਿੱਥੇ ਹਿੰਦੂ ਮੂਲਵਾਦੀ ਇਸਦਾ ਲਾਭ ਲੈ ਰਹੇ ਹਨ, ਉੱਥੇ ਤਰਕਸ਼ੀਲ ਵੀ ਅਜਿਹਾ ਕਰ ਰਹੇ ਹਨ। ਅਸੀਂ ਪੰਜਾਬ ਸਰਕਾਰ ਨੂੰ ਦੱਸਣਾ ਚਾਹੁੰਦੇ ਹਾਂ ਕਿ ਜੇ ਸਰਕਾਰ ਜਿਆਲੀ ਦੇ ਮਗਰ ਲੱਗ ਕੇ ਕੋਈ ਕਦਮ ਚੁੱਕੇਗੀ ਤਾਂ ਇਸਦੀ ਮੂਰਖਤਾ ਹੋਵੇਗੀ। ਦੇਸ਼ ਦੇ ਜਮਹੂਰੀਅਤ ਪਸੰਦ ਇਸਦਾ ਡੱਟ ਕੇ ਵਿਰੋਧ ਕਰਨਗੇ। ਪੰਜਾਬੀ ਲੇਖਕਾਂ ਨੂੰ ਹੁਣੇ ਤੋਂ ਹੀ ਇਸ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ ਕਿਉਂਕਿ ਪਹਿਲਾਂ ਬੀਬੀ ਲਕਸ਼ਮੀ ਕਾਂਤਾ ਚਾਵਲਾ ਨੂੰ ਤਾਂ ਕੇਵਲ ਪੀਲੀਆ ਹੀ ਸੀ ਪ੍ਰੰਤੂ ਜਿਆਲੀ ਸਾਹਿਬ ਨੂੰ ਤਾਂ ਕਾਲਾ ਪੀਲੀਆ ਹੋ ਗਿਆ, ਜਿਹੜਾ ਪੀਲੀਏ ਨਾਲੋਂ ਕਈ ਗੁਣਾ ਖ਼ਤਰਨਾਕ ਹੁੰਦਾ ਹੈ।

## 4. ਏਕਤਾ ਦੀ ਲੋੜ

ਅਜੋਕਾ ਸਮਾਂ ਸਰਵਪੱਖੀ ਸੰਕਟ ਦਾ ਹੈ। ਹਰ ਖੇਤਰ ਰਾਜਸੀ ਆਰਥਿਕ, ਸਾਹਿਤਕ ਤੇ ਸਭਿਆਚਾਰਕ ਖੇਤਰ ਸੰਕਟ ਗ੍ਰਸਤ ਹੈ। ਪਿਛਲੇ ਸਮੇਂ ਕਿਰਤੀਆਂ ਤੇ ਮੁਲਾਜ਼ਮਾਂ ਨੂੰ ਸੋਝੀ

ਆਈ ਹੈ। ਉਹ ਵਿਸ਼ਾਲ ਏਕੇ ਵੱਲ ਤੁਰੇ ਹਨ। ਉਹਨਾਂ ਨੇ ਵੱਖ-ਵੱਖ ਯੂਨੀਅਨਾਂ ਨੂੰ ਇਕੱਠੇ ਕਰਕੇ ਸਾਂਝੀਆਂ ਐਕਸ਼ਨ ਕਮੇਟੀਆਂ ਬਣਾਈਆਂ ਤੇ ਸੰਘਰਸ਼ ਰਾਹੀਂ ਪ੍ਰਾਪਤੀਆਂ ਵੀ ਕੀਤੀਆਂ ਹਨ। ਕਿਸਾਨਾਂ ਨੇ ਵੀ ਕਈ ਜਿੱਤਾਂ ਜਿੱਤੀਆਂ ਹਨ ਪ੍ਰੰਤੂ ਲੇਖਕ ਜਿਹੜੇ ਦੂਜਿਆਂ ਨਾਲੋਂ ਸੂਝਵਾਨ ਤੇ ਸੰਵੇਦਨਸ਼ੀਲ ਹੋਣ ਦਾ ਦਾਅਵਾ ਕਰਦੇ ਹਨ। ਇਸ ਗੱਲੋਂ ਉੱਕਾ ਹੀ ਅਵੇਸਲੇ ਹਨ ਕਿ ਜੇ ਇਹ ਵੀ ਕਿਹਾ ਜਾਵੇ ਕਿ ਲੇਖਕਾਂ ਵਿਚ ਇਕ ਤਕੜਾ ਅਨਸਰ ਅਜਿਹਾ ਵੀ ਉੱਗ ਆਇਆ ਹੈ। ਜਿਸ ਦਾ ਅਪਣਾ ਕੋਈ ਅਸੂਲ ਨਹੀਂ, ਨਾ ਕੋਈ ਸਿਧਾਂਤ ਹੈ। ਉਹ ਆਪਾ ਚਮਕਾਉਣ, ਹਉਮੈ ਨੂੰ ਪੱਠੇ ਪਾਉਣ ਤੇ ਚੌਧਰੀ ਬਣਨ ਲਈ ਹਰ ਹਰਬਾ ਵਰਤ ਰਿਹਾ ਹੈ। ਉਹ ਅਪਣੇ ਵਰਗੇ ਕੁਝ ਨੂੰ, ਇਕੱਠੇ ਕਰਕੇ ਢਾਈ ਇੱਟਾਂ ਦੀ ਮਸਜਿਦ ਉਸਾਰ ਬਹਿੰਦਾ ਹੈ। ਪ੍ਰੰਤੂ ਕੁਝ ਦਿਨਾਂ ਉਪਰੰਤ ਢਾਈ ਦੀ ਇੱਕ ਇੱਟ ਹੀ ਰਹਿ ਜਾਂਦੀ ਹੈ। ਇਹ ਅਮਲ ਮੁੜ-ਮੁੜ ਵਾਪਰਦਾ ਹੈ। ਕੁਝ ਹੋਰ ਜਿਨ੍ਹਾਂ ਕੋਲ ਬਰਬਾਦ ਕਰਨ ਲਈ ਪੈਸੇ ਹੁੰਦੇ ਹਨ। ਅਖੌਤੀ ਪਰਚੇ ਦੇ ਨਾਂ ਤੇ ਵੱਖਰੀ ਮੰਜੀ ਡਾਹ ਬਹਿੰਦਾ ਹੈ ਅਤੇ ਆਪਣੇ ਵਰਗੇ ਅਨਾੜੀ ਕਿਸਮ ਦੇ ਲੋਕ ਆਪਣੇ ਦੁਆਲੇ ਇਕੱਠੇ ਕਰ ਲੈਂਦਾ ਹੈ। ਆਪਣੇ ਕੋਲੋਂ ਤੇ ਚੰਦਿਆਂ ਤੇ ਕੁਝ ਮੰਗ ਕੇ ਕੁਝ ਪਰਚੇ ਕੱਢਦਾ ਹੈ। ਫਿਰ ਤਮਾਸ਼ਾ ਖ਼ਤਮ ਤੇ ਪੈਸਾ ਹਜ਼ਮ ਵਾਲੀ ਗੱਲ ਕਰਕੇ ਬਹਿ ਜਾਂਦਾ ਹੈ। ਕੁਝ ਲੋਕ ਕਿਤਾਬ ਛਾਪਣ ਦੇ ਨਾਂ ਹੇਠ ਅਨਾੜੀਆਂ ਨੂੰ ਠੱਗਦੇ ਹਨ। ਇਹ ਸਾਰਾ ਕੁਝ ਉਹਨਾਂ ਲੋਕਾਂ ਬਾਰੇ ਜਿਨ੍ਹਾਂ ਨੂੰ ਅਸੀਂ ਸਮਝਦੇ ਹਾਂ ਕਿ ਉਹ ਸਾਹਿਤ ਬਾਰੇ ਗੰਭੀਰ ਨਹੀਂ ਹਨ। ਅਨਾੜੀ ਤੇ ਫੁਕਰੇ ਹਨ। ਇਹਨਾਂ ਤੋਂ ਕਿਸੇ ਗੰਭੀਰ ਕਾਰਜ ਦੀ ਆਸ ਰੱਖਣੀ ਫਜ਼ੂਲ ਹੈ। ਪ੍ਰੰਤੂ ਇਹਨਾਂ ਤੋਂ ਬਿਨਾਂ ਕੁਝ ਅਜਿਹੇ ਲੋਕ ਵੀ ਹਨ। ਜਿਹੜੇ ਗੰਭੀਰ ਹਨ ਜਾਂ ਘੱਟ-ਘੱਟ ਅਜਿਹਾ ਹੋਣ ਦਾ ਦਾਅਵਾ ਕਰਦੇ ਹਨ। ਅਸੀਂ ਇਥੇ ਉਹਨਾਂ ਦੇ ਦਾਅਵੇ ਤੇ ਕੋਈ ਕਿੰਤੂ ਪ੍ਰੰਤੂ ਨਹੀਂ ਕਰਦੇ। ਅਸੀਂ ਫਿਲਹਾਲ ਇਸ ਦਾਅਵੇ ਨੂੰ ਕਬੂਲ ਕਰ ਲੈਂਦੇ ਹਾਂ। ਪ੍ਰੰਤੂ ਗੱਲ ਕੇਵਲ ਕਥਨੀ ਤੇ ਨਹੀਂ ਮੁੱਕਦੀ। ਕਰਨੀ ਦੀ ਵੀ ਮੰਗ ਕਰਦੀ ਹੈ। ਪਿਛਲੇ ਵੀਹ ਸਾਲ ਤੋਂ ਕੇਂਦਰੀ ਲੇਖਕ ਸਭਾ ਦੋ ਫਾੜ ਹੋਈ ਹੈ। ਇਸ ਤੋਂ ਪਹਿਲਾਂ ਇਕ ਵੇਰ ਨਕਸਲੀਆਂ ਨੇ ਡਾ. ਦੁਸਾਂਝ ਦੀ ਅਗਵਾਈ ਵਿਚ ਅੱਡ ਸਭਾ ਬਣਾਈ ਸੀ ਪ੍ਰੰਤੂ ਉਹ ਤਾਂ ਛੇਤੀ ਹੀ ਮੰਨ ਗਿਆ ਸੀ। ਹੁਣ ਵਾਲੀਆਂ ਦੋਨਾਂ ਸਭਾਵਾਂ ਦੀ ਏਕਤਾ ਦੀ ਕਈ ਵੇਰ ਗੱਲ ਚੱਲੀ ਹੈ, ਪਰ ਨੇਪਰੇ ਨਹੀਂ ਚੜ੍ਹੀ। ਇਸ ਫੁੱਟ ਵਿਚੋਂ ਲਾਭ ਕਿਸੇ ਵੀ ਸਭਾ ਨੂੰ ਨਹੀਂ ਪੁੱਜਦਾ ਕੇਵਲ ਗੁੱਡੀ ਲੁੱਟਾਂ ਨੂੰ ਲਾਭ ਪੁੱਜਦਾ ਹੈ। ਇਸ ਸਾਰੇ ਸਵਾਲ ਬਾਰੇ ਅਸੀਂ ਕਿਸੇ ਵੀ ਸਭਾ ਨੂੰ ਦੋਸ਼ੀ ਨਹੀਂ ਗਰਦਾਨਦੇ। ਨੁਕਸ ਦੋਨੋਂ ਪਾਸੇ ਹੋ ਸਕਦੇ ਹਨ ਪ੍ਰੰਤੂ ਅਸੀਂ ਇਹ ਵੀ ਸਮਝਦੇ ਹਾਂ ਕਿੰ ਵਿਰੋਧ ਦੇ ਨੁਕਤੇ ਅਜਿਹੇ ਨਹੀਂ ਹਨ। ਜਿਹੜੇ ਮਿਲ ਬੈਠਣ ਤੇ ਗੱਲਬਾਤ ਰਾਹੀਂ ਹੱਲ ਨਾ ਹੋ ਸਕਣ। ਇਸ ਵਾਰ ਕੇਂਦਰੀ ਲੇਖਕ ਸਭਾ ਦੀ ਨਿਰੋਲ ਨਵੀਂ ਟੀਮ ਆਈ ਹੈ। ਜਿਸ ਦੇ ਮਨਾਂ ਅੰਦਰ ਕੋਈ ਪੁਰਾਣੀ ਸੰਕੀਰਣਤਾ ਨਹੀਂ ਹੈ। ਕੁਝ ਵੱਡੇ ਲੇਖਕਾਂ ਤੇ ਬੁੱਧੀਜੀਵੀਆਂ ਦੀ ਸਹਾਇਤਾ ਲੈ ਕੇ ਫਿਰ ਗੱਲ ਤੋਰੀ ਜਾ ਸਕਦੀ ਹੈ ਪ੍ਰੰਤੂ ਏਕਤਾ ਅਵੱਸ਼ ਹੋਣੀ ਚਾਹੀਦੀ ਹੈ। ਇਹ ਸਮੇਂ ਦੀ ਲੋੜ ਹੈ। ●

**- ਸੰਪਾਦਕੀ ਮੰਡਲ**





## ਅਖ਼ਲਾਕ ਆਤਿਫ਼ ਦੀਆਂ ਦੋ ਗ਼ਜ਼ਲਾਂ

1.

ਅਜੇ ਵੀ ਵਾਸੀਆਂ ਦਾ ਕੋਈ ਖਟਕਾ ਦੂਰ ਨਹੀਂ ਹੋਇਆ।
ਸਵੇਰਾ ਹੋ ਗਿਆ ਭਾਵੇਂ, ਹਨ੍ਹੇਰਾ ਦੂਰ ਨਹੀਂ ਹੋਇਆ।

ਅਜੇ ਨੇ ਮੇਰੀਆਂ ਅੱਖਾਂ ਦੇ ਸਾਹਮਣੇ, ਉਹਦੀਆਂ ਅੱਖਾਂ,
ਮੇਰੇ ਚਿਹਰੇ ਤੋਂ ਹਾਲੀ ਉਹਦਾ ਚਿਹਰਾ ਦੂਰ ਨਹੀਂ ਹੋਇਆ।

ਬੜੇ ਹੀ ਕੁਹਜ ਵੇਖੇ, ਬਹੁਤ ਸੁੰਦਰਤਾ ਹੰਢਾਈ ਮੈਂ,
ਮਿਰੀ ਨਜ਼ਰਾਂ ਤੋਂ ਫਿਰ ਵੀ ਪਹਿਲਾ ਸੁਫਨਾ ਦੂਰ ਨਹੀਂ ਹੋਇਆ।

ਜ਼ਮਾਨਾ ਆਖਦਾ ਏ ਜੋ ਟੁਰ ਗਏ, ਵਾਪਸ ਨਹੀਂ ਆਉਂਦੇ।
ਮਗਰ ਦਿਲ ਕਹਿ ਰਿਹਾ ਏ, ਉਹ ਬਹੁਤਾ ਦੂਰ ਨਹੀਂ ਹੋਇਆ।

ਸਿਖਰ ਤੇ ਰੂਹ ਕਿੰਝ ਆਉਂਦੀ, ਲਿਸ਼ਕਦੇ ਕਿਸ ਤਰ੍ਹਾਂ ਪਿੰਡੇ,
ਮਿਲਾਪ ਆਇਆ ਨਹੀਂ ਨੇੜੇ, ਵਿਛੋੜਾ ਦੂਰ ਨਹੀਂ ਹੋਇਆ।

ਜੇ ਹਿੰਮਤ ਮੁੱਕ ਗਈ ਏ, ਤੇ ਘੜੀ ਡੁੱਬਣ ਦੀ ਆ ਪਹੁੰਚੀ,
ਜੇ ਜਜ਼ਬੇ ਜੀਉਂਦੇ ਨੇ, ਤੇ ਕਿਨਾਰਾ ਦੂਰ ਨਹੀਂ ਹੋਇਆ।

2.

ਮੁਹੱਬਤਾਂ ਦੇ ਠਿਕਾਣੇ, ਛੋੜ ਦਿੱਤੇ।
ਤੁਸਾਂ ਸੰਗ ਵੀ ਪੁਰਾਣੇ, ਛੋੜ ਦਿੱਤੇ।
ਤੁਸਾਂ ਭਾ ਗਏ ਲੋਭੀ ਪਤਾਸੇ,
ਪ੍ਰੀਤਾਂ ਦੇ ਮਖਾਣੇ ਛੋੜ ਦਿੱਤੇ।
ਤੁਸਾਂ ਆਪੇ ਉਡੀਕਾਂ ਨੇ ਮੁਕਾਈਆਂ,
ਅਸਾਂ ਵਿਹੜੇ ਸਜਾਣੇ, ਛੋੜ ਦਿੱਤੇ।
ਤੁਸਾਂ ਸਭੇ ਬਹਾਰਾਂ ਮੋੜ ਲਈਆਂ,
ਅਸਾਂ ਮੌਸਮ ਹੰਢਾਉਣੇ, ਛੋੜ ਦਿੱਤੇ।

ਤੁਸਾਂ ਗ਼ੈਰਾਂ ਦੀ ਮੁੰਦਰੀ ਪਾ ਲਈ ਏ,
ਅਸਾਂ ਛੱਲੇ ਘੜਾਣੇ ਛੋੜ ਦਿੱਤੇ।
ਕਿਸੇ ਨੇ ਖੋਹ ਲਿਆ ਮਾਹੀ ਅਸਾਡਾ,
ਅਸਾਂ ਮਾਹੀਏ ਹੀ ਗਾਣੇ, ਛੋੜ ਦਿੱਤੇ।
ਜਦੋਂਕਾ ਵੇਖਿਆ ਪ੍ਰਦੇਸ਼ ਆਤਿਫ਼,
ਅਸਾਂ ਪੰਖੂ ਉਡਾਣੇ ਛੋੜ ਦਿੱਤੇ।

# ਗੁਰਦੀਪ ਦੀਆਂ ਦੋ ਗ਼ਜ਼ਲਾਂ

1.

ਵਣਜ 'ਚੋਂ ਤੂੰ ਜੇ ਕਮਾਉਣਾ ਹੈ, ਕਮਾ,
ਖ਼ਵਾਬ ਨੂੰ ਨਾ ਜਿਣਸ ਮੰਡੀ ਦੀ ਬਣਾ।

ਧੁੱਪ ਪਾਸਾ ਬਦਲਦੀ ਜੋ ਵੀ ਰਹੀ,
ਸਾਡੇ ਵਿਹੜੇ ਵਿਚ ਪਰਛਾਵਾਂ ਰਿਹਾ।

ਜ਼ਿੰਦਗੀ ਨੂੰ ਰਾਸ ਆ ਸਕਦੀ ਨਹੀਂ,
ਤੰਗ-ਦਿਲੀਆਂ ਪਾਲਦੀ ਆਬੋ-ਹਵਾ।

ਕੱਲੇ-ਕੱਲੇ ਪਾਂਧੀਆਂ ਦੀ ਭੀੜ ਇਹ,
ਕਦ ਤੁਰੇਗੀ ਬਣਕੇ ਇੱਕੋ ਕਾਫ਼ਲਾ।

ਆਸ਼ਿਆਨੇ ਦਾ ਹੈ ਦਾਅਵਾ ਧਰਤ 'ਤੇ,
ਅੰਬਰਾਂ 'ਤੇ ਹੱਕ ਹੈ ਪਰਵਾਜ਼ ਦਾ।

ਰੰਗ, ਖੁਸ਼ਬੂ, ਮੁਸਕਰਾਹਟ ਦਾ ਵਜੂਦ,
ਫੁੱਲ ਬਣਕੇ ਸ਼ਾਖ਼ ਉੱਤੇ ਖਿੜ ਗਿਆ।

ਆਲ੍ਹਣਾ ਅੰਬਰ 'ਚ ਮੈਨੂੰ ਪਾਉਣ ਦੇ,
ਬਿਜਲੀਆਂ ਤੋਂ ਐਵੇਂ ਨਾ ਏਨਾ ਡਰਾ।

ਯਾਰ ਆਏ ਸਾਂਝ ਯਾਦਾਂ ਦੀ ਜਗੀ,
ਵਕਤ ਮੁੜ ਆਇਆ ਚਰੋਕਾ ਗੁਜ਼ਰਿਆ।

ਲੋੜ ਹੈ ਇਸ ਪੀੜ ਨੂੰ ਪਹਿਚਾਣ ਦੀ,
ਆਪਣੇ ਜ਼ਖ਼ਮਾਂ ਵਿਚ ਨਾ ਇਸ ਨੂੰ ਲੁਕਾ।

ਹੌਕਿਆਂ 'ਤੇ ਖੋਜ ਕਰਦਾ ਕੌਣ ਹੈ,
ਨਾਪਣਾ ਹੈ ਕਿਨ ਕਦੀਂ ਦਿਲ ਦਾ ਖਲਾ। •



2.

ਕਿਤੇ ਚੌਂਕਾਂ 'ਚ ਲੱਗੇ ਬੁੱਤ, ਦੇ ਉੱਠਣ ਦੁਹਾਈ ਨਾ।
ਕਿ ਇਨ੍ਹਾਂ ਨਾਮੁਰਾਦਾਂ ਕਦਰ ਅਜ਼ਾਦੀ ਦੀ ਪਾਈ ਨਾ।

ਇਨ੍ਹਾਂ ਹਾਕਮਾਂ ਤੋਂ ਹਸ਼ਰ ਦੇ ਦਿਨ ਪੁੱਛ ਹੋਣਾ ਹੈ,
ਕਿ ਕਿਉਂ ਮਹਿਕੂਮ ਲੋਕਾਂ ਜ਼ਿੰਦਗੀ ਪੂਰੀ ਹੰਢਾਈ ਨਾ।

ਮੈਂ ਪੀ ਕੇ ਹੱਸ ਕੀ ਬੈਠਾ ਹਾਂ ਇਨ੍ਹਾਂ ਤਲਖ਼ੀਆਂ ਉੱਤੇ,
ਰੰਜਿਸ਼ ਦਿਲਾਂ 'ਚੋਂ ਇਨ੍ਹਾਂ ਜ਼ਾਲਮਾਂ ਹੁਣ ਤੱਕ ਭੁਲਾਈ ਨਾ।

ਅਜ਼ਾਈਂ ਜਾਣ ਵਾਲੀ ਸ਼ੈਅ ਨਹੀਂ ਹੈ ਤੋਰ ਨਦੀਆਂ ਦੀ,
ਭਾਵੇਂ ਬਾਅਦ ਉਮਰਾਂ ਦੇ ਵੀ ਮੰਜ਼ਲ ਕੋਲ ਆਈ ਨਾ।

ਅਸੀਂ ਬੇਚੈਨੀਆਂ ਦੇ ਸਿਤਮ ਸਭ ਤਨਹਾ ਹੰਢਾਏ ਨੇ,
ਕੋਈ ਵੀ ਰਾਹਤਾਂ ਵਾਲਾ ਕਦੀ ਹੋਇਆ ਸਹਾਈ ਨਾ।

ਗ਼ਮ ਦੇ ਨਾਲ ਪਾਉਣੋਂ ਸਾਂਝ ਕਤਰਾਉਂਦੇ ਰਹੇ ਨੇ ਜੋ,
ਖ਼ੁਸ਼ੀ ਦੇ ਨਾਲ ਵੀ ਉਨ੍ਹਾਂ ਦੀ ਹੋਈ ਆਸ਼ਨਾਈ ਨਾ।

# ਮਹਿੰਦਰ ਸਾਥੀ

1.

ਜਿਵੇਂ ਤਪਦੇ ਥਲਾਂ ਨੂੰ ਲੰਘ ਕੋਈ ਗੁਲਜ਼ਾਰ ਤੱਕ ਪਹੁੰਚੇ।
ਅਸੀਂ ਵੀ ਇਸ ਤਰ੍ਹਾਂ ਹੀ ਹਾਂ ਕਿਸੇ ਦੇ ਪਿਆਰ ਤੱਕ ਪਹੁੰਚੇ।

ਜਿਵੇਂ ਡੁੱਬਦੇ ਨੂੰ ਸਾਹਿਲ ਮਿਲ ਜਾਵੇ, ਇਉਂ ਜਾਪਿਆ ਮੈਨੂੰ,
ਜਦੋਂ ਇਨਕਾਰ ਕਰਦੇ ਕਰਦੇ ਉਹ ਇਕਰਾਰ ਤੱਕ ਪਹੁੰਚੇ।

ਉਦੋਂ ਤੱਕ ਤਾਂ ਹਰ ਉਪਚਾਰ ਫਿਰ, ਬੇਕਾਰ ਹੋ ਜਾਊ,
ਤੁਸੀਂ ਜੇ ਇਸ ਨੂੰ ਰਫ਼ਤਾਰ ਸੰਗ ਬੀਮਾਰ ਤੱਕ ਪਹੁੰਚੇ।

ਕਿਨਾਰੇ ਬੈਠਿਆਂ ਨੂੰ ਕੀ ਖ਼ਬਰ ਮੰਝਧਾਰ ਕੀ ਸ਼ੈਅ ਹੈ,
ਪੁੱਛੋ ਉਹਨਾਂ ਨੂੰ ਇਸਨੂੰ ਚੀਰ ਕੇ ਜੋ ਪਾਰ ਤੱਕ ਪਹੁੰਚੇ।

ਖੜ੍ਹੇ ਨੇ ਰਾਹ ਵਿਚ ਸ਼ਿਕਰੇ ਅਤੇ ਮੱਕਾਰ ਲੂੰਬੜ ਜਦ,
ਕਿਵੇਂ ਫ਼ਰਿਆਦ ਬੁਲਬੁਲ ਦੀ ਨਿਆਂ ਦਰਬਾਰ ਤੱਕ ਪਹੁੰਚੇ।

ਜਿਵੇਂ ਅੱਜ ਕੱਪੜਿਆਂ ਤੋਂ ਬਾਹਰ ਹੁੰਦੀ ਜਾਂਦੀ ਹੈ ਹਵਾ,
ਹੈਰਾਨੀ ਕੀ ਜੇ ਕੱਲ ਇਹ ਬਣ ਕੇ ਸਭਿਆਚਾਰ ਤੱਕ ਪਹੁੰਚੇ।

ਅਸੀਂ ਕਮਲੇ ਸੀ ਕੱਕੇ ਚੋਂ ਕ੍ਰਾਂਤੀ ਹੀ ਰਹੇ ਕੱਢਦੇ,
ਤੁਸੀਂ ਸਿਆਣੇ ਸੀ ਕੱਕੇ ਤੋਂ ਜੋ ਕੋਠੀ, ਕਾਰ ਤੱਕ ਪਹੁੰਚੇ।

ਉਹ ਲੱਖਾਂ ਹੀ ਦਿਲਾਂ ਵਿਚ ਵਸਦੇ ਨੇ ਦਿਲਦਾਰ ਬਣਕੇ ਹੁਣ,
ਜੋ ਦਿਲ ਦੀ ਆਖਦੇ ਸੀ ਹੱਸਦੇ ਹੱਸਦੇ ਦਾਰ ਤੱਕ ਪਹੁੰਚੇ।

ਜਿਨ੍ਹਾਂ ਨੇ ਸਮਤਾ ਦਾ ਸਿੱਕਾ ਚਲਾਉਣਾ ਸੀ ਮੇਰੇ ਯਾਰੋ,
ਤੁਅਜਬ ਉਹ ਯਾਰ ਡਾਲਰ, ਪੌਂਡ ਜਾਂ ਦੀਨਾਰ ਤੱਕ ਪਹੁੰਚੇ।

ਮੇਰੀ ਕਵਿਤਾ ਤੇਰੇ ਰੁਖ਼ਸਾਰਾਂ ਤੱਕ ਪਹੁੰਚੇ ਨਾ ਪਹੁੰਚੇ ਪਰ,
ਹੈ ਮੇਰੀ ਆਰਜ਼ੂ ਇਹ ਦੀਨ ਤੇ ਜੂਝਾਰ ਤੱਕ ਪਹੁੰਚੇ।

ਹਯਾਤੀ ਜਿਸਦੀ ਤਪਦਾ ਤਲਖ਼ੀਆਂ ਦਾ ਸਹਿਰਾ ਹੈ ਯਾਰੋ,
ਉਹ ਕਿੰਝ ਰੋਮਾਂਸ ਦੇ ਸੀਤਲ ਸ਼ੀਰੀਂ ਸੰਸਾਰ ਤੱਕ ਪਹੁੰਚੇ।

ਕਿਵੇਂ ਉਹ ਮੰਜ਼ਿਲੇ ਮਕਸੂਦ ਉੱਤੇ ਕਾਰਵਾਂ ਪੁੱਜਦਾ,
ਜਿਦ੍ਹੇ ਰਹਿਬਰ ਨਹੀਂ ਗੁਫ਼ਤਾਰ ਤੋਂ ਕਿਰਦਾਰ ਤੱਕ ਪਹੁੰਚੇ।

ਉਨ੍ਹਾਂ ਨੂੰ ਸਬਜ਼ਾ ਹੀ ਸਬਜ਼ਾ ਕਿਵੇਂ ਨਾ ਹੁਣ ਨਜ਼ਰ ਆਵੇ,
ਜੋ "ਸਾਥੀ" ਅੱਧ ਲੱਖ ਵਾਲੇ ਨੇ ਰੁਜ਼ਗਾਰ ਤੱਕ ਪਹੁੰਚੇ।

ਅਵਾਮੀ ਦਰਦ ਜਿਸਦੇ ਨਾਲ ਰਹਿਆ ਹੈ ਸਦਾ 'ਸਾਥੀ,
ਕਿਵੇਂ ਉਹ ਸ਼ੁਗਲ ਮੇਲੇ ਦੇ ਜੀ ਕਾਰੋਬਾਰ ਤੱਕ ਪਹੁੰਚੇ।



# ਗ਼ਜ਼ਲ

ਹਰਚਰਨ ਸ਼ਰੀਫ਼

ਕਜ਼ਾ ਦੇ ਸਾਮ੍ਹਣੇ ਵੀ ਜਿਸਦੇ ਮੁਖ 'ਤੇ ਨੂਰ ਹੁੰਦਾ ਹੈ।
ਉਹ ਹੁੰਦਾ ਹੈ ਭਗਤ ਸਿੰਘ ਜਾਂ ਕੋਈ ਮਨਸੂਰ ਹੁੰਦਾ ਹੈ।

ਸ਼ਹੀਦਾਂ ਦਾ ਲਹੂ ਪੀ ਕੇ, ਜੋ ਪੱਤੇ ਸੁਰਖ਼ ਹੁੰਦੇ ਨੇ,
ਅਜ਼ਾਦੀ ਦਾ ਉਨ੍ਹਾਂ ਹੀ ਪੱਤਿਆਂ ਸੰਗ ਬੂਰ ਹੁੰਦਾ ਹੈ।

ਕਦੇ ਸੂਲੀ ਸਲੀਬਾਂ ਸੱਚ ਦੀ ਮੰਜ਼ਿਲ 'ਤੇ ਮਿਲਦੇ ਨੇ,
ਕਦੇ ਤੱਤੀ ਤਵੀ 'ਤੇ ਬਹਿਣ ਦਾ ਦਸਤੂਰ ਹੁੰਦਾ ਹੈ।

ਤਲੀ 'ਤੇ ਸੀਸ ਧਰ ਲੈਂਦਾ ਹੈ, ਐਪਰ ਹਾਰ ਨਹੀਂ ਮੰਨਦਾ,
ਉਹ ਜਿਸਨੂੰ ਸੱਚ ਦੀ ਰਾਹ, ਮਰਨ ਵੀ ਮਨਜ਼ੂਰ ਹੁੰਦਾ ਹੈ।

ਉਦੋਂ ਲੱਗਦੈ! ਜਿਵੇਂ ਕਲਬੂਤ ਵਿਚੋਂ ਜਾਨ ਨਿਕਲੀ ਹੈ,
ਜਦੋਂ ਮਰਜੀਵੜੇ ਦਾ ਹੌਂਸਲਾ ਕਾਫ਼ੂਰ ਹੁੰਦਾ ਹੈ।

ਜਿਨ੍ਹਾਂ ਦੇ ਖੰਭਾਂ ਵਿਚ ਉੱਡਣ ਦੀ ਤੀਬਰ ਤਾਂਘ ਹੁੰਦੀ ਹੈ,
ਉਨ੍ਹਾਂ ਦੇ ਸਾਹਮਣੇ ਪਿੰਜਰਾ ਵੀ ਚਕਨਾਚੂਰ ਹੁੰਦਾ ਹੈ।

ਜਿਦ੍ਹੇ ਵਿਚ ਸੀਸ ਭੇਟਾ ਕਰਨ ਦੀ ਹਿੰਮਤ ਨਹੀਂ ਹੁੰਦੀ,
ਸ਼ਰੀਫ਼! ਉਸਦਾ ਨਿਵਾਉਣਾ ਸੀਸ ਨਾ ਮੰਨਜ਼ੂਰ ਹੁੰਦਾ ਹੈ।

(ਗ਼ਜ਼ਲ ਵਿਲਾ, 19, ਜੋਗਿੰਦਰ ਨਗਰ, ਬਡੂੰਗਰ, ਪਟਿਆਲਾ, ਫੋਨ 99141-25141)

## ਵਾਹਗੇ ਪਾਰ ਦੇ ਵਿੱਛੜ ਗਏ ਮਿੱਤਰਾਂ ਦੀ ਯਾਦ

ਸਾਨੂੰ ਇਹ ਖ਼ਬਰਾਂ ਕਾਫ਼ੀ ਦੇਰ ਨਾਲ ਪ੍ਰਾਪਤ ਹੋਈਆਂ ਸਨ ਕਿ ਸਾਡੇ ਵਾਹਗੇ ਪਾਰ ਦੇ ਤਿੰਨ ਮਿੱਤਰ ਪ੍ਰਸਿੱਧ ਲੋਕ-ਕਵੀ ਸਾਈਂ ਅਖ਼ਤਰ ਲਾਹੌਰੀ, ਪ੍ਰਸਿੱਧ ਲੋਕ-ਕਲਾ ਮਾਹਰ ਅਬਦੁਲ ਗਫ਼ੂਰ ਦਰਸ਼ਨ ਤੇ ਜਨਾਬ ਰਾਜਾ ਰਸਾਲੂ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਖ਼ਿਮਾਂ-ਸਹਿਤ, ਭਾਵੇਂ ਕੁਝ ਦੇਰ ਨਾਲ ਹੀ ਸਹੀ, ਅਸੀਂ ਇਹਨਾਂ ਅਦੀਬਾਂ ਦੇ ਵਿਛੋੜੇ ਦਾ ਦੁੱਖ ਪਾਕਿਸਤਾਨ ਦੇ ਅਦਬੀ ਸੰਸਾਰ ਨਾਲ ਸਾਂਝਾ ਕਰਦੇ ਹੋਏ, ਤਿੰਨਾਂ ਪਰਿਵਾਰਾਂ ਦੇ ਗ਼ਮ ਵਿਚ ਸ਼ਰੀਕ ਹੁੰਦੇ ਹਾਂ। – ਸੰਪਾਦਕੀ ਮੰਡਲ

# ਗ਼ਜ਼ਲ

ਸੁਲੱਖਣ ਸਰਹੱਦੀ

'ਕਾਲਖ ਪੁਰ ਦਾ ਨੂਰੋ ਕਹਿੰਦੈ ਸਭ ਕੁਝ ਬਦਲ ਗਿਆ ਸਰਹੱਦੀ।
ਟੁੱਕ ਪੰਜਾਬੀ ਗੌਰਵ ਵਿਰਸਾ ਲਾਸ਼ ਤੇ ਭੰਗੜਾ ਪਾ ਸਰਹੱਦੀ।

ਅਹਿ ਲੈ ਉੱਤਰ ਆਧੁਨਿਕਤਾ ਦਾ, ਦਾਨ 'ਚ ਸਾਥੋਂ ਅੰਨ੍ਹਾ ਘੋੜਾ,
ਆਪਣੀ ਗ਼ਜ਼ਲ ਦੀ ਸਹਿਬਾਂ ਨੂੰ ਜਾਹ, ਦਾਨਾਬਾਦ ਪੁੱਜਾ ਸਰਹੱਦੀ।

ਉਹ ਕਹਿੰਦੇ ਨੇ ਮਾਰਕਸ ਦੀ ਵੀ ਕਵਿਤਾ ਮਾਰਕਸਵਾਦੀ ਨਹੀਂ ਸੀ,
ਉਹ ਕਹਿੰਦੇ ਨੇ ਗ਼ਜ਼ਲਾਂ ਵਿਚ ਬਸ, ਜਸ਼ਨ ਦੇ ਸੁਖ਼ਨ ਸਜਾ ਸਰਹੱਦੀ।

ਸ਼ਿਅਰਾਂ ਵਿਚ ਰੁਮਾਂਸ ਮੁਹੱਬਤ ਜਾਂ ਕਰ ਲੈੱਗ ਤੇ ਪੈੱਗ ਦੀ ਚਰਚਾ,
ਹੱਕ-ਸੱਚ ਦੀ ਜੋ ਬਾਤ ਕਰੇ ਤੂੰ, ਇਸਦਾ ਵਕਤ ਗਿਆ ਸਰਹੱਦੀ।

ਜੋ ਚਾਹੇਂ ਤੂੰ ਮੁੱਲ ਲੈ ਸਕਦੈਂ, ਜੇ ਚਾਹੇਂ ਤਾਂ ਖ਼ੁਦ ਵਿਕ ਸਕਨੈਂ,
ਮੰਡੀ-ਗੰਗਾ ਦਰ ਤੇ ਆਈ, ਤੂੰ ਵੀ ਡੁਬਕੀ ਲਾ ਸਰਹੱਦੀ।

ਸੁੱਟ ਪਰ੍ਹਾਂ ਇਹ ਢੋਲ ਪੁਰਾਣਾ, ਵੇਖੀਂ ਤੇਰੀ ਬੋਲਦੀ ਤੂਤੀ,
ਤੈਨੂੰ ਵੀ ਨਾ ਆਉਣ ਸਮਝ ਵਿਚ, ਐਸੇ ਸ਼ਿਅਰ ਬਣਾ ਸਰਹੱਦੀ।

ਛੱਡ ਚੁਰਾਸੀ ਤੇ ਸੰਤਾਲੀ, 'ਜਸ਼ਨ ਕੀ ਬੇਲਾ' ਜਸ਼ਨ ਮਨਾ ਤੂੰ,
ਵਾਂਗ ਕਬੂਤਰ ਅੱਖਾਂ ਮੁੰਧ ਕੇ, ਬਿੱਲੀ ਦੂਰ ਭਜਾ ਸਰਹੱਦੀ।

ਚਿੜੀਆਂ ਦੀ ਆਪਣੀ ਹੈ ਹੋਣੀਂ, ਬਾਜ਼ਾਂ ਦੇ ਅਧਿਕਾਰ ਇਲਾਹੀ,
ਸਾਂਝਾ ਗਗਨ ਦੋਹਾਂ ਦਾ ਲਿਖ ਕੇ, ਰੋਲ ਘਚੋਲ ਨਾ ਪਾ ਸਰਹੱਦੀ।

ਗ਼ਮ ਖਾਣੇ ਤੇ ਹੰਝੂ ਪੀਣੇ, ਬਹੁਤ ਸਨਾਤਨ ਭੁੱਸ ਕਵੀਆਂ ਦਾ,
ਬੁਸ਼ ਦੇ ਵਾਂਗੂ ਕੋਕੇ ਦੇ ਸੰਗ, ਬੀਫਗੋ ਬਰਗਰ ਖਾ ਸਰਹੱਦੀ।

ਕਾਲੀ ਵਈਂ ਦੇ ਕੰਢੇ ਰਹਿੰਦਿਆਂ, ਉਹਨਾਂ ਦੇ ਦਿਲ ਕਾਲੇ ਹੋ ਗਏ,
ਰਾਜੇ ਸ਼ੀਹ ਮੁਕੱਦਮ ਕੁੱਤੇ, ਨਾਨਕ ਨੂਰ ਫੈਲਾ ਸਰਹੱਦੀ।

ਬਾਬਰਕੇ ਹੁਣ ਬਾਬੇ ਕਿਆਂ ਤੇ, ਕਵਿਤਾ ਵਿਚ ਵੀ ਭਾਰੂ ਹੋ ਗਏ,
ਫੇਰ ਅਨੰਦਪੁਰੀ ਲੋਕਾਂ ਦੀ ਗ਼ਜ਼ਲਾਂ ਵਿਚ ਲਿਸ਼ਕਾ ਸਰਹੱਦੀ।





# ਮਾਸ, ਮਿੱਟੀ ਤੇ ਮਾਇਆ

ਖ਼ਾਲਿਦ ਫਰਿਹਾਦ ਧਾਲੀਵਾਲ

ਮਾਸ : ਨਹੁਆਂ ਨਾਲੋਂ ਨਿਖੇੜੇ ਹੋਏ ਲਈ ਵੀ ਉਹਦਾ ਲਹੂ ਜੋਸ਼ ਕਿਉਂ ਮਾਰਦਾ?

ਮਿੱਟੀ : ਜਿੱਥੇ ਮੁੜ ਕਦੀ ਪੈਰ ਨਹੀਂ ਧਰਨਾ, ਸੁਫਨਿਆਂ ਵਿਚ ਉਥੇ ਕਿਉਂ ਫਿਰਦਾ ਰਹਿੰਦਾ ਏ।

ਮਾਇਆ : ਸੁਖਾਲਿਆਂ ਕਰਦੀ ਏ ਤਾਂ ਫਿਰ ਦੁੱਖ ਵੀ ਕਿਉਂ ਦਿੰਦੀ ਏ।

ਅਖ਼ਤਰ ਇਹ ਸੋਚਦੇ ਹੋਏ ਬੀਤੇ ਦਿਨਾਂ ਦੀਆਂ ਯਾਦਾਂ ਵਿਚ ਕਿਧਰੇ ਦੂਰ ਜਾ ਨਿਕਲਦਾ ਏ। ਏਥੇ ਲੰਡਨ ਵਿਚ ਅੱਜ ਤੋਂ ਕਈ ਵਰ੍ਹੇ ਪਹਿਲੋਂ ਉਹਨੂੰ ਆਪਣੇ ਪਿਉ ਦੀ ਮੌਤ ਦਾ ਪਤਾ ਪੂਰੇ ਸੱਤ ਦਿਨ ਬਾਅਦ ਲੱਗਿਆ ਸੀ। ਉਸਦੇ ਘਰ ਵਾਲੇ ਇਸ ਦੋ ਚਿੱਤੀ ਵਿਚ ਪਏ ਸਨ ਕਿ ਪਰਦੇਸ ਵਸਦੇ ਮੁੰਡੇ ਨੂੰ ਇਸ ਮੌਤ ਬਾਰੇ ਦੱਸਿਆ ਜਾਵੇ ਜਾਂ ਨਾ! ਬਹੁਤਿਆਂ ਦਾ ਖ਼ਿਆਲ ਸੀ ਕਿ ਉਸਨੂੰ ਨਹੀਂ ਦੱਸਣਾ ਚਾਹੀਦਾ। ਪਰਦੇਸੀਆਂ ਦਾ ਦਿਲ ਬੜਾ ਸੋਹਲ ਹੁੰਦਾ ਏ। ਇਹ ਸੋਗ ਉਹ ਕਿਧਰੇ ਚਿੱਤ ਨਾ ਧਰ ਲਏ। ਵਿਚੋਂ ਕੁਝ ਦੀ ਸਲਾਹ ਇਹ ਵੀ ਸੀ ਕਿ ਉਸ ਤੋਂ ਕੁਝ ਨਹੀਂ ਲੁਕਾਉਣਾ ਚਾਹੀਦਾ। ਖ਼ਬਰ ਤਾਂ ਉਹਨੂੰ ਹੋਣੀ ਈ ਏ, ਅੱਜ ਨਾ ਸਹੀ ਫਿਰ ਕਦੇ ਸਹੀ। ਤੇ ਬਿਹਤਰ ਇਹੀ ਏ ਜਿਹੜੀ ਗੱਲ ਭੇਤ ਨਹੀਂ ਰਹਿਣੀ ਉਹ ਦੱਸ ਈ ਦਿੱਤੀ ਜਾਵੇ। ਫਿਰ ਵੀ ਇੱਕਦਮ ਨਹੀਂ। ਸੋ ਪਹਿਲੇ ਦੱਸਿਆ ਗਿਆ ਸੀ ਕਿ ਬੁੱਢਾ ਬੀਮਾਰ ਏ, ਫਿਰ ਸਖ਼ਤ ਬਿਮਾਰ ਦਾ ਸੁਨੇਹਾ ਮਿਲਿਆ ਤੇ ਓੜਕ ਸਾਹ ਪੂਰੇ ਹੋਣ ਦੀ ਖ਼ਬਰ। ਇੰਜ ਉਹਨੂੰ ਪਹਿਲੇ ਤੋਂ ਵੀ ਕੋਈ ਸਦਮਾ ਸਹਿਣ ਲਈ ਤਿਆਰ ਰੱਖਿਆ ਗਿਆ ਸੀ।

ਇੱਕ ਅਜਿਹਾ ਵਾਕਿਆ ਜਿਹੜਾ ਕਈ ਦਿਨ ਪਹਿਲੇ ਵਾਪਰ ਚੁੱਕਿਆ ਸੀ ਪਰ ਕਈ ਦਿਨ ਬਾਅਦ ਦੱਸਿਆ ਗਿਆ ਤੇ ਅਸਲ ਮਰਨ ਦਿਹਾੜੇ ਦਾ ਪਤਾ ਹੋਰ ਵੀ ਕਈ ਦਿਨ ਬਾਅਦ ਲੱਗਿਆ। ਉਸ ਕੈਲੰਡਰ ਵੇਖ ਕੇ ਹਿਸਾਬ ਲਾਇਆ ਸੀ ਕਿ ਭਲਾ ਉਸ ਦਿਨ ਉਹ ਕਿੱਥੇ ਸੀ ਤੇ ਕੀ ਕਰ ਰਿਹਾ ਸੀ? ਦਸ ਅਪਰੈਲ ਸੋਮਵਾਰ, ਜਦੋਂ ਉਹਨਾਂ ਦਾ ਸਾਰਾ ਟੱਬਰ ਮਰਨ ਮੰਜੇ ਤੇ ਪਏ ਉਸਦੇ ਪਿਉ ਦੁਆਲੇ ਬੈਠਾ ਹੋਇਆ ਸੀ,. ਠੀਕ ਉਸ ਵੇਲੇ ਉਹ ਆਪ ਵਰਕਸ਼ਾਪ ਵਿਚ ਕੰਮ ਤੇ ਹਾਜ਼ਰ ਸੀ। ਉਸ ਦਿਨ ਉਹਦਾ ਕੰਮ ਵਿਚ ਜੀਅ ਨਹੀਂ ਸੀ ਲੱਗ ਰਿਹਾ। ਇਹ ਅੱਜ ਵੀ ਉਹਨੂੰ ਯਾਦ ਏ। ਸਾਰਾ ਦਿਨ ਇਕ ਬੇਨਾਮ ਜਿਹੀ ਉਦਾਸੀ ਛਾਈ ਰਹੀ ਸੀ। ਜਦੋਂ ਦਿਲ ਬੇ-ਸਬੱਬ ਅਚਨਚੇਤ ਉਦਾਸ ਹੋ ਜਾਏ ਤਾਂ ਸਮਝਿਆ ਇਹੀ ਜਾਂਦਾ ਏ ਕੋਈ ਸ਼ਿੱਦਤ ਨਾਲ ਯਾਦ ਕਰ ਰਿਹਾ ਏ।

ਆਪਣੇ ਨਿੱਕੇ ਪੁੱਤਰ ਨੂੰ ਕੋਲ ਨਾ ਵੇਖ ਕੇ ਮਰਨ ਵਾਲੇ ਨੇ ਉਹਨੂੰ ਯਾਦ ਕੀਤਾ ਸੀ। ਸ਼ਾਇਦ ਏਸੇ ਲਈ ਉਸ ਦਿਨ ਉਹ ਉਦਾਸ ਰਿਹਾ। ਕਈ ਦਿਨਾਂ ਬਾਅਦ ਅਖ਼ਤਰ ਨੇ ਸੋਚਿਆ ਤੇ ਇਹ ਜਾਨਣ ਲਈ ਆਪਣੇ ਭਰਾ ਨੂੰ ਫੋਨ ਕੀਤਾ ਕਿ ਪਿਉ ਦੇ ਆਖ਼ਰੀ ਵਾਕ ਕੀ

ਸਨ? ਅੱਗੋਂ ਜਦ ਉਹਨੇ ਦੱਸਿਆ ਕਿ 'ਮਰਨ ਵੇਲੇ ਪਿਉ ਨੇ ਤੇਰਾ ਨਾਮ ਲਿਆ ਸੀ।' ਤਾਂ ਕਈ ਦਿਨਾਂ ਤੋਂ ਡੱਕਿਆ ਹੰਝੂਆਂ ਦਾ ਹੜ੍ਹ ਅੱਖਾਂ ਵਿਚੋਂ ਵਹਿ ਪਿਆ ਸੀ। ਉਸ ਕਈ ਵਾਰ ਰੋਣਾ ਚਾਹਿਆ ਸੀ ਪਰ ਹੰਝੂ ਪਲਕਾਂ ਤੇ ਆ ਕੇ ਮੁੜ ਜਾਂਦੇ ਰਹੇ। ਉਹ ਚਾਹੁੰਦਾ ਸੀ ਕੋਈ ਅਜਿਹਾ ਮਹਿਰਮ ਮਿਲੇ ਜਿਹਦੇ ਨਾਲ ਇਹ ਦੁੱਖ ਸਾਂਝਾ ਕਰੇ। ਕਿਸੇ ਦੇ ਗਲ਼ ਲੱਗ ਕੇ ਰੋਏ ਪਰ ਅਜਿਹਾ ਕੋਈ ਮਿਲਿਆ ਨਹੀਂ ਸੀ। ਅਖ਼ੀਰ ਕੰਧ ਤੇ ਨਜ਼ਰੀਂਦੇ ਆਪਣੇ ਹੀ ਪਰਛਾਵੇਂ ਨੂੰ ਦੂਜਾ ਜੀਅ ਮੰਨ ਕੇ ਉਸ ਨਾਲ ਇਹ ਦੁੱਖ ਸਾਂਝਾ ਕਰ ਲਿਆ ਤੇ ਕੰਧ ਨਾਲ ਸਿਰ ਟਿਕਾ ਕੇ ਉਦੋਂ ਤੀਕ ਰੋਂਦਾ ਰਿਹਾ ਜਦ ਤੀਕ ਦਿਲ ਦਾ ਬੋਝ ਹੌਲਾ ਨਹੀਂ ਹੋ ਗਿਆ। ਇਸ ਤੇ ਸਿਵਾ ਹੋਰ ਚਾਰਾ ਵੀ ਕੀ ਸੀ? ਇੱਥੇ ਪ੍ਰਦੇਸ ਵਿਚ ਇਸ ਆਪਣੇ ਆਪ ਤੋਂ ਸਿਵਾ ਹੋਰ ਕੋਈ ਆਪਣਾ ਹੈ ਵੀ ਕਿਹੜਾ ਸੀ? ਇਕਲਾਪੇ ਦੇ ਇਸ ਅਹਿਸਾਸ ਨੇ ਬਾਅਦ ਵਿਚ ਉਹਨੂੰ ਕੈਥੀ ਨਾਲ ਵਿਆਹ ਤੇ ਮਜਬੂਰ ਕੀਤਾ। ਉਹਦਾ ਦਿਲ ਕਹਿੰਦਾ ਸੀ ਦੁੱਖ-ਸੁੱਖ ਦਾ ਸ਼ਰੀਕ ਇਥੇ ਕੋਈ ਇੱਕ ਤਾਂ ਆਪਣਾ ਹੋਵੇ।

ਸੋਗ ਦੇ ਦਿਨਾਂ ਵਿਚ ਆਪਣੇ ਪਿਉ ਨੂੰ ਯਾਦ ਕਰਦਿਆਂ ਅਖ਼ਤਰ ਨੇ ਉਹ ਦਿਨ ਯਾਦ ਕੀਤੇ ਜਦੋਂ ਉਹ ਅਜੇ ਦਸਾਂ ਸਾਲਾਂ ਦਾ ਸੀ ਤੇ ਉਹਦੇ ਪੈਰ ਤੇ ਕੋਈ ਸੱਪ ਨੂੰਹਾਂ ਲੜ ਗਿਆ। ਜ਼ਖ਼ਮ ਹੋ ਜਾਣ ਵਜੋਂ ਉਹ ਕਈ ਮਹੀਨੇ ਟੁਰ ਫਿਰ ਨਾ ਸਕਿਆ। ਉਦੋਂ ਉਹਦਾ ਪਿਉ ਉਹਨੂੰ ਕੰਧਾਲੇ ਬਿਠਾ ਕੇ ਇਲਾਕੇ ਦੇ ਮਾਂਦਰੀ ਕੋਲ ਮਰ੍ਹਮ ਪੱਟੀ ਕਰਾਉਣ ਪੈਦਲ ਲੈ ਜਾਂਦਾ ਰਿਹਾ ਸੀ। ਉਹਨਾਂ ਕੋਲ ਉਦੋਂ ਕੋਈ ਸਵਾਰੀ ਨਹੀਂ ਸੀ ਹੁੰਦੀ।

'ਨੂਰੇ ਕਿਆਂ ਤੋਂ ਸਾਈਕਲ ਮੰਗ ਲਿਜਾਇਆ ਕਰ, ਪੰਧ ਲੰਮੇਰਾ ਏ ਤੇ ਜਾਤਕ ਜਵਾਨ।' ਇੱਕ ਦਿਨ ਤਾਏ ਰਹਮੇ ਨੇ ਵਰ੍ਹਦੇ ਮੀਂਹ ਰੋਹੀ ਵਿਚੋਂ ਲੰਘਦੇ ਜਾਂਦੇ ਉਸਦੇ ਪਿਉ ਨੂੰ ਆਖਿਆ।

'ਭਲਾ ਔਲਾਦ ਦਾ ਵੀ ਕੋਈ ਭਾਰ ਹੁੰਦਾ ਏ ਰਹਮਿਆ।' ਖੋਭੇ ਵਿਚੋਂ ਪੈਰ ਪੁੱਟਦੇ ਪਿਉ ਨੇ ਹਫ਼ੀ ਹੋਈ ਆਵਾਜ਼ ਵਿਚ ਅੱਗੋਂ ਕਿਹਾ ਸੀ।

ਪਿਉ ਉਹਦੇ ਨੂੰ ਸ਼ਰੀਕਾਂ ਕੋਲੋਂ ਸਾਈਕਲ ਮੰਗਣਾ ਚੰਗਾ ਨਹੀਂ ਸੀ ਲੱਗਦਾ। ਬਚਪਨ ਤੋਂ ਅਚੇਤ ਵਿਚ ਪਿਆ ਇਹ ਵਾਕਿਆ ਈ ਸੀ ਜਿਸਨੇ ਉਹਨੂੰ ਜਵਾਨ ਹੋਇਆਂ ਇੰਗਲੈਂਡ ਆਉਣ ਲਈ ਪ੍ਰੇਰਿਆ ਸੀ। ਆਪਣੇ ਖ਼ਾਨਦਾਨ ਦੇ ਚੰਗੇ ਭਵਿੱਖ ਦੀ ਆਸ ਵਿਚ।

ਲੰਡਨ ਆ ਕੇ ਜਦੋਂ ਉਸ ਕੁਝ ਚਿਰ ਬਾਅਦ ਕਾਰ ਮੁੱਲ ਲੈਣ ਲਈ ਭਰਾ ਆਪਣੇ ਨੂੰ ਪੈਸੇ ਘਲਾਏ ਸਨ ਤਾਂ ਉਹਦੇ ਸਾਹਮਣੇ ਘਰ ਲਈ ਸਵਾਰੀ ਦੀ ਲੋੜ ਨਹੀਂ ਸਗੋਂ ਪਿਉ ਆਪਣੇ ਦੀ ਅਣਖ ਸੀ। ਉਹ ਆਪਣੇ ਪਿਉ ਨੂੰ ਕਾਰ ਵਿਚ ਬੈਠੇ ਹੋਏ ਖ਼ਿਆਲ ਕਰਦਾ ਤੇ ਉਹਦਾ ਮਨ ਖ਼ੁਸ਼ੀ ਨਾਲ ਭਰ ਜਾਂਦਾ। ਬਾਅਦ ਵਿਚ ਇਹ ਹਿਰਖ਼ ਉਸ ਖ਼ੁਸ਼ੀ ਨਾਲੋਂ ਵੱਧ ਗਿਆ ਪਈ ਉਹ ਆਪ ਪਿਉ ਦੇ ਮੋਢੇ ਚੜ੍ਹੀ ਫਿਰਿਆ, ਪਰ ਅਖ਼ੀਰ ਸਮੇਂ ਉਸਦੇ ਜਨਾਜ਼ੇ ਨੂੰ ਆਪਣਾ ਮੋਢਾ ਨਾ ਦੇ ਸਕਿਆ।

ਕੈਥਰੀਨ ਨਾਲ ਵਿਆਹ ਕਰਦੇ ਸਮੇਂ ਅਖ਼ਤਰ ਦਾ ਖ਼ਿਆਲ ਸੀ ਕਿ ਇਕਲਾਪਾ ਘੱਟ



ਜਾਏਗਾ। ਉਹ ਗੋਰੀ ਮੇਮ ਤਿੰਨ ਕਮਰਿਆਂ ਦੇ ਇੱਕ ਫਲੈਟ ਵਿਚ ਉਹਦੇ ਨਾਲ ਈ ਰਹਿਣ ਲੱਗ ਪਈ ਸੀ। ਬੱਚੇ ਹੋਣ ਤੋਂ ਪਹਿਲਾਂ ਤੀਕ ਇਹ ਸਾਥ ਅਖ਼ਤਰ ਨੂੰ ਸੋਸ਼ਲ ਕੰਨਟਰੈਕਟ ਜਿਹਾ ਮਹਿਸੂਸ ਹੁੰਦਾ ਰਿਹਾ। ਇਹ ਵਿਆਹ ਗੀਤਲ ਸਾਂਝ ਦੀ ਬਜਾਏ ਉਸ ਨੂੰ ਕੋਈ ਸਮਾਜੀ ਬਾਂਧ ਜਿਹੀ ਜਾਪਦਾ। ਸ਼ਾਇਦ ਇਸ ਲਈ ਵੀ ਕਿ ਉਹ ਗੀਤਾਂ ਰਸਮਾਂ ਤੋਂ ਬਗ਼ੈਰ ਈ ਰਚਾਇਆ ਗਿਆ ਸੀ। ਵਿਆਹ ਇਕ ਨਿਜੀ ਕੰਮ ਹੁੰਦੇ ਹੋਏ ਵੀ ਤਾਂ ਸਰਾਸਰ ਸਮਾਜੀ ਅਮਲ ਹੁੰਦਾ ਏ। ਮਰਿਆਦਾ ਦੇ ਫੁੱਲ ਚੁਣਨ ਵਾਲਾ ਅਮਲ। ਨਿਕਾਹ ਦੋ ਜਿਸਮਾਂ ਦੇ ਮੇਲ ਦਾ ਇਜਾਜ਼ਤ ਨਾਮਾ ਈ ਨਹੀਂ ਹੁੰਦਾ ਸਗੋਂ ਇੱਕ ਗੂੜ੍ਹੇ ਸਾਂਗੇ ਦਾ ਮੁੱਢ ਵੀ ਹੁੰਦਾ ਏ। ਜਿਹਨੇ ਆਪ ਅੱਗੋਂ ਕਈ ਰਿਸ਼ਤਿਆਂ ਨੂੰ ਜਨਮ ਦੇਣਾ ਹੁੰਦਾ ਏ। ਇਥੇ ਲੰਡਨ ਵਿਚ ਜੇਠਾਣੀ, ਨੂੰਹ, ਨਨਾਣ, ਭਰਜਾਈ ਵਰਗੇ ਇਹ ਸਾਰੇ ਈ ਰਿਸ਼ਤੇ ਨਾਪੈਦ ਸਨ। ਸ਼ਾਇਦ ਇਸ ਲਈ ਵੀ ਅਖ਼ਤਰ ਬਾਅਜ਼ ਵੇਲੇ ਕੈਥੀ ਤੋਂ ਆਨੰਦ ਨਹੀਂ ਸਗੋਂ ਅਚਵੀ ਜਿਹੀ ਮਹਿਸੂਸ ਕਰਦਾ। ਕੈਥਰੀਨ ਕਈ ਵਾਰੀ ਉਹਨੂੰ ਆਪਣੀ ਬੀਵੀ ਨਹੀਂ ਬੇਤੁਅੱਲਕ ਔਰਤ ਮਾਲੂਮ ਹੁੰਦੀ। ਉਹਨੇ ਕੈਥਰੀਨ ਨੂੰ ਕਲਸੂਮ ਕਹਿਣਾ ਸ਼ੁਰੂ ਕੀਤਾ ਤਾਂ ਉਹਦੇ ਦੋਸਤ ਰਾਜੂ ਨੇ ਕਿਹਾ, 'ਤੇਰਾ ਆਪਣੀ ਤੀਵੀਂ ਨੂੰ ਦੇਸੀ ਨਾਂ ਤੋਂ ਬੁਲਾਉਣਾ ਆਪਣੇ ਵਲੋਂ ਬੇਤੁਅਲਕੀ ਨੂੰ ਮਜ਼ਬੂਤ ਰਿਸ਼ਤੇ ਵਿਚ ਬਦਲਣ ਦੀ ਲਾਸ਼ਊਰੀ ਕੋਸ਼ਿਸ਼ ਏ। ਇਹ ਇੰਕਿਸ਼ਾਫ ਅਖ਼ਤਰ ਲਈ ਅਜੀਬ ਸੀ। ਫਿਰ ਬੱਚੇ ਹੋ ਗਏ ਤਾਂ ਇਹ ਬੇਤੁਅੱਲਕੀ ਘੱਟ ਹੋ ਗਈ। ਕੈਥੀ ਬੀਵੀ ਤੋਂ ਸਿਵਾ ਹੁਣ ਉਹਦੇ ਬਾਲਾਂ ਦੀ ਮਾਂ ਵੀ ਸੀ। ਇਹ ਇੱਕ ਰਿਸ਼ਤਾ ਵੱਧ ਗਿਆ ਪਰ ਅਖ਼ਤਰ ਦਾ ਇਕਲਾਪਾ ਨਾ ਘਟਿਆ।

ਬਾਲਾਂ ਬਾਰੇ ਵੀ ਬਾਅਜ਼ ਵੇਲੇ ਉਹ ਮਹਿਸੂਸ ਕਰਦਾ ਜਿਵੇਂ ਇਹਨਾਂ ਗਲਤ ਥਾਂ ਜਨਮ ਲੈ ਲਿਆ ਏ, ਕੋਇਲ ਦੇ ਬੱਚੇ ਕਾਂ ਦੇ ਆਲ੍ਹਣੇ ਵਿਚ ਹੋ ਪੈਣ ਵਾਂਗੂੰ। ਉਹ ਪਿੰਕੀ, ਮਾਣੀ ਤੇ ਬੌਬੀ ਬਾਰੇ ਸੋਚਦਾ ਕਦੇ ਇਹ ਬੱਚੇ ਉਹਦੀ ਫੁੱਫੀ ਦੀ ਧੀ ਵਿਚੋਂ ਜਨਮੇ ਹੁੰਦੇ ਜਿਹੜੀ ਉਹਦੀ ਮੰਗੇਤਰ ਵੀ ਰਹੀ ਸੀ ਪਰ ਉਹਦੇ ਵਲਾਇਤ ਤੋਂ ਨਾ ਮੁੜਨ ਵਜੋਂ ਆਪਣੇ ਮਾਸੀ ਦੇ ਪੁੱਤਰ ਨਾਲ ਵਿਆਹੀ ਗਈ ਸੀ।

ਲੰਡਨ ਵਿਚ ਜਦੋਂ ਉਹਦਾ ਜੀਅ ਉਦਾਸ ਹੁੰਦਾ ਏ ਉਹ ਇੱਕ ਪੁਰਾਣਾ ਐਲਬਮ ਕੱਢਕੇ ਬੈਠ ਜਾਂਦਾ ਏ ਜਿਹਦੇ ਵਿਚ ਖ਼ਾਨਦਾਨ ਦੇ ਸਾਰੇ ਲੋਕਾਂ ਦੀਆਂ ਤਸਵੀਰਾਂ ਮੌਜੂਦ ਨੇ। ਐਲਬਮ ਵਿਚੋਂ ਬਾਅਦ ਵਿਚ ਕੁਝ ਤਸਵੀਰਾਂ ਉਸ ਫਰੇਮ ਕਰਵਾ ਕੇ ਡਰਾਇੰਗ ਰੂਮ ਦੀ ਕੰਧ ਉੱਤੇ ਵੀ ਟੰਗ ਦਿੱਤੀਆਂ ਸਨ। ਇਹਨਾਂ ਤਸਵੀਰਾਂ ਦੀ ਮੌਜੂਦਗੀ ਪਾਰੋਂ ਉਹਦਾ ਡਰਾਇੰਗ ਰੂਮ ਵਿਚ ਵੜਦੇ ਈ ਇਕਲਾਪੇ ਦਾ ਅਹਿਸਾਸ ਘੱਟ ਜਾਂਦਾ ਏ। ਆਪਣੀ ਤੀਵੀਂ ਤੇ ਔਲਾਦ ਨੂੰ ਉਹਨੇ ਐਲਬਮ ਵਿਚ ਮੌਜੂਦ ਸਾਰੀਆਂ ਤਸਵੀਰਾਂ ਨਾਲ ਉਹਨਾਂ ਦਾ ਬਣਦਾ ਹਰ ਰਿਸ਼ਤਾ ਕਈ ਵਾਰ ਦੱਸਿਆ ਏ ਪਰ ਇਹਨਾਂ ਅਜਨਬੀ ਤੇ ਦੂਰ ਦੁਰਾਡੀਆਂ ਬੇਜਾਨ ਸ਼ਕਲਾਂ ਨਾਲ ਕੋਈ ਸਾਕ ਕਿਉਂ ਤੇ ਕਿਵੇਂ ਨਿਭਾਇਆ ਜਾ ਸਕਦਾ ਏ ਉਹ ਨਹੀਂ ਜਾਣਦੇ। ਉਹਦੀ ਕੋਸ਼ਿਸ਼ ਦੇ ਬਾਵਜੂਦ ਉਹਦੇ ਬੀਵੀ ਬੱਚੇ ਕਿਸੇ ਵੀ ਤਰ੍ਹਾਂ ਦੀ ਕੋਈ ਵੀ ਜੜ੍ਹਤ ਜਾਂ ਸਾਕਾਦਾਰੀ

ਇਹਨਾਂ ਤਸਵੀਰਾਂ ਵਿਚਲੇ ਲੋਕਾਂ ਨਾਲ ਜ਼ਾਹਰ ਨਹੀਂ ਕਰ ਸਕੇ। ਉਹ ਤੇ ਸਿਰਫ਼ ਉਹਦੇ ਨਾਲ ਪਿਆਰ ਕਰਦੇ ਨੇ ਤੇ ਉਹਦੀ ਜ਼ਾਤ ਤੋਂ ਸਿਵਾ ਕਿਸੇ ਹੋਰ ਰਿਸ਼ਤੇ ਤੋਂ ਉਹ ਜਾਣੂੰ ਈ ਨਹੀਂ। ਅਖ਼ਤਰ ਆਪਣੀ ਤੀਵੀਂ ਕੈਥਰੀਨ ਤੇ ਬਾਲਾਂ ਨੂੰ ਡਰਾਇੰਗ ਰੂਮ ਵਿਚ ਟੰਗੀਆਂ ਤਸਵੀਰਾਂ ਦਾ ਮਜ਼ਾਕ ਉਡਾਂਦੇ ਕਈ ਵਾਰ ਵੇਖ ਚੁੱਕਿਆ ਏ। ਇਹ ਮਜ਼ਾਕ ਤਸਵੀਰਾਂ ਦਾ ਨਹੀਂ ਸਗੋਂ ਉਹਦੇ ਪੁਰਖਿਆਂ ਦਾ ਏ, ਇਹ ਉਹ ਜਾਣਦਾ ਏ। ਸ਼ਾਇਦ ਇਸ ਮਜ਼ਾਕ ਦਾ ਸਬੱਬ ਬਣ ਰਹੀ ਬੇਤੁਅੱਲਕੀ ਨੇ ਮਿੱਟੀ ਤੇ ਮਰਿਆਦਾ ਦੇ ਓਬੜਪਨ ਤੋਂ ਜਨਮ ਲਿਆ ਏ।

ਔਲਾਦ ਤੇ ਤੀਵੀਂ ਨੂੰ ਉਹ ਇਕ ਵਾਰ ਪੰਜਾਬ ਵੀ ਲੈ ਕੇ ਗਿਆ ਸੀ। ਆਪਣੇ ਵਲੋਂ ਬੇਗਾਨਗੀ ਦੀਆਂ ਹੱਦਾਂ ਖ਼ਤਮ ਕਰ ਦੇਣ ਦੀ ਇਹ ਉਹਦੀ ਨਾਕਾਮ ਕੋਸ਼ਿਸ਼ ਸੀ। ਲੰਦਨ ਤੋਂ ਲਾਹੌਰ ਵਿਚਲੀ ਵਿੱਥ ਤਾਂ ਉਸ ਪੂਰ ਦਿੱਤੀ ਪਰ ਦੋ ਪੀੜ੍ਹੀਆਂ ਵਿਚ ਮੌਜੂਦ ਵੇਲੇ ਦਾ ਖੱਪਾ ਉਹ ਕਿਵੇਂ ਪੂਰਦਾ? ਉਹ ਖਾਨਦਾਨ ਦੇ ਜੀਉਂਦੇ ਲੋਕਾਂ ਨਾਲ ਹੀ ਆਪਣੀ ਤੀਵੀਂ ਤੇ ਅਜੇ ਛੋਟੀ ਉਮਰ ਦੀ ਔਲਾਦ ਦਾ ਮੇਲ ਕਰਵਾ ਸਕਿਆ ਸੀ। ਮਰ ਚੁੱਕੇ ਲੋਕ ਅਣਜਾਣ ਹੀ ਰਹਿ ਗਏ ਸਨ। ਜੀਊਂਦਿਆਂ ਦਾ ਮੁਰਦਿਆਂ ਨਾਲ ਕੀ ਰਿਸ਼ਤਾ ਹੁੰਦਾ ਏ, ਬਾਲ ਨਹੀਂ ਜਾਣਦੇ ਹੁੰਦੇ। ਇਸੇ ਲਈ ਡਰਾਇੰਗ ਰੂਮ ਵਿਚ ਟੰਗੀਆਂ ਤਸਵੀਰਾਂ ਵਾਪਸ ਆ ਕੇ ਵੀ ਉਹਨਾਂ ਲਈ ਓਬੜ ਈ ਸਨ। ਬਾਅਦ ਵਿਚ ਅਖ਼ਤਰ ਨੇ ਇਸ ਜਮਾਂਦਰੂ ਓਬੜਪਨ ਤੇ ਬੇਤੁਅੱਲਕੀ ਨੂੰ ਔਲਾਦ ਦਾ ਤੇ ਆਪਣਾ ਮੁਕੱਦਰ ਮੰਨ ਕੇ ਕਬੂਲ ਕਰ ਲਿਆ ਸੀ।

ਇਕਲਾਪੇ ਦੇ ਇਹਨਾਂ ਈ ਦਿਨਾਂ ਵਿਚ ਉਹਦੀ ਰਾਜੂ ਨਾਲ ਵਾਕਫੀ ਹੋਈ। ਅਖ਼ਤਰ ਜਿਹੜੀ ਵਰਕਸ਼ਾਪ ਤੇ ਕੰਮ ਕਰਦਾ ਸੀ ਰਾਜੂ ਉਥੇ ਟੈਕਸੀ ਠੀਕ ਕਰਾਉਣ ਆਇਆ ਸੀ। ਰਾਜੂ ਵੀ ਉਹਦੇ ਵਾਂਗੂੰ ਉਖੜਿਆ ਹੋਇਆ ਤੇ ਇਕਲਾਪੇ ਦਾ ਰੋਗੀ ਬੰਦਾ ਸੀ। ਪਹਿਲੀ ਈ ਮੁਲਾਕਾਤ ਵਿਚ ਉਹ ਯਾਰ ਬਣ ਗਏ। ਰਾਜੂ ਇਥੇ ਲੰਦਨ ਵਿਚ ਟੈਕਸੀ ਡਰਾਈਵਰ ਸੀ।

'ਯਾਰ ਸਾਰਾ ਦਿਨ ਅੰਗਰੇਜ਼ੀ ਬੋਲ-ਬੋਲ ਕੇ ਮੂੰਹ ਥੱਕ ਜਾਂਦਾ ਏ, ਆਪਣੀ ਬੋਲੀ ਤਾਂ ਸਾਲੇ ਅੰਗਰੇਜ਼ਾਂ ਨੂੰ ਗਾਹਲ ਕੱਢਣ ਦੇ ਈ ਕੰਮ ਆਉਂਦੀ ਏ, ਇਥੇ ਤਾਂ ਆਪਣੀ ਬੋਲੀ ਸੁਣਨ ਨੂੰ ਵੀ ਸਹਿਕ ਜਾਈਦਾ ਏ।' ਰਾਜੂ ਨੂੰ ਚਿਰਾਂ ਬਾਅਦ ਕੋਈ ਆਪਣੀ ਬੋਲੀ ਬੋਲਣ ਵਾਲਾ ਬੰਦਾ ਮਿਲਿਆ ਸੀ।

ਆਪਣੀ ਬੋਲੀ ਸੁਣਨ ਬੋਲਣ ਵਾਲੇ ਜਿਹੜੇ ਲੋਕ ਇਥੇ ਹੈ ਵੀ ਨੇ ਉਹਨਾਂ ਕੋਲ ਮਿਲ ਬੈਠਣ ਲਈ ਵਿਹਲ ਨਹੀਂ ਹੁੰਦਾ। ਵੇਲੇ ਦਾ ਵਹਿਣ ਇਥੇ ਬਹੁਤ ਤੇਜ਼ ਏ। ਜਿਹੜੀਆਂ ਦੋ ਘੜੀਆਂ ਕਿਸੇ ਕੋਲ ਬੈਠਣਾ ਏ ਐਨੇ ਚਿਰ 'ਚ ਪੌਂਡ ਕਮਾਏ ਜਾ ਸਕਦੇ ਨੇ। ਪਰਦੇਸ ਵਿਚ ਅਕਸਰ ਈ ਇਹੀ ਸੋਚ ਹੁੰਦੀ ਏ।' 'ਹਾਂ ਯਾਰ ਆਪਣੀ ਬੋਲੀਓਂ ਵਾਂਝੇ ਹੋ ਜਾਣਾ ਬੜਾ ਦੁੱਖਦਾਈ ਹੁੰਦਾ ਏ।' ਅਖ਼ਤਰ ਨੇ ਹਉਕੇ ਵਰਗਾ ਲੰਮਾ ਸਾਹ ਲੈਂਦਿਆਂ ਰਾਜੂ ਨੂੰ ਕਿਹਾ ਤੇ ਫਿਰ ਵੰਡ ਤੋਂ ਬਾਅਦ ਲਾਹੌਰ ਵਿਚ ਰਹਿ ਗਏ ਇੱਕ ਗੋਰੇ ਸਾਈਮਨ ਦਾ ਕਿੱਸਾ ਉਹਨੂੰ ਸੁਣਾਉਣ ਲੱਗਾ।



ਉਹਦਾ ਅਸਲ ਨਾਂ ਸਾਈਮਨ ਸੀ ਪਰ ਬਾਲ ਉਹਨੂੰ ਸਾਈਂ ਮੰਨਾ ਕਹਿੰਦੇ ਸਨ। ਖਿੱਲਰੀ ਹੋਈ ਦਾੜ੍ਹੀ ਤੇ ਵਧੇ ਹੋਏ ਵਾਲਾਂ ਵਾਲਾ ਉਹ ਇੱਕ ਬੁੱਢਾ ਅੰਗਰੇਜ਼ ਸੀ। ਸ਼ੁਦਾ ਪਾਰੋਂ ਇਹ ਨਾਂ ਉਹਨੂੰ ਅਜਿਹਾ ਜਚਿਆ ਕਿ ਲੋਕਾਂ ਨੂੰ ਵੀ ਫਿਰ ਸਾਈਂ ਮੰਨਾ ਈ ਯਾਦ ਰਿਹਾ। ਵੰਡ ਤਾਂ ਪਿੱਛੋਂ ਇਕੱਲਾ ਰਹਿ ਗਿਆ ਸਾਈਮਨ ਰੁੱਖਾਂ ਨਾਲ ਅੰਗਰੇਜ਼ੀ ਬੋਲਦਾ ਰਹਿੰਦਾ। ਉਹ ਕਿਸੇ ਇੱਕ ਰੁੱਖ ਅੱਗੇ ਜਾ ਖੜ੍ਹਦਾ ਤੇ ਉਹਦੇ ਨਾਲ ਗੱਲਾਂ ਕਰਨ ਲੱਗ ਪੈਂਦਾ। ਕਦੇ ਧੀਮੀ ਆਵਾਜ਼ ਵਿਚ ਜਿਵੇਂ ਸਰਗੋਸ਼ੀਆਂ ਕਰ ਰਿਹਾ ਹੋਵੇ। ਕਦੇ ਬਹੁਤ ਉੱਚੀ ਬੋਲਦਾ ਜਿਵੇਂ ਸਾਹਮਣੇ ਕੋਈ ਡੌਰਾ ਏ। ਉਹਨੂੰ ਖ਼ਬਰ ਨਹੀਂ ਸੀ ਕਿ ਰੁੱਖ ਡੌਰੇ ਈ ਨਹੀਂ ਹੁੰਦੇ ਗੂੰਗੇ ਵੀ ਹੁੰਦੇ ਨੇ। ਜਦੋਂ ਉਹਨੂੰ ਅੱਗੋਂ ਹੁੰਗਾਰਾ ਨਾ ਮਿਲਦਾ ਤਾਂ ਉਹ ਰੁੱਖਾਂ ਦੇ ਗਲ਼ ਲੱਗ ਕੇ ਰੋਣ ਲੱਗ ਪੈਂਦਾ ਸੀ। ਰੁੱਖ ਨਾ ਸੁਣਦੇ ਸਨ ਨਾ ਬੋਲਦੇ ਸਨ ਤੇ ਲੋਕ ਸੁਣਦੇ ਸੀ ਪਰ ਬੋਲਦੇ ਨਹੀਂ ਸਨ। ਆਮ ਲੋਕਾਂ ਨੂੰ ਸਾਈਮਨ ਦੀ ਬੋਲੀ ਸਮਝ ਨਹੀਂ ਸੀ ਆਉਂਦੀ, ਜਿਹਨਾਂ ਨੂੰ ਉਹਦੀ ਬੋਲੀ ਆਉਂਦੀ ਸੀ ਉਹਨਾਂ ਨੂੰ ਸਾਈਮਨ ਕੋਲ ਬੈਠ ਕੇ ਉਹਦੀ ਬੋਲੀ ਵਿਚ ਗੱਲਾਂ ਕਰਨ ਦਾ ਵਿਹਲ ਨਹੀਂ ਸੀ।

ਰੁੱਖਾਂ ਨਾਲ ਗੱਲਾਂ ਕਰਨ ਤੇ ਉਹਨਾਂ ਨੂੰ ਜੱਫੀ ਪਾ ਕੇ ਰੋਣ ਵਜੋਂ ਸਾਈਮਨ ਨੂੰ ਪਾਗਲਖਾਨੇ ਦਾਖ਼ਲ ਕਰਾ ਦਿੱਤਾ ਗਿਆ। ਉਹਦਾ ਇਲਾਜ ਉਹਨੂੰ ਪਾਗਲਪਨ ਦੇ ਲੱਗਣ ਵਾਲੇ ਟੀਕੇ ਨਹੀਂ ਸਗੋਂ ਉਹਦੇ ਨਾਲ ਬੋਲੇ ਦੋ ਮਿੱਠੇ ਬੋਲ ਸਨ। ਇਹ ਸੁਰਤ ਕਿਸੇ ਨੂੰ ਵੀ ਨਾ ਆਈ। ਪਾਗਲਖਾਨੇ ਵਿਚ ਉਹਦਾ ਤਮਾਸ਼ਾ ਲੱਗਣ ਲੱਗ ਪਿਆ। ਪਾਗਲ ਇਕੱਠੇ ਹੋ ਕੇ ਸਾਈਮਨ ਨੂੰ ਘੇਰਾ ਪਾ ਲੈਂਦੇ ਤੇ ਉਹਨੂੰ ਛੇੜਦੇ। ਉਹ ਅੰਗਰੇਜ਼ੀ ਵਿਚ ਗਾਹਲਾਂ ਕੱਢਦਾ, ਪਾਗਲ ਹੋਰ ਛੇੜਦੇ। ਸਾਈਮਨ ਚੀਕਦਾ ਤੇ ਆਪਣਾ ਸਿਰ ਪਿੱਟ ਲੈਂਦਾ। ਇਹ ਵੇਖਦੇ ਹੋਏ ਦੁਆਲੇ ਖੜ੍ਹੇ ਪਾਗਲ ਤਾੜੀਆਂ ਮਾਰਦੇ, ਉੱਚੀ-ਉੱਚੀ ਹੱਸਦੇ। ਕਦੀ ਸਾਈਮਨ ਇਕ ਦਮ ਆਕੜ ਕੇ ਖੜ੍ਹਾ ਹੋ ਜਾਂਦਾ ਤੇ ਪਾਗਲਾਂ ਨੂੰ ਹੁਕਮ ਚਲਾਉਣ ਲੱਗ ਪੈਂਦਾ। ਪਾਗਲ ਉਹਨੂੰ ਸਲੂਟ ਕਰਨ ਦੀ ਬਜਾਏ 'ਏਥੇ ਵੱਜ' ਕਿਸਮ ਦੇ ਇਸ਼ਾਰੇ ਕਰਦੇ ਤਾਂ ਉਹ ਭੁਏਂ ਤੇ ਬੈਠ ਕੇ ਸਿਰ ਗੋਡਿਆਂ ਵਿਚ ਲੈ ਲੈਂਦਾ ਤੇ ਫਿਰ ਰੋਣ ਲੱਗ ਪੈਂਦਾ। ਇਹ ਤਮਾਸ਼ਾ ਆਪਣੇ ਪਾਗਲ ਰਿਸ਼ਤੇਦਾਰਾਂ ਦੀ ਖ਼ਬਰ ਲੈਣ ਆਏ ਸਿਆਣੇ ਬਿਆਣੇ ਲੋਕ ਵੀ ਬੜੇ ਸ਼ੌਕ ਨਾਲ ਵੇਖਦੇ।

ਸਾਈਮਨ ਜੇ ਪਾਗਲ ਨਹੀਂ ਵੀ ਸੀ ਤਾਂ ਹੁਣ ਪਾਗਲ ਹੋ ਗਿਆ ਸੀ।

'ਦੂਜੇ ਗੋਰਿਆਂ ਵਾਂਗੂੰ ਉਹ ਆਪਣੇ ਦੇਸ਼ ਕਿਉਂ ਨਾ ਪਰਤ ਗਿਆ?' ਰਾਜੂ ਨੇ ਪੁੱਛਿਆ ਤਾਂ ਅਖ਼ਤਰ ਨੇ ਦੱਸਿਆ, "ਸੰਤਾਲੀ ਤੋਂ ਮਗਰੋਂ ਜਦੋਂ ਅੰਗਰੇਜ਼ ਹਿੰਦ ਪਾਕ ਵਿਚੋਂ ਜਾ ਰਹੇ ਸਨ, ਸਾਈਮਨ ਨੂੰ ਵੀ ਉਹਨਾਂ ਨਾਲ ਲੈ ਜਾਣਾ ਚਾਹਿਆ ਪਰ ਉਸ ਇਨਕਾਰ ਕਰ ਦਿੱਤਾ ਸੀ। ਸਾਈਮਨ ਕਹਿੰਦਾ ਸੀ, 'ਲਾਹੌਰ ਦੇ ਗੋਰਾ ਕਬਰਸਤਾਨ ਵਿਚ ਉਹਦੀ ਸਵਾਣੀ ਡਾਇਨਾ ਤੇ ਦੋ ਬਾਲ ਅਲੈਜ਼ਬਥ ਤੇ ਬੈਂਜਾਮਨ ਦਫ਼ਨ ਨੇ। ਉਹ ਇਥੋਂ ਨਹੀਂ ਜਾਏਗਾ।' ਇਹ ਮਿੱਟੀ ਤੇ ਮਾਸ ਦਾ ਵੀ ਅਜੀਬ ਰਿਸ਼ਤਾ ਏ। ਜਿੱਥੇ ਤੁਹਾਡਾ ਨਾੜੂ ਦੱਬਿਆ ਹੋਵੇ ਉਹ ਭੂਮੀ ਤੁਹਾਨੂੰ ਆਪਣੇ ਜੁੱਸੇ ਦਾ ਅੰਗ ਜਾਪਦੀ ਏ ਤੇ ਜਿੱਥੇ ਤੁਹਾਡੇ ਪਿਆਰਿਆਂ ਦੇ ਜੁੱਸੇ ਦੱਬੇ ਹੋਵਣ ਉਹ

ਖ਼ਾਕ ਭੋਏਂ ਤੇ ਧਰਤੀ ਕਲਬੂਤ ਤੋਂ ਵੀ ਅੱਗੇ ਰੂਹ ਦਾ ਕੋਈ ਹਿੱਸਾ ਮਾਲੂਮ ਹੁੰਦੀ ਏ। ਬੰਦੇ ਦਾ ਜ਼ਮੀਰ ਮਿੱਟੀ ਵਿਚੋਂ ਏਂ ਤੇ ਰੂਹ ਜ਼ਮੀਰ ਦਾ ਈ ਦੂਜਾ ਨਾਂ ਏ। ਪਰ ਥਾਉਂ ਥਾਂ ਫਿਰਨ ਵਾਲਿਆਂ ਦੇ ਮਨ ਵਿਚੋਂ ਮਿੱਟੀ ਦਾ ਮੋਹ ਕਦੇ ਮਰ ਵੀ ਜਾਂਦਾ ਏ, ਕਿਉਂਕਿ ਉਹਨਾਂ ਨੂੰ ਧਰਤੀ ਨਹੀਂ, ਧਨ ਪਿਆਰਾ ਹੋ ਜਾਂਦਾ ਏ। ਇਹ ਆਖ਼ਰੀ ਗੱਲ ਕਰਦੇ ਹੋਏ ਅਖ਼ਤਰ ਦੇ ਸਾਹਵੇਂ ਸਾਈਮਨ ਨਹੀਂ ਸਗੋਂ ਇਥੇ ਲੰਦਨ ਵਿਚ ਈ ਵਸਦਾ ਆਪਨਾ ਇਕ ਦੋਸਤ ਮਨਸ਼ਾ ਸੀ।

'ਲੈ ਭਈ, ਯਾਦ ਰੱਖੀਂ ਜੇ ਮੈਂ ਇਥੇ ਮਰ ਗਿਆ ਤਾਂ ਮੇਰੀ ਲਾਸ਼ ਪਿੱਛੇ ਪਹੁੰਚਾ ਦੇਵੀਂ।' ਰਾਜੂ ਨੇ ਅਖ਼ਤਰ ਨੂੰ ਵਸੀਅਤ ਕੀਤੀ।

ਅਖ਼ਤਰ ਨੇ ਰਾਜੂ ਦੇ ਚਿਹਰੇ ਵੱਲ ਵੇਖਿਆ। ਉੱਥੇ ਬੁੱਲ੍ਹਾਂ ਤੇ ਮੁਸਕੜੀ ਹੋਣ ਦੇ ਬਾਵਜੂਦ ਅੱਖੀਆਂ ਵਿਚ ਗੂੜ੍ਹੀ ਉਦਾਸੀ ਸੀ।

ਵਿਆਹ ਤੋਂ ਬਾਅਦ ਕੁਝ ਚਿਰ ਲਈ ਪੰਜਾਬ ਜਾਂਦੇ ਹੋਏ ਅਖ਼ਤਰ ਨੇ ਕੈਥੀ ਨੂੰ ਵੀ ਨਾਲ ਲੈ ਜਾਣਾ ਚਾਹਿਆ ਪਰ ਪੈਰ ਭਾਰਾ ਹੋਣ ਪਾਰੋਂ ਡਾਕਟਰ ਨੇ ਕੈਥੀ ਨੂੰ ਇਸ ਸਫ਼ਰ ਤੋਂ ਵਰਜ ਦਿੱਤਾ ਸੀ। ਅਖ਼ਤਰ ਨੇ ਪੰਜਾਬ ਜਾ ਕੇ ਵੇਖਿਆ, ਪਿੰਡ ਵਿਚ ਨਿਆਈਂ ਤੋਂ ਲੈ ਕੇ ਨਹਿਰ ਤੱਕ ਸਾਰਾ ਰਕਬਾ ਉਹਨਾਂ ਖਰੀਦ ਲਿਆ ਹੋਇਆ ਸੀ। ਉੱਚਾ ਤੇ ਖ਼ੂਬਸੂਰਤ ਬੰਗਲਾ ਬਣਵਾ ਲਿਆ ਹੋਇਆ ਸੀ। ਘਰ ਵਾਲਿਆਂ ਉਹਨੂੰ ਛੇਤੀ ਈ ਲੰਦਨ ਜਾ ਕੇ ਹੋਰ ਪੈਸੇ ਘੱਲਣ ਦੀ ਗੱਲ ਕੀਤੀ ਤਾਂ ਜੋ ਨਹਿਰ ਤੋਂ ਪਾਰ ਵਾਲਾ ਮੁਰੱਬਾ ਖਰੀਦਿਆ ਜਾ ਸਕੇ। ਪਰ ਪ੍ਰਦੇਸ ਵਿਚ ਰਹਿੰਦੇ ਹੋਏ ਆਪਨੀ ਮਿੱਟੀ ਤੇ ਲੱਗਦੇ ਲਾਣਿਆਂ ਤੋਂ ਦੂਰੀ ਦਾ ਜੋ ਕਸ਼ਟ ਤੇ ਸੰਤਾਪ ਉਹ ਭੋਗ ਰਿਹਾ ਸੀ, ਉਸ ਬਾਰੇ ਕਿਸੇ ਵੀ ਨਾ ਪੁੱਛਿਆ। ਤਿੰਨ ਮਹੀਨਿਆਂ ਬਾਅਦ ਉਹ ਲੰਦਨ ਮੁੜਿਆ ਤਾਂ ਕੈਥੀ ਨਾਲ ਕਰਨ ਲਈ ਉਸ ਕੋਲ ਖੇਤਾਂ, ਫਸਲਾਂ, ਰੁੱਤ ਦੇ ਰੰਗਾਂ ਤੇ ਅੰਗਾਂ ਸਾਕਾਂ ਬਾਰੇ ਢੇਰ ਸਾਰੀਆਂ ਗੱਲਾਂ ਸਨ, ਪਰ ਕੈਥੀ ਨੇ ਇਹਨਾਂ ਗੱਲਾਂ ਵਿਚ ਕੋਈ ਵੀ ਦਿਲਚਸਪੀ ਜ਼ਾਹਰ ਨਾ ਕੀਤੀ।

ਦੂਜੀ ਪੰਜਾਬ ਫੇਰੀ ਵੇਲੇ ਉਹ ਕੈਥੀ ਤੇ ਬਾਲਾਂ ਨੂੰ ਵੀ ਨਾਲ ਲੈ ਗਿਆ। ਪਿੰਕੀ ਉਦੋਂ ਸੱਤਾਂ ਵਰ੍ਹਿਆਂ ਦੀ ਸੀ। ਮਾਣੀ ਤੁਰਨ ਦੀ ਜਾਂਚ ਸਿੱਖ ਰਿਹਾ ਸੀ ਤੇ ਬੌਬੀ ਅਜੇ ਗੋਦ ਵਿਚ ਸੀ। ਕੈਥੀ ਤੇ ਬਾਲਾਂ ਨੂੰ ਮਿਲ ਕੇ ਸਾਰੇ ਈ ਖ਼ੁਸ਼ ਹੋਏ ਸਨ। ਪਿੰਕੀ ਬਾਰੇ ਕਿਹਾ ਗਿਆ ਕਿ ਇਹਦੀ ਸ਼ਕਲ ਆਪਨੀ ਫੁੱਫੀ ਨਾਲ ਮਿਲਦੀ ਏ ਤੇ ਬੌਬੀ ਦਾ ਮੁਹਾਂਦਰਾ ਆਪਨੇ ਮਰਨ ਵਾਲੇ ਦਾਦੇ ਤੇ ਗਿਆ ਏ। ਹੈਰਾਨੀ ਅਖ਼ਤਰ ਨੂੰ ਉਦੋਂ ਹੋਈ ਜਦੋਂ ਉਹਦੀ ਆਪਨੀ ਫੁੱਫੀ ਜੋ ਬੁੱਢ ਵਡੇਰੀ ਤੇ ਅੰਨ੍ਹੀ ਮੋਰਾਂ ਹੋ ਚੁੱਕੀ ਸੀ, ਨੇ ਮਾਣੀ ਨੂੰ ਗੋਦ ਵਿਚ ਲੈਂਦਿਆਂ ਉਹਦੇ ਚਿਹਰੇ ਨੂੰ ਟੋਹ ਕੇ ਮਾਣੀ ਦੇ ਪੜਦਾਦੇ ਨਾਲ ਇਹਦੀ ਮਸ਼ਾਬਹਤ ਦਾ ਐਲਾਨ ਕਰ ਦਿੱਤਾ। ਮਾਣੀ ਜਿਹਨੂੰ ਵੱਖਰੇ ਸੁਭਾਅ ਦਾ ਹੋਣ ਪਾਰੋਂ ਏਥੇ ਸਾਰੇ ਘਰ ਵਾਲੇ ਕਾਠਾ ਅੰਗਰੇਜ਼ ਆਖਦੇ ਸਨ। ਉਹ ਕਿਸੇ ਦੀ ਝੋਲੀ ਵਿਚ ਘੱਟ ਹੀ ਠਹਿਰਦਾ ਸੀ ਪਰ ਇਸ ਅੰਨ੍ਹੀ ਮਾਈ ਦੀ ਗੋਦ ਵਿਚ ਸਕੂਨ ਨਾਲ ਖੇਡਦਾ ਰਿਹਾ। ਅਖ਼ਤਰ ਨੇ ਫੁੱਫੀ ਨਾਲ ਇਹੀ ਗੱਲ ਕੀਤੀ ਤਾਂ ਉਹਨੇ ਕਿਹਾ, 'ਆਪਣੇ ਲਹੂ



ਨੂੰ ਲਹੂ ਸਿਹਾਣ ਲੈਂਦਾ ਏ।'

ਇਸ ਨੇੜ੍ਹਤਾ ਤੇ ਸਾਂਝ ਵਿਚਲੇ ਭੇਤ ਨੂੰ ਤੇ ਅਖ਼ਤਰ ਨਾ ਜਾਣ ਸਕਿਆ ਪਰ ਪਿਛਲੀ ਪੀੜ੍ਹੀ ਨਾਲ ਮਿਲਦੇ ਇਹਨਾਂ ਮੁਹਾਂਦਰਿਆਂ ਪਾਰੋਂ ਇਹ ਸਿੱਟਾ ਉਹਨੇ ਜ਼ਰੂਰ ਕੱਢਿਆ ਕਿ ਰਿਸ਼ਤਿਆਂ ਵਿਚ ਫਾਸਲ ਕੋਈ ਨਹੀਂ। ਇਹ ਇੱਕ ਲਾਮਕਾਨੀ ਲਾਜ਼ਮਾਨੀ ਤੁਅੱਲਕ ਹੁੰਦਾ ਹੈ।

ਵਰ੍ਹਿਆਂ ਬਾਅਦ ਜਦੋਂ ਅਖ਼ਤਰ ਨੂੰ ਆਪਨੀ ਔਲਾਦ ਵਿਚ ਇਸ ਮੁਹਾਂਦਰਿਆਂ ਦਾ ਮੁਸ਼ਾਬਹਤ ਤੋਂ ਵੱਖ ਹੋਰ ਕੋਈ ਵੀ ਵਸਫ ਆਪਨੇ ਪੁਰਖਿਆਂ ਵਾਲਾ ਨਜ਼ਰ ਨਹੀਂ ਸੀ ਆਇਆ ਤਾਂ ਉਦੋਂ ਉਹਨੇ ਸੋਚਿਆ ਸੀ ਖ਼ਾਨਦਾਨ ਦੇ ਜੁੜੇ ਰਹਿਣ ਲਈ ਜੁੱਸਿਆਂ ਵਿਚ ਦੌੜ ਰਹੇ ਲਹੂ ਦੀ ਸਾਂਝ ਦੀ ਈ ਨਿਰੀ ਲੋੜ ਨਹੀਂ ਹੁੰਦੀ ਸਗੋਂ ਮਿੱਟੀ ਦੀ ਸਾਂਝ ਵੀ ਸ਼ਾਇਦ ਜ਼ਰੂਰੀ ਹੁੰਦੀ ਏ।

ਉਹਨੂੰ ਤੈਅ ਸ਼ੁਦਾ ਸ਼ਡਿਊਲ ਤੋਂ ਪਹਿਲਾਂ ਹੀ ਲੰਦਨ ਮੁੜਨਾ ਪਿਆ ਸੀ। ਬਾਲਾਂ ਨੂੰ ਪੰਜਾਬ ਦੀ ਰੁੱਤ ਰਾਸ ਨਹੀਂ ਸੀ ਆਈ। ਉਹਨਾਂ ਦੀ ਮਿੱਟੀ ਜੋ ਉਪਰੀ ਸੀ ਤੇ ਫਿਰ ਮੌਸਮ ਵੀ ਓਪਰਾ ਈ ਲੱਗਣਾ ਸੀ। ਲੰਦਨ ਆ ਕੇ ਬਾਲਾਂ ਦੇ ਚੈੱਕਅਪ ਦੌਰਾਨ ਡਾਕਟਰ ਨੇ ਜਦ ਅਖ਼ਤਰ ਨੂੰ ਕਿਹਾ ਕਿ ਚਿੰਤਾ ਵਾਲੀ ਕੋਈ ਗੱਲ ਨਹੀਂ, ਬਾਲਾਂ ਨੂੰ ਐਵੇਂ ਜ਼ਰਾ ਡਸਟ ਅਲਰਜੀ ਹੋ ਗਈ ਸੀ ਤਾਂ ਅਖ਼ਤਰ ਬੁੜਬੁੜਾਇਆ 'ਇਹੀ ਤੇ ਅਸਲ ਚਿੰਤਾ ਏ।' ਅੰਗਰੇਜ਼ ਡਾਕਟਰ ਉਹਦੀ ਇਹ ਗੱਲ ਸਮਝ ਨਹੀਂ ਸੀ ਸਕਿਆ।

ਫਿਰ ਰਾਜੂ ਨੂੰ ਬਾਲਾਂ ਦੀ ਇਸ ਬੀਮਾਰੀ ਬਾਰੇ ਦੱਸਦੇ ਹੋਏ ਅਖ਼ਤਰ ਪਹਿਲਾਂ ਹੱਸਿਆ ਤੇ ਫਿਰ ਰੋ ਪਿਆ। ਹੱਸਿਆ ਉਹ ਇਸ ਲਈ ਕਿ ਧਰਤੀ ਜਾਇਆਂ ਦੇ ਬਾਲਾਂ ਨੂੰ ਖੇਹ ਮਿੱਟੀ ਤੋਂ ਭਲਾ ਕੀ ਕੁਨਛ ਹੋ ਸਕਦੀ ਏ ਤੇ ਰੋਇਆ ਇਸ ਵਜ੍ਹੋਂ ਕਿ ਅਗਲੀ ਨਸਲ ਵਿਚ ਮਿੱਟੀ ਤੇ ਮਾਸ ਦਾ ਸਦੀਆਂ ਪੁਰਾਣਾ ਰਿਸ਼ਤਾ ਟੁੱਟ ਰਿਹਾ ਏ। ਸਗੋਂ ਮਿੱਟੀ ਤੇ ਮਾਸ ਨੂੰ ਇੱਕ ਦੂਜੇ ਨਾਲ ਜ਼ਿੱਦ ਹੋ ਗਈ ਏ। ਇਹਨੂੰ ਉਹ ਮਾਇਆ ਦਾ ਸਿਤਮ ਆਖਣ ਜਾਂ ਕਰਮ, ਰਾਜੂ ਤੇ ਅਖ਼ਤਰ ਕੋਈ ਫੈਸਲਾ ਨਾ ਕਰ ਸਕੇ।

ਮਨਸ਼ੇ ਨੇ ਸੁਣਿਆ ਤਾਂ ਉਹ ਬਹੁਤ ਖ਼ੁਸ਼ ਹੋਇਆ। ਉਸ ਕਿਹਾ, 'ਮੁਬਾਰਕ ਹੋਏ! ਇਹ ਬੀਮਾਰੀ ਨਹੀਂ ਇੱਕ ਅਲਾਮਤ ਏ ਪੁਰਖਿਆਂ ਦੇ ਉਜੱਡ ਪੁਣੇ ਨੂੰ ਉਲੰਘ ਕੇ ਉੱਚੀ ਗੁੜ੍ਹਤਲ ਵੱਲ ਉੱਠੇ ਬਾਲਾਂ ਦੇ ਪਹਿਲੇ ਪੈਰ ਦੀ ਤੇ ਬਾਲਾਂ ਦੀ ਕਮਿਸਟਰੀ ਚੇਂਜ ਹੋ ਰਹੀ ਏ।'

'ਸ਼ੈਤਾਨ ਦਾ ਪੁੱਤਰ' ਗੁੱਸੇ ਨਾਲ ਅਖ਼ਤਰ ਨੇ ਖ਼ਿਆਲ ਈ ਖ਼ਿਆਲ ਵਿਚ ਮਨਸ਼ੇ ਦੇ ਮੂੰਹ ਤੇ ਥੁੱਕ ਦਿੱਤਾ ਸੀ। ਮਰਿਆਦਾ ਦਾ ਨਾਬਰ ਤੇ ਪੁਰਖਿਆਂ ਦਾ ਮਜ਼ਾਕ ਉਡਾਉਣ ਵਾਲਾ ਮਨਸ਼ਾ ਉਹਨੂੰ ਕਦੇ ਵੀ ਪਸੰਦ ਨਹੀਂ ਆਇਆ। ਇਕ ਅਜਿਹਾ ਬੰਦਾ ਜਿਹਨੂੰ ਆਪਨੇ ਲਹੂ ਦੀ ਪਛਾਣ ਨਾ ਸੀ ਆਈ ਨਾ ਈ ਆਪਨੀ ਮਿਟੀ ਦੀ ਕਦਰ। ਜਿਹੜਾ ਬੜੇ ਮਾਣ ਨਾਲ ਦੱਸਦਾ ਕਿ ਅਰਬ ਵਿਚ ਇੱਕ ਬੁੱਢੇ ਬਦੂ ਦੀ ਸਵਾਣੀ ਨੇ ਇੱਕ ਬਾਲ ਤੁਹਾਡੇ ਮਨਸ਼ੇ ਯਾਰ ਦਾ ਵੀ ਜੰਮਿਆ। 'ਓਪਰੇ ਭਾਂਡੇ ਵਿਚ ਜਾਗ ਲਾਉਂਦਿਆਂ ਤੈਨੂੰ ਲਾਜ ਨਾ ਆਈ?' ਰਾਜੂ ਨੇ

ਇੱਕ ਵਾਰ ਉਹਨੂੰ ਪੁੱਛਿਆ। 'ਨਹੀਂ ਬਿਲਕੁਲ ਨਹੀਂ ਤੇ ਨਾ ਈ ਮੈਂ ਕਦੇ ਅਰਬਾਂ ਵਿਚ ਪਲ ਰਹੇ ਆਪਣੇ ਉਸ ਬਾਲਕ ਬਾਰੇ ਸੋਚਿਆ ਏ। ਮਨਸ਼ੇ ਨੇ ਚਿੰਤਾ ਮੁਕਤ ਦੱਸਿਆ ਸੀ। ਸਾਊਥ ਅਫਰੀਕਾ ਦੀ ਇਕ ਨੀਗਰੋ ਕੁੜੀ ਮਨਸ਼ੇ ਦੇ ਨਿਕਾਹ ਵਿਚ ਰਹੀ। ਬਾਅਦ ਵਿਚ ਤਿੰਨ ਬਾਲੜੀਆਂ ਅਤੇ ਉਸ ਨੀਗਰੋ ਕੁੜੀ ਨੂੰ ਛੱਡ ਕੇ ਆਪ ਇੰਗਲੈਂਡ ਆਇਆ ਤੇ ਮੁੜ ਕਦੀ ਉਹਨਾਂ ਦੀ ਸਾਰ ਨਾ ਲਈ। ਮਨਸ਼ਾ ਅਕਸਰ ਕਹਿੰਦਾ, 'ਇਹ ਮਿੱਟੀ ਮੋਹ, ਮਰਿਆਦਾ ਕੀ ਏ ਮੈਂ ਨਹੀਂ ਜਾਣਦਾ। ਮੈਨੂੰ ਤੇ ਬਸ ਮਿੱਟੀ, ਮਾਸ ਤੇ ਮਾਇਆ ਦਾ ਪਤਾ ਏ। ਗਲੋਬਲਾਈਜੇਸ਼ਨ ਦੇ ਦੌਰ ਵਿਚ ਵੀ ਬੰਦੇ ਨੂੰ ਪੁਰਾਣੇ ਹੱਦ ਬੰਨਿਆਂ ਵਿਚ ਕੈਦ ਨਹੀਂ ਰਹਿਣਾ ਚਾਹੀਦਾ।' ਅਖ਼ਤਰ ਤੇ ਰਾਜੂ ਮਨਸ਼ੇ ਨੂੰ ਵੇਖ ਕੇ ਸੋਚਦੇ ਕਿ ਬੰਦਾ ਐਨਾ ਬੇਫਿਕਰ ਵੀ ਹੋ ਸਕਦਾ ਏ? ਕਿਉਂਕਿ ਮਨਸ਼ੇ ਨੇ ਨਾ ਕਦੀਂ ਆਪਣੀ ਔਲਾਦ ਦੀ ਪਰਵਾਹ ਕੀਤੀ ਸੀ ਨਾ ਈ ਪਿੱਛੇ ਮੌਜੂਦ ਆਪਣੇ ਖਾਨਦਾਨ ਦੀ। ਉਹ ਜੋ ਵੀ ਕਮਾਉਂਦਾ, ਸ਼ਰਾਬ ਪੀਣ ਜਾਂ ਵੈਸ਼ਿਆਂ ਔਰਤਾਂ ਨਾਲ ਸੌਣ ਤੇ ਖਰਚ ਕਰ ਦਿੰਦਾ।

'ਦੁਨੀਆਂ ਕਿੰਨੀ ਵੀ ਗਲੋਬਲ ਹੋ ਜਾਏ ਇਹ ਗਲੋਬਲਾਈਜੇਸ਼ਨ ਮੰਡੀ ਤੇ ਮਾਲ ਤੱਕ ਈ ਮਹਿਦੂਦ ਰਹਿਸੀ' ਅਖ਼ਤਰ ਰਾਜੂ ਨੂੰ ਸਮਝਾਇਆ। 'ਬੰਦਾ ਆਪਣੀ ਗੁੜ੍ਹਤਲ, ਰਹਿਤਲ, ਬੋਲੀ ਤੇ ਵਰਤਾਰੇ ਵਿਚ ਕਦੇ ਵੀ ਗਲੋਬਲ ਨਹੀਂ ਹੋ ਸਕਦਾ। ਹਰ ਬੰਦੇ ਦੀ ਆਪਣੀ ਮਿੱਟੀ ਹੁੰਦੀ ਏ ਤੇ ਹਰ ਮਿੱਟੀ ਦੀ ਆਪਣੀ ਮਰਿਆਦਾ ਤੇ ਇੱਕ ਵੱਖਰਾ ਹੇਰਵਾ। ਰਾਜੂ ਦੇਖ! ਪਿੰਡ ਦੀ ਨਿੱਕੀ ਜਿਹੀ ਗੱਲ ਸਾਡੇ ਲਈ ਕਿੰਨੀ ਵੱਡੀ ਖ਼ਬਰ ਹੁੰਦੀ ਏ। ਫੋਨ ਵਿਚ ਅਸੀਂ ਇਥੋਂ ਤੱਕ ਕਿਉਂ ਪੁੱਛ ਲੈਂਦੇ ਹਾਂ ਕਿ ਬੂਰੀ ਮੱਝ ਨੇ ਐਤਕੀਂ ਕੱਟਾ ਦਿੱਤਾ ਏ ਜਾਂ ਕੱਟੀ। ਸਾਨੂੰ ਇਹ ਜਾਨਣ ਦੀ ਖ਼ਾਹਿਸ਼ ਕਿਉਂ ਹੁੰਦੀ ਏ ਕਿ ਰੋਹੀ ਵਾਲੇ ਨੀਵੇਂ ਖੇਤ ਵਿਚ ਐਤਕੀਂ ਕਿਹੜੀ ਫਸਲ ਬੀਜੀ ਗਈ? ਅੰਬ ਦੇ ਉਸ ਰੁਖ਼ ਤੇ ਸਾਨੂੰ ਬੂਰ ਆਉਣ ਦੀ ਉਡੀਕ ਕਿਉਂ ਰਹਿੰਦੀ ਏ ਜਿਹੜਾ ਅਸੀਂ ਆਪਣੇ ਹੱਥਾਂ ਨਾਲ ਪਿੱਛੇ ਲਾ ਕੇ ਆਏ ਹੁੰਦੇ ਆਂ?' ਰਾਜੂ ਕੋਲ ਇਹਨਾਂ ਸਵਾਲਾਂ ਦਾ ਕੋਈ ਜਵਾਬ ਨਹੀਂ ਸੀ। ਉਹ ਤੇ ਆਪ ਇਹ ਸੋਚ ਰਿਹਾ ਸੀ ਕਿ ਇੰਗਲੈਂਡ ਦੀ ਇਕ ਰਸੀ ਰੁੱਤ ਵਿਚ ਰਹਿੰਦੇ ਹੋਏ ਵੀ ਉਹ ਵਰ੍ਹੇ ਦਾ ਦੇਸੀ ਹਿਸਾਬ ਕਿਉਂ ਨਹੀਂ ਭੁੱਲਿਆ। ਪੋਹ ਮਾਘ ਫੱਗਣ, ਚੇਤਰ .... ਗੁੜ੍ਹਤੀ ਵਿਚ ਮਿਲਿਆ ਇਹ ਰੁੱਤ ਲੇਖਾ ਤੇ ਸ਼ਾਇਦ ਉਹਨੂੰ ਪ੍ਰਲੋਕ ਵਿਚ ਵੀ ਨਾ ਵਿਸਰੇ। ਅਖ਼ਤਰ ਦਾ ਗੱਚ ਭਰ ਆਇਆ ਸੀ ਤੇ ਰਾਜੂ ਦੀਆਂ ਵੀ ਅੱਖਾਂ ਭਿੱਜ ਗਈਆਂ ਸਨ।

ਰਾਜੂ ਮਹੀਨੇ ਵਿਚ ਇੱਕ ਵੀਕ ਐਂਡ ਤੇ ਅਖ਼ਤਰ ਦੇ ਘਰ ਜ਼ਰੂਰ ਆਉਂਦਾ। ਉਹ ਬੱਚਿਆਂ ਨੂੰ ਮਿਲ ਕੇ ਆਪਣਾ ਦਲਿੱਦਰ ਦੂਰ ਕਰਦਾ। ਰਾਜੂ ਹਰ ਵਾਰ ਬੱਚਿਆਂ ਲਈ ਕੋਈ ਗਿਫ਼ਟ ਪੈਕ ਜ਼ਰੂਰ ਲਿਆਉਂਦਾ ਸੀ। ਇੱਕ ਵਾਰ ਉਹ ਪਿੰਕੀ ਲਈ ਕਰੋਸ਼ੀਆ ਸੈੱਟ. ਧਾਗੇ ਦੇ ਗੁੱਛੇ ਤੇ ਕਸੀਦਾਕਾਰੀ ਦੀ ਕੋਈ ਗਾਈਡ ਲੈ ਕੇ ਆਇਆ। ਉਹਨੇ ਕਿਹਾ ਕਿ ਇਹ ਉਮਰ ਪਿੰਕੀ ਦੀ ਸਿਖਲਾਈ ਦੀ ਏ ਤੇ ਫਿਰ ਲਾਡ ਤੇ ਮਾਣ ਨਾਲ ਪਿੰਕੀ ਦੇ ਸਿਰ ਤੇ ਪਿਆਰ ਦੇ ਕੇ



ਬੋਲਿਆ, "ਸਾਡੀ ਧੀ ਹੁਣ ਮੇਜ਼ਪੋਸ਼ਾਂ ਦੀਆਂ ਲੈਸਾਂ ਕੱਢ ਕੇ ਵਿਖਾਵੇਗੀ।' ਪਿੰਕੀ ਨੇ ਉਦੋਂ ਵੀ ਨੱਕ ਮੂੰਹ ਵੱਟਿਆ ਤੇ ਮੁੜ ਕੇ ਦੂਜੀ ਵਾਰ ਇਹਨਾਂ ਚੀਜ਼ਾਂ ਨੂੰ ਹੱਥ ਵੀ ਨਾ ਲਾਇਆ। ਮਾਣੀ ਨੂੰ ਉਹਨੇ ਖ਼ੂਬਸੂਰਤ ਰੰਗਦਾਰ ਬਾਂਸਰੀ ਦਿੱਤੀ ਪਰ ਮਾਣੀ ਨੇ ਜ਼ਿੱਦ ਕਰਕੇ ਅਗਲੀ ਵਾਰ ਛੋਟੀ ਗੁਟਾਰ ਮੰਗਵਾ ਲਈ। ਬੌਬੀ ਨੂੰ ਰਾਜੂ ਨੇ 'ਬੰਦੇ ਦਾ ਪੁੱਤਰ' ਬਣਾਉਣ ਲਈ ਪੂਰਾ ਟਿੱਲ ਲਾਇਆ। ਬੌਬੀ ਲੁੱਡੀਆਂ ਪਾਉਣ, ਬੈਠਕਾਂ ਮਾਰਨ ਤੇ ਆਪਣੀ ਵੀਣੀ ਮੂੰਹ ਨਾਲ ਜੋੜ ਕੇ ਬੁਲਬਲੀ ਮਾਰਨ ਸਿੱਖ ਗਿਆ ਸੀ। ਰਾਜੂ ਨੂੰ ਬੌਬੀ ਨਾਲ ਮੋਹ ਸੀ ਤੇ ਬੌਬੀ ਨੂੰ ਵੀ ਆਪਣੇ ਅੰਕਲ ਨਾਲ ਬਹੁਤੇਰੀ ਲਟਕ ਸੀ। ਬੌਬੀ ਆਪਣੇ 'ਰਾਜ ਅੰਕਲ' ਕੋਲੋਂ ਫ਼ੋਕ ਟੇਲਜ਼ ਸੁਣਦਾ। ਰਾਜੂ ਤੇ ਅਖ਼ਤਰ ਉਹਨੂੰ ਪੰਜਾਬ ਦੀਆਂ ਲੋਕ ਬਾਤਾਂ ਸੁਣਾਉਂਦੇ। ਇਹਨਾਂ ਬਾਤਾਂ ਵਿਚ ਪਸ਼ੂਆਂ, ਜਾਨਵਰਾਂ ਤੇ ਰੁੱਖਾਂ ਨੂੰ ਜਦੋਂ ਬੰਦਿਆਂ ਵਾਂਗ ਗੱਲਾਂ ਕਰਦੇ ਵੇਖਦਾ ਤਾਂ ਅਕਲ ਦਾ ਪੁਤਲਾ ਬੌਬੀ ਇਹਨਾਂ ਬਾਤਾਂ ਨੂੰ ਨਾ ਮੰਨਣਯੋਗ ਆਖ ਕੇ 'ਝੂਠ-ਝੂਠ' ਦਾ ਰੌਲਾ ਪਾ ਦਿੰਦਾ। ਰਾਜੂ ਤੇ ਅਖ਼ਤਰ ਸਫਾਈ ਦਿੰਦੇ ਕਿ ਇੱਕ ਯੁੱਗ ਸੀ ਜਦੋਂ ਰੁੱਖ, ਪਸ਼ੂ ਤੇ ਜਨੌਰ ਬੰਦਿਆਂ ਵਾਂਗ ਹੀ ਬੋਲਦੇ ਸਨ ਤੇ ਬੰਦਾ ਉਹਨਾਂ ਦੀ ਗੱਲ ਸਮਝਦਾ ਸੀ। 'ਤੁਸੀਂ ਮੇਰੇ ਯੁੱਗ ਦੀ ਬਾਤ ਸੁਣਾਓ' ਬੌਬੀ ਅੱਗੋਂ ਕੂਕਦਾ।

ਜਿੱਥੇ ਬੰਦਾ ਬੰਦੇ ਨਾਲ ਬਾਤ ਨਹੀਂ ਕਰਦਾ ਅਜਿਹੇ ਗੂੰਗੇ ਯੁੱਗ ਦੀ ਉਹ ਕੀ ਬਾਤ ਸੁਣਾਉਂਦੇ ਇਸੇ ਲਈ ਉਹ ਦੜ ਵੱਟ ਜਾਂਦੇ।

'ਪਸ਼ੂਆਂ ਤੇ ਜਾਨਵਰਾਂ ਵਿਚਕਾਰ ਕਿਸੇ ਡੰਗਰ ਬੋਲੀ ਦਾ ਵਜੂਦ ਤਾਂ ਮੈਂ ਅੱਜ ਵੀ ਮੰਨਦਾ ਹਾਂ ਪਰ ਇਤਿਹਾਸ ਦੇ ਕਿਸੇ ਵੀ ਵਰਗ ਵਿਚ ਰੁੱਖਾਂ ਦੇ ਗੱਲਾਂ ਕਰਨ ਦਾ ਮੁਨਕਰ ਹਾਂ।' ਅਖ਼ਤਰ ਨੇ ਇੱਕ ਦਿਨ ਰਾਜੂ ਨੂੰ ਵੱਖਰਿਆਂ ਕਰਕੇ ਦੱਸਿਆ ਤੇ ਕਿਹਾ, 'ਜੇ ਰੁੱਖ ਬੋਲਦੇ ਹੁੰਦੇ ਤਾਂ ਸਾਈਮਨ ਕਦੀ ਪਾਗਲ ਨਾ ਹੁੰਦਾ।'

ਫਿਰ ਰਾਜੂ ਇੱਕ ਰੋਡ ਐਕਸੀਡੈਂਟ ਵਿਚ ਮਰ ਗਿਆ। ਉਹਦੀ ਵਸੀਅਤ ਮੁਤਾਬਿਕ ਉਹਦੀ ਲਾਸ਼ ਪਿੱਛੇ ਭੇਜ ਦਿੱਤੀ ਗਈ ਸੀ। ਨਾਲ ਹੀ ਉਹਦਾ ਖੱਟਿਆ ਵੱਟਿਆ ਇੱਕ ਵੱਡੀ ਰਕਮ ਦਾ ਬੈਂਕ ਡਰਾਫ਼ਟ ਵੀ। ਖਣਕਦੀ ਮਾਇਆ ਨਾਲ ਭਰੀ ਪੋਟਲੀ ਤੇ ਹਮਕ ਗਏ ਮੁਰਦਾ ਮਾਸ ਦੀ ਗੁਥਲੀ ਇਕੋ ਹੱਥ ਵਸੂਲ ਕਰਦੇ ਰਾਜੂ ਦੇ ਮਾਪਿਆਂ ਨੂੰ ਕਿੰਨਾ ਅਜੀਬ ਜਿਹਾ ਲੱਗਿਆ ਹੋਵੇਗਾ। ਅਖ਼ਤਰ ਇਹ ਅੱਜ ਵੀ ਸੋਚਦਾ ਏ। ਉਹਨੂੰ ਰਾਜੂ, ਮਨਸ਼ਾ ਤੇ ਸਾਈਮਨ ਅਕਸਰ ਚੇਤੇ ਆਉਂਦੇ ਨੇ। ਰਾਜੂ ਜਿਹਨੇ ਆਪਣੀ ਮਿੱਟੀ ਨੂੰ ਸੰਵਾਰਨ ਲਈ ਇੱਕ ਓਭੜ ਧਰਤੀ ਤੇ ਰਹਿਣ ਦਾ ਕਸ਼ਟ ਕੱਟਿਆ। ਰਾਜੂ ਦੀ ਆਪਣੇ ਖਾਨਦਾਨ ਲਈ ਕੁਰਬਾਨੀ ਯਾਦ ਕਰਦਿਆਂ ਅਖ਼ਤਰ ਦੀਆਂ ਅੱਖੀਆਂ ਭਰ ਆਉਂਦੀਆਂ ਨੇ। ਮਨਸ਼ਾ ਜੋ ਆਪਣੇ ਖਾਨਦਾਨ, ਬਾਲਾਂ ਤੇ ਤੀਵੀਂ ਨੂੰ ਪਿਛਾੜ ਆਇਆ ਸੀ ਤੇ ਸਾਈਮਨ ਜਿਸ ਆਪਣੇ ਮੋਏ ਬਾਲਾਂ ਤੇ ਤੀਵੀਂ ਦੀ ਖ਼ਾਤਿਰ ਆਪਣਾ ਵਤਨ ਤਿਆਗ ਦਿੱਤਾ। ਅਖ਼ਤਰ ਦੇ ਖ਼ਿਆਲ ਵਿਚ ਇਹਨਾਂ ਤਿੰਨਾਂ ਦੇ ਵੱਖ-ਵੱਖ ਚਿੱਤਰ ਨੇ। ਰਾਜੂ ਉਹਨੂੰ ਦਇਆ ਦਖਸ਼ਨਾ ਨਾਲ ਗੁੱਟ ਕੋਈ ਭਗਤ

ਸਾਧੂ ਜਾਪਦਾ ਏ। ਮਨਸ਼ਾ ਸ਼ੈਤਾਨ ਦਾ ਇੱਕ ਰੂਪ ਏ, ਹਿਰਖ ਹਵਸ ਦਾ ਕੋਈ ਪੁਤਲਾ ਤੇ ਸਾਈਮਨ ਮਾਸੂਮ ਸੂਰਤ, ਮਿਹਰ ਮੁਹੱਬਤ ਦਾ ਕੋਈ ਬੁੱਤ। ਪਰ ਕਈ ਸਾਲਾਂ ਬਾਅਦ ਅਖ਼ਤਰ ਨੇ ਜਦੋਂ ਮਨਸ਼ੇ ਨੂੰ ਏਡਜ਼ ਹੋ ਜਾਣ ਦਾ ਸੁਣਿਆ ਸੀ ਤਾਂ ਉਹਨੂੰ ਬੜਾ ਹਿਰਖ ਹੋਇਆ ਸੀ।

ਅਖ਼ਤਰ ਨੇ ਕਈ ਵਾਰ ਚਾਹਿਆ ਸੀ ਕਿ ਪੰਜਾਬ ਪਰਤ ਜਾਵੇ ਪਰ ਕੈਥਰੀਨ ਨੇ ਉਹਦਾ ਸਾਥ ਨਹੀਂ ਦਿੱਤਾ। ਉਹ ਆਪਣਾ ਵਤਨ ਛੱਡ ਕੇ ਜਾਣ ਲਈ ਤਿਆਰ ਨਹੀਂ ਹੋਈ। ਉਸਦੀ ਜਵਾਨ ਹੋ ਚੁੱਕੀ ਔਲਾਦ ਨੇ ਵੀ ਕਦੀਂ ਪਿੱਛੇ ਮੁੜ ਜਾਣ ਦੀ ਖ਼ਾਹਿਸ਼ ਜ਼ਾਹਰ ਨਹੀਂ ਕੀਤੀ। ਔਲਾਦ ਦੀ ਮੁਹੱਬਤ ਵਿਚ ਫਿਰ ਉਹ ਵੀ ਨਹੀਂ ਗਿਆ। ਪਿਛਲੇ ਫੇਰੇ ਜਦੋਂ ਅਖ਼ਤਰ ਆਪਣੀ ਮਾਂ ਦੇ ਸੋਗ ਲਈ ਪੰਜਾਬ ਜਾ ਰਿਹਾ ਸੀ ਤਾਂ ਉਸ ਕੁਝ ਦਿਨਾਂ ਲਈ ਈ ਸਹੀ ਕੈਥਰੀਨ ਤੇ ਔਲਾਦ ਨੂੰ ਨਾਲ ਜਾਣ ਲਈ ਕਿਹਾ ਪਰ ਅੱਗੋਂ ਉਹਨਾਂ ਦੀ ਨਾ ਜਾਣ ਦੀ ਮਰਜ਼ੀ ਵੇਖ ਕੇ ਅਖ਼ਤਰ ਨੇ ਵੀ ਉਹਨਾਂ ਨੂੰ ਮਜਬੂਰ ਨਹੀਂ ਸੀ ਕੀਤਾ ਤੇ ਇਕੱਲਾ ਈ ਚਲਾ ਗਿਆ ਸੀ। ਇਸ ਵਾਰ ਉਹਨੇ ਪਿੰਡ ਦੇ ਸਕੂਲ ਵਿਚ ਨਲਕਾ ਲਗਵਾਇਆ। ਨਿਆਈਂ ਵਾਲੀ ਦੋ ਕਿੱਲੇ ਭੋਏਂ ਵਿਚ ਬਾਗ ਲਵਾਉਣ ਦੀ ਨਸੀਹਤ ਕੀਤੀ। ਮਾਂ ਤੇ ਪਿਉ ਦੀ ਕਬਰ ਦੇ ਸਿਰਹਾਣੇ ਆਪਣੇ ਹੱਥਾਂ ਨਾਲ ਬੇਰੀ ਦੇ ਬੂਟੇ ਲਾਏ। ਦੋਹਾਂ ਕਬਰਾਂ ਦੀ ਪਵਾਂਦੋਂ ਦੋ ਬੁੱਕ ਮਿੱਟੀ ਦੇ ਚੁੱਕੇ ਤੇ ਪਿਛਲੇ ਪੈਰੀਂ ਹੰਝੂ ਕੇਰਦਾ ਲੰਦਨ ਮੁੜ ਆਇਆ। ਉਹ ਦੋ ਬੁੱਕ ਮਿੱਟੀ ਹੁਣ ਇਹਦੇ ਬੈੱਡਰੂਮ ਵਿਚ ਕਾਰਨਸ ਤੇ ਰੱਖ ਇੱਕ ਗਮਲੇ ਵਿਚ ਪਈ ਏ। ਗਮਲਾ ਖ਼ਾਲੀ ਏ ਵਿਚ ਕੋਈ ਬੂਟਾ ਨਹੀਂ ਲਾਇਆ ਹੋਇਆ। ਫਿਰ ਵੀ ਫਸਲ ਦਿਆਂ ਦੋਹਾਂ ਰੁੱਤਾਂ ਵਿਚ ਇਸ ਅੰਦਰ ਪੰਜਾਬ ਵਿਚ ਖੇਤਾਂ ਦੇ ਬੰਨਿਆਂ ਤੇ ਹੋਣ ਵਾਲੀਆਂ ਬੂਟੀਆਂ ਆਪਣੇ ਆਪ ਉੱਗ ਆਉਂਦੀਆਂ ਨੇ।

ਗਮਲੇ ਵਾਲੀ ਇਸ ਮਿੱਟੀ ਬਾਰੇ ਅਖ਼ਤਰ ਨੇ ਵਸੀਅਤ ਕੀਤੀ ਹੋਈ ਏ ਕਿ ਜਦ ਉਹ ਮਰੇ ਤਾਂ ਉਹਨੂੰ ਕਬਰ ਵਿਚ ਰੱਖਣ ਤੋਂ ਪਹਿਲਾਂ ਇਹ ਮਿੱਟੀ ਥੱਲੇ ਖਿਲਾਰ ਦਿੱਤੀ ਜਾਵੇ। ਉਹ ਚਾਹੁੰਦਾ ਏ ਮਰਨ ਤੋਂ ਬਾਅਦ ਕਮ ਸੇ ਕਮ ਮੇਰੀ ਕੰਡ ਨੂੰ ਆਪਣੀ ਮਿੱਟੀ ਉੱਤੇ ਹੋਣ ਦਾ ਅਹਿਸਾਸ ਤਾਂ ਰਹੇ।

ਪਿਛਲੇ ਦੋ ਵਰ੍ਹਿਆਂ ਤੋਂ ਉਹਦਾ ਭਰਾ ਆਪਣੇ ਪੁੱਤਰ ਲਈ ਸਪਾਂਸਰ ਵੀਜ਼ਾ ਘੱਲਣ ਦਾ ਆਖ ਰਿਹਾ ਏ ਪਰ ਅਖ਼ਤਰ ਦਾ ਦਿਲ ਨਹੀਂ ਚਾਹੁੰਦਾ। ਉਹਦੇ ਭਰਾ ਦੀ ਮਰਜ਼ੀ ਇਹ ਵੀ ਏ ਕਿ ਮੁੰਡੇ ਨੂੰ ਇੰਗਲੈਂਡ ਸੱਦ ਕੇ ਪਿੰਕੀ ਨਾਲ ਉਸਦਾ ਨਿਕਾਹ ਪੜ੍ਹਵਾ ਦਿੱਤਾ ਜਾਵੇ। ਭਰਾ ਵਲੋਂ ਵੀਜ਼ਾ ਘੱਲਣ ਦਾ ਤਕਾਜ਼ਾ ਵੱਧ ਗਿਆ ਤਾਂ ਅਖ਼ਤਰ ਨੇ ਭਰਾ ਆਪਣੇ ਨੂੰ ਫੋਨ ਦੀ ਬਜਾਏ ਚਿੱਠੀ ਰਾਹੀਂ ਜਵਾਬ ਦੇਣਾ ਮੁਨਾਸਿਬ ਸਮਝਿਆ। ਉਸ ਆਖਿਆ – 'ਆਪਣੀ ਮਿੱਟੀ ਤੇ ਮਾਸ ਤੋਂ ਦੂਰ ਰਹਿਣ ਦਾ ਦੁੱਖ ਮੈਂ ਨਹੀਂ ਚਾਹੁੰਦਾ ਕਿ ਮੇਰੇ ਬਾਅਦ ਵੀ ਕੋਈ ਭੋਗੇ.... ਮੇਰੀ ਔਲਾਦ ਨੇ ਮੁਸਤਕਲ ਇੰਗਲੈਂਡ ਰਹਿਣ ਦਾ ਫੈਸਲਾ ਕਰ ਲਿਆ ਏ..... ਵੀਜ਼ਾ ਮੈਂ ਨਹੀਂ ਘੱਲਣਾ, ਮੇਰੇ ਹਿੱਸੇ ਦੀ ਜਾਇਦਾਦ ਆਪਣੇ ਮੁੰਡੇ ਦੇ ਨਾਂ ਲਵਾ ਦੇ। ਰਹੀ ਪਿੰਕੀ ਨਾਲ



ਉਹਦੇ ਵਿਆਹ ਦੀ ਗੱਲ ਤਾਂ ਮੈਂ ਪਿੰਕੀ ਤੇ ਆਪਣੀ ਮਰਜ਼ੀ ਨਹੀਂ ਥੋਪ ਸਕਦਾ..... ਇਹ ਇੰਗਲੈਂਡ ਏ ਜੇ ਪੰਜਾਬ ਵੀ ਹੁੰਦਾ ਤਾਂ ਮੈਂ ਪਿੰਕੀ ਦੀ ਆਪਣੀ ਸੱਧਰ ਦਾ ਇਹਤਰਾਮ ਕਰਦਾ।"

ਅਖ਼ਤਰ ਜਦ ਚਿੱਠੀ ਪੋਸਟ ਕਰਨ ਜਾ ਰਿਹਾ ਸੀ ਤਾਂ ਰਸਤੇ ਵਿਚ ਉਸ ਆਪਣੇ ਆਪ ਨੂੰ ਕਈ ਸਵਾਲ ਕੀਤੇ –

ਉਸਦਾ ਇੱਥੇ ਆਉਣਾ ਤਕਦੀਰ ਦਾ ਸਿਤਮ ਸੀ ਜਾਂ ਕਰਮ?

ਦੌਲਤ ਕਮਾਉਣ ਦਾ ਅਮਲ ਕੀ ਉਸ ਲਈ ਕੋਈ ਸਜ਼ਾ ਸੀ?

ਉਹਨੇ ਇਹ ਸਾਰਾ ਕਸ਼ਟ ਕਿਉਂ ਕੱਟਿਆ?

ਤੇ ਕੀ ਉਹਦੀ ਉਮਰ ਅਕਾਰਥ ਗਈ?

ਇਹਨਾਂ ਸਾਰੇ ਸਵਾਲਾਂ ਦਾ ਉਸ ਕੋਲ ਇੱਕ ਹੀ ਜਵਾਬ ਸੀ –

'ਆਪਣੇ ਲਈ ਤਾਂ ਹਰ ਕੋਈ ਜਿਉਂਦਾ ਏ। ਉਹਨੂੰ ਆਪਣੇ ਤੇ ਮਾਣ ਏ ਕਿ ਉਹ ਆਪਣੇ ਖ਼ਾਨਦਾਨ ਲਈ ਜੀਵਿਆ ਏ।'

ਹੁਣ ਆਪਣੇ ਵਤਨ ਵਾਪਿਸ ਨਾ ਜਾਣ ਦੇ ਫੈਸਲੇ ਤੇ ਅਖ਼ਤਰ ਨੂੰ ਕੋਈ ਹਿਰਖ਼ ਨਹੀਂ ਸੀ।

'ਕਿਸੇ ਦੀ ਖ਼ਾਤਿਰ ਜਿਥੇ ਐਨਾ ਜੀਵਨ ਗੁਜ਼ਰ ਗਿਆ, ਉੱਥੇ ਹੁਣ ਉਹ ਕਿਸੇ ਵਾਸਤੇ ਮਰ ਵੀ ਤਾਂ ਸਕਦਾ ਏ।' ਇਹ ਸੋਚਦੇ ਹੋਏ ਉਹ ਉਦਾਸ ਜਿਹਾ ਮੁਸਕਰਾ ਪਿਆ ਤੇ ਇਸ ਪਲ ਉਸਨੂੰ ਸਾਈਮਨ ਚੇਤੇ ਆ ਗਿਆ। • (**ਲਿਪੀਅੰਤਰ - ਪਾਲ ਸਿੰਘ ਵੱਲਾ**)


ਫ਼ਾਰਮ 4 ਨਿਯਮ 8

ਤਿਮਾਹੀ **ਚਿਰਾਗ** ਬਾਰੇ ਜਾਣਕਾਰੀ

| | | |
|---|---|---|
| 1. | ਪ੍ਰਕਾਸ਼ਨ ਸਥਾਨ | : ਜਲੰਧਰ |
| 2. | ਪ੍ਰਕਾਸ਼ਨ ਕਾਲ | : ਤ੍ਰੈਮਾਸਿਕ |
| 3. | ਪ੍ਰਕਾਸ਼ਕ ਤੇ ਮਾਲਕ | : ਡਾ. ਅਨੂਪ ਸਿੰਘ<br>ਸ਼ਹੀਦ ਸਰਵਣ ਸਿੰਘ ਚੀਮਾ ਭਵਨ,<br>ਗੜ੍ਹਾ, ਜਲੰਧਰ (0181-2483033) |
| 4. | ਸੰਪਾਦਕ | : ਹਰਭਜਨ ਸਿੰਘ ਹੁੰਦਲ<br>ਪਿੰਡ ਫੱਤੂ ਚੱਕ, ਡਾਕ: ਢਿਲਵਾਂ<br>ਜ਼ਿਲ੍ਹਾ ਕਪੂਰਥਲਾ (01822-273188) |

5. ਮੈਂ ਅਨੂਪ ਸਿੰਘ ਐਲਾਨ ਕਰਦਾ ਹਾਂ ਕਿ ਉਪਰ ਦਰਜ ਵੇਰਵੇ ਮੇਰੇ ਗਿਆਨ ਅਤੇ ਵਿਸ਼ਵਾਸ ਅਨੁਸਾਰ ਸਹੀ ਹਨ।

ਸਹੀ /-

(ਡਾ. ਅਨੂਪ ਸਿੰਘ)

ਵਿਸ਼ਵ ਕਵਿਤਾ

(ਫਲਸਤੀਨ)

# ਸਿਗਰਿਟ ਦੇ ਟੋਟੇ ਉੱਤੇ ਲਿਖੀ ਕਵਿਤਾ

- ਮੁਈਨ ਬਸੀਸੋ

(ਜਦੋਂ 1916 ਵਿਚ ਇਹ ਕਵਿਤਾ ਲਿਖੀ ਗਈ ਸੀ, ਤਾਂ ਇਸਦਾ ਨਾਂ Apostate (ਪਤਿਤ) ਰੱਖਿਆ ਗਿਆ ਸੀ। ਜੇਲ੍ਹ ਵਿਚ ਕਾਗਜ਼ ਤੇ ਪੈਨਸਿਲਾਂ ਪ੍ਰਾਪਤ ਕਰਨੀਆਂ ਅਸੰਭਵ ਸਨ, ਸਿਵਾਏ ਸਮਗਲਿੰਗ ਦੇ ਅਤੇ ਇਹ ਵੀ ਔਖਾ ਕੰਮ ਸੀ। ਇਹ ਕਵਿਤਾ ਸਿਗਰਿਟ ਦੇ ਕਾਗਜ਼ ਉੱਤੇ ਲਿਖੀ ਗਈ ਸੀ। ਇਸ ਤਰ੍ਹਾਂ ਇਕ ਸ਼ਬਦ ਸੂਈ ਦੀ ਚੁੰਝ ਜਿੰਨਾ ਛੋਟਾ ਚਾਹੀਦਾ ਸੀ ਤਾਂ ਕਿ ਉਸ ਟੁਕੜੇ ਉੱਤੇ ਆ ਸਕੇ।)

ਕਾਗਜ਼ ਦੇ ਟੁਕੜੇ ਲਈ ਝੁਕ ਜਾਓ
ਝੁਕ ਜਾਓ ਹੇਠਾਂ ਨੂੰ
ਕਲਮ ਨੂੰ ਆਪਣੇ ਬੱਚੇ ਦੀਆਂ ਅੱਖਾਂ
ਵਿਚ ਡੁਬੋ ਲਵੋ।
ਤੇ ਜੋ ਉਹ ਕਹਿੰਦਾ ਹੈ, ਲਿਖੋ
ਉਸਦਾ ਵਰਣਨ ਕਰੇ,
ਜਿਸਨੇ ਤੁਹਾਡੇ ਘਰ ਦੀ ਸਰਦਲ ਉੱਤੇ
ਕਲਮ ਨਾਲ ਤੁਹਾਨੂੰ ਕਤਲ ਕੀਤਾ ਸੀ
ਦਿਨਾਂ ਨੂੰ ਕਾਗਜ਼ ਵਾਂਗ
ਆਪਣੇ ਸਾਹਵੇਂ ਇਕੱਠਾ ਕਰ ਲਵੋ
ਸ਼ਰਮਾਓ ਨਾ
ਆਪਣੇ ਜ਼ਾਲਮ ਕੋਲੋਂ ਡੱਬੀ ਦੀ ਤੀਲ ਮੰਗੋ
ਸਵਾਹ ਤੇ ਧੂੰਏਂ ਦਾ ਘੋਲ ਬਣਾ ਲਵੋ।
ਤੇ ਆਪਣੀ ਕਿਤਾਬ ਲਈ ਕੁਝ ਵਰਕੇ।

ਮੈਂ ਚਾਹੁੰਦਾ ਹਾਂ ਕਿ
ਗੁਜ਼ਰ ਗਿਆਂ ਨੂੰ ਪਤਾ ਲੱਗ ਜਾਵੇ
ਕਿ ਤੁਸੀਂ ਕਿਵੇਂ ਸ਼ਬਦਾਂ ਨਾਲ ਰੱਸੀ ਵੱਟਦੇ ਹੋ
ਤਾਂਕਿ ਉਸ ਨਾਲ ਸਤਰ ਲਟਕਾ ਸਕੋ।
ਆਪਣੀ ਪ੍ਰੇਮਿਕਾ ਦੇ ਦਿਲ ਨੂੰ
ਦੰਦੀ ਵੱਢ ਕੇ ਖਾ ਜਾਓ
ਭੁੱਖੇ ਬਘਿਆੜ ਵਾਂਗ
ਤੇ ਇਸ ਨੂੰ ਪੀਲੇ ਕਾਗਜ਼ ਦੀ
ਤਸ਼ਤਰੀ ਵਿਚ ਰੱਖ ਦਿਓ
ਕਾਲੇ ਲੱਕੜ-ਬੱਗੇ ਦੇ
ਜ਼ਖ਼ਮ ਉੱਤੇ ਪੱਟੀ ਕਰਨ ਲਈ
ਤੇ ਉਸਦੇ ਵਾਲਾਂ ਦੀਆਂ
ਲਿਟਾਂ ਨੂੰ ਵਰਤ ਲੈ
ਠੂੰਹੇਂ ਵਾਂਗ ਉਸ ਦੀਆਂ
ਅੱਖਾਂ ਉੱਤੇ ਡੰਗ ਮਾਰ

ਝਿੜਕੀਂ ਨਾ
ਡੱਡੂ ਵਾਂਗ ਆ ਕੇ ਟਰੈਂ-ਟਰੈਂ ਕਰ
ਤੇ ਤਰੱਕੀ ਹੋਈ ਦਲਦਲ ਵਿਚ
ਘੰਟੀ ਵਜਾ ਕੇ
ਇਸ ਕਾਗਜ਼ ਦੇ ਅਖ਼ੀਰ ਉੱਤੇ
ਦਸਤਖ਼ਤ ਕਰਦੇ
ਆਪਣੇ ਘਰ ਵਿਚ ਚੋਰ ਵਾਂਗ
ਘੁਸਪੈਠ ਕਰ
ਧਿਆਨ ਰੱਖੀਂ
ਰਾਹ ਵਿਚ ਤੇਰਾ ਪ੍ਰਛਾਵਾਂ
ਫੈਕਟਰੀ ਉੱਤੇ ਨਾ ਪਵੇ



ਆਪਣੇ ਪ੍ਰਛਾਵੇਂ ਨੂੰ ਚਬਾ ਲੈ
ਤੇ ਇਸ ਨੂੰ ਜ਼ਹਿਰੀਲੀ
ਲੀਰ ਵਾਂਗ ਨਿਗਲ ਜਾ
ਛੇਤੀ ਕਰ ਤੇ
ਆਪਣੇ ਦਰਵਾਜ਼ੇ ਉੱਤੇ ਦਸਤਕ ਦੇ
ਜਦੋਂ ਤੀਕ ਤੇਰਾ ਹੱਥ
ਟੁਕੜੇ-ਟੁਕੜੇ ਨਾ ਹੋ ਜਾਵੇ।

ਤੇ ਜਿਹੜੀ ਤੈਨੂੰ ਪਿਆਰ ਕਰਦੀ ਹੁੰਦੀ ਸੀ
ਹੁਣ ਤੇਰੀ ਗੱਲ ਨਹੀਂ ਸੁਣਿਆ ਕਰੇਗੀ
ਉਸਦੀ ਬਾਂਹ ਤੇਰੀ ਹਥੇਲੀ ਵਿਚ
ਫੜੀ ਧੜਕਦੀ ਹੁੰਦੀ ਹੈ।
ਇਕ ਫੜਫੜਾਉਂਦੇ ਪਰਚਮ ਵਾਂਗ
ਜਾਂ ਹੀਰੇ ਜੜੀ ਤਲਵਾਰ ਵਾਂਗ
ਹੁਣ ਉਹੀ ਮੁੰਦਰੀ
ਰਾਖ਼ ਧੂੰਏਂ ਤੇ ਭੱਖੜੇ ਵਰਗੀ ਲੱਗਦੀ ਹੈ
ਵੇਖ! ਜੇ ਤੂੰ ਕਲਪਨਾ ਕਰ ਸਕੇਂ,
"ਫ਼ਾਰੀਦ" ਨੇ ਮੇਰੇ ਦਿਲ ਉੱਤੇ
ਇੱਕ ਰੌਸ਼ਨੀ ਦਾ ਤੀਰ ਫਾਂਸੀ ਲਾਇਆ ਸੀ
ਇੱਕ ਸੁਰਖ਼ ਰੰਗ ਦਾ ਗਾਉਂਦਾ ਪੰਛੀ
ਜੋ ਸਭ ਦੀਵਾਰਾਂ ਦਾ ਗਲਾ ਸੀ
ਤੇ ਇਹ ਹੁਣ ਗੀਤ ਨੂੰ
ਕਦਾਚਿਤ ਬੰਦ ਨਹੀਂ ਹੋਵੇਗਾ
ਮੇਰੇ ਗੀਤ ਦੇ ਚੰਗਿਆੜੇ ਕਦੇ ਰੁਕਣਗੇ ਨਹੀਂ

ਜ਼ਹਿਰ ਭਿੱਜੀ ਪੈਨਸਿਲ ਲਮਕਦੀ ਰਹੀ
ਜੇਲ੍ਹ ਦਾ ਵਾਰਡਰ ਜਾਂ ਤੇਰੀਆਂ ਪੰਗਤੀਆਂ
ਇਸਦੀ ਸਹਾਇਤਾ ਨਹੀਂ ਕਰਨਗੀਆਂ।
ਯਾਦਾਂ ਲਹਿਰਾਂ ਵਾਂਗ ਟਕਰਾਉਂਦੀਆਂ ਨੇ
ਤੇ ਤੇਰੀਆਂ ਅੱਖਾਂ ਵਿਚ
ਭੱਖੜੇ ਵਾਂਗ ਰੜਕਦੀਆਂ ਨੇ
ਇਹ ਖਾਮੋਸ਼ ਹੋਣ ਤੀਕ
ਤੈਨੂੰ ਜਗਾਈ ਰੱਖਦੀਆਂ ਨੇ।
ਅਤੇ ਤੂੰ ਆਪਣੀ ਕਲਮਕੱਲੀ
ਕਾਲ ਕੋਠੜੀ ਦੇ ਫਰਸ਼ ਉੱਤੇ
ਨੰਗੇ ਪੈਰੀਂ ਘੁੰਮਦਾ ਰਹਿੰਦਾ ਹੈ।
ਤੇ ਬੰਦ ਦਰਵਾਜ਼ੇ ਵਾਂਗ ਰਾਤ
ਤੇਰੀ ਛਾਤੀ ਉੱਤੇ ਬੈਠੀ ਰਹਿੰਦੀ ਹੈ।

ਤੇਰੀ ਜੇਲ੍ਹ ਦਾ ਵਾਰਡਰ ਆਇਆ
ਇੱਕ ਹਥੌੜੇ ਜਾਂ ਟੋਏ ਵਾਂਗ
ਤੂੰ ਕਿੱਥੇ ਜਾਵੇਂਗਾ?
ਆਪਣੇ ਘਰ?
ਘਰ ਤਾਂ ਤੇਰੀ ਪਿੱਠ ਵਿਚ
ਖੁਭੇ ਖੰਜਰ ਵਰਗਾ ਹੈ
ਆਪਣੇ ਬੱਚੇ ਕੋਲ?
ਤੇਰੇ ਬੱਚਾ ਤਾਂ ਇੱਕ ਗੁੱਡੀ ਫੜੀ
ਕਾਗਜ਼ ਦੀ ਸੂਲੀ ਤੇ
ਟੰਗਿਆ ਹੋਇਆ ਜੰਮਿਆ ਪਿਆ ਹੈ।
ਤੈਨੂੰ ਧੂਹ ਕੇ ਗਲੀ ਤੀਕ
ਲਿਜਾਇਆ ਜਾਵੇਗਾ
ਤੁਰ ਤੇ ਠੇਡੇ ਖਾ
ਖਾ ਠੇਡੇ ਤੇ ਤੁਰਿਆ ਚੱਲ।
ਆਪਣੇ ਜ਼ਾਲਿਮ ਦੇ ਸਾਹਮਣੇ।
ਪਰ ਤੂੰ ਜਾਵੇਂਗਾ ਕਿੱਥੇ?
ਜਦੋਂ ਹਵਾ ਨੇ ਤੈਨੂੰ
ਕਾਗਜ਼ ਉੱਤੇ ਖਿਲਾਰ ਦਿੱਤਾ
ਕਾਗਜ਼ ਲਈ ਹੇਠਾਂ ਝੁਕ ਜਾ
ਝੁਕ ਜਾ ਹੇਠਾਂ।

ਫ਼ਾਰੀਦ ਇੱਕ ਰਾਜਸੀ ਕੈਦੀ ਸੀ ਜੋ ਤਸ਼ੱਦਦ ਕਾਰਨ ਮਰ ਗਿਆ ਸੀ।। ਪੰਜਾਬੀ ਰੂਪ ਹ. ਸ.ਹ.।

# ਪ੍ਰੇਮ ਸਾਹਿਲ ਦੀਆਂ ਤਿੰਨ ਕਵਿਤਾਵਾਂ

## 1. ਨਕਚੋਚੋ

ਦੇਖੋ ਤਾਂ ਇਸ ਨੱਕਚੜ੍ਹੀ ਨੂੰ,
ਬੂ ਮਾਰਨ ਲੱਗ ਪਏ ਸਨੇਹੀ।

ਅੱਜ ਅਮਰੀਕਾ ਤੋਂ ਆਈ
ਅੱਧਖੜ ਬੀਬੀ ਨੂੰ ਘਿਣ ਆਉਂਦੀ ਏ
ਘਿਣ ਉਸ ਝੱਲ ਤੋਂ
ਪਿਆਰ 'ਚ ਇਸਦੇ ਜੋ ਛੁੱਟਦਾ ਏ
ਹਰ ਉਸ ਗੱਲ ਤੋਂ
ਜਿਸ ਵਿਚ ਇਸਦੀ ਸਿਫ਼ਤ ਨਹੀਂ ਏ।

ਸੁਰਖ਼ ਲਿਪਸਟਿਕ ਦੀ ਤਹਿ ਹੇਠ
ਲੁਕੀ ਨਫ਼ਰਤ ਦੀ ਖੁਸ਼ਕ-ਲਬੀ ਏ
ਪਿੰਡੇ 'ਤੇ ਹੈ ਚਰਬੀ
ਚਰਬੀ 'ਤੇ ਮੜ੍ਹਿਆ ਸੋਨਾ ਏ
ਬਾਹਰ ਲੰਘਾਏ
ਕਿਸੇ ਵੀ ਰਿਸ਼ਤੇਦਾਰ ਤੋਂ
ਇਸਦਾ ਦੇਣ ਨਾ ਦੇ ਹੋਣਾ ਏ।

ਡੋਰਾਂ, ਬੁੱਕਾਂ, ਵੀਕਾਂ
ਅੱਜ ਅਮਰੀਕਾ ਤੋਂ ਆਈ
ਅਨਪੜ੍ਹ ਬੀਬੀ ਨੂੰ ਸਭ ਆਉਂਦਾ ਏ
ਹੁਣ ਇਸਦੇ ਵਾਲਾਂ 'ਚੋਂ
ਗੋਹਾ ਨਹੀਂ ਚੋਂਦਾ।

ਮੁੜ੍ਹਕੇ ਸੰਗ ਨੁੱਚੜਦੇ ਕੱਪੜੇ,
ਸੁੱਟ ਆਈ ਏ।
ਹੁਣ ਤਾਂ ਆਉਂਦੇ ਸਾਰ ਹੀ ਇਸਨੇ
ਸੈਂਟਾਂ ਦੀ ਛਹਿਬਰ ਲਾਈ ਏ।

ਹੁਣ ਇਸ ਦੇ ਨਹੁੰਆਂ ਵਿਚ ਫਸਿਆ
ਗੰਦ ਨਹੀਂ
ਮੋਟੀਆਂ ਪੀਲੀਆਂ ਪਰਤਾਂ ਕੱਜੇ ਦੰਦ ਨਹੀਂ
ਹੁਣ ਤਾਂ ਮੈਚਿੰਗ
ਨਹੁੰ-ਪਾਲਿਸ਼ ਲਾਉਂਦੀ ਏ
ਬੀੜ ਦੰਦਾਂ ਦੀ
ਮੋਤੀਆਂ ਦੀ ਦੱਸ ਪਾਉਂਦੀ ਏ

ਇੱਥੇ ਹੁੰਦੀ ਨਕਚੋਚੋ ਜੱਫੀਆਂ ਪਾਉਂਦੀ ਸੀ
ਅੱਜ ਅਚਾਨਕ ਬੂ ਮਾਰਨ ਲੱਗ ਪਏ ਸਨੇਹੀ
ਚਲ ਕੁੜੇ ਚੱਲੀਏ
ਇਸ ਨੱਕਚੜ੍ਹੀ ਦੀ ਏਹੀ-ਤੇਹੀ।

## 2. ਗੌਰ ਕਰਨ ਦੀ ਗੱਲ ਏ

ਕੋਲ ਹੁੰਦੇ ਨੇ ਜਦ
ਤਦ ਨਹੀਂ ਦੇਖਦੇ ਗੌਰ ਨਾਲ
ਅਸੀਂ ਜਿਨ੍ਹਾਂ ਨੂੰ
ਦੂਰ ਜਾਂਦੇ ਸਾਰ
ਤਸਵੀਰ ਉਨ੍ਹਾਂ ਦੀ ਫੜ ਕੇ ਹੱਥ 'ਚ
ਦੇਖਣ ਲੱਗ ਪੈਂਦੇ ਹਾਂ, ਥੱਕਦੇ ਨਹੀਂ।

ਗੌਰ ਕਰਨ ਵਾਲੀ ਗੱਲ ਏ
ਕਿ ਗੌਰ ਕਰਨ ਵਾਲੀਆਂ ਚੀਜ਼ਾਂ 'ਤੇ ਹੀ
ਗੌਰ ਕਰਦੇ ਨਹੀਂ ਕਦੇ ਅਸੀਂ
ਦੇਖ ਕੇ ਵੀ ਉਨ੍ਹਾਂ ਨੂੰ ਨਹੀਂ ਦੇਖਦੇ।

ਗੌਰ ਨਾਲ ਕਿਸਨੇ ਦੇਖਿਆ ਕਦੀ ਧੁੱਪ ਨੂੰ
ਦੇਖੇ ਜਾਣ ਦੀ ਹੀ ਆਸ 'ਚ
ਖਿੜੀ ਰਹਿੰਦੀ ਏ ਜੋ
ਦੇਖੇ ਜਾਣ ਦੀ ਨੇ ਆਸ 'ਚ ਫੁੱਲ ਵੀ
ਦੇਖਣ ਨੂੰ ਤਰਸ ਜਾਈਏ ਕਦੀ ਜੇ ਅਸੀਂ?



## 3. ਥੋੜ੍ਹਾ ਜਿਹਾ

ਥੋੜ੍ਹੀ-ਥੋੜ੍ਹੀ ਗਤੀ ਨਾਲ ਥੋੜ੍ਹਾ-ਥੋੜ੍ਹਾ ਵਿਰਾਮ।
ਥੋੜ੍ਹੇ-ਥੋੜ੍ਹੇ ਥਕੇਵੇਂ ਨਾਲ ਥੋੜ੍ਹਾ-ਥੋੜ੍ਹਾ ਆਰਾਮ।

ਥੋੜ੍ਹਾ-ਥੋੜ੍ਹਾ ਰੁਕ ਜਾਈਏ ਥੋੜ੍ਹਾ-ਥੋੜ੍ਹਾ ਨੱਸੀਏ,
ਕੱਸ ਕਦੇ ਖੋਲ੍ਹ ਸਾਨੂੰ, ਪੈਰਾਂ ਦੀਏ ਰੱਸੀਏ।

ਥੋੜ੍ਹੇ-ਥੋੜ੍ਹੇ ਹੋਣ ਸਭ ਨਾਲ ਸਨਬੰਧ ਵੀ,
ਥੋੜ੍ਹੀ-ਥੋੜ੍ਹੀ ਆਵਾਜਾਈ ਥੋੜ੍ਹੀ-ਥੋੜ੍ਹੀ ਕੰਧ ਵੀ।

ਥੋੜ੍ਹੀ-ਥੋੜ੍ਹੀ ਚੁੱਪ ਹੋਵੇ ਥੋੜ੍ਹੀ-ਥੋੜ੍ਹੀ ਗੱਲਬਾਤ,
ਥੋੜ੍ਹਾ-ਥੋੜ੍ਹਾ ਜਿੱਤ ਜਾਈਏ ਥੋੜ੍ਹੀ-ਥੋੜ੍ਹੀ ਮਿਲੇ ਮਾਤ।

ਥੋੜ੍ਹੀ-ਥੋੜ੍ਹੀ ਬੁਝ ਜਾਵੇ ਥੋੜ੍ਹੀ-ਥੋੜ੍ਹੀ ਰਹੇ ਪਿਆਸ,
ਥੋੜ੍ਹਾ-ਥੋੜ੍ਹਾ ਖੁਸ਼ ਰਹੀਏ ਥੋੜ੍ਹਾ-ਥੋੜ੍ਹਾ ਉਦਾਸ।

ਥੋੜ੍ਹੀ-ਥੋੜ੍ਹੀ ਆਵੇ ਇਕ-ਦੂਜੇ ਤਾਈਂ ਵਾਸ਼ਨਾ,
ਥੋੜ੍ਹਾ-ਥੋੜ੍ਹਾ ਪਾਸ ਰਹੀਏ ਥੋੜ੍ਹਾ-ਥੋੜ੍ਹਾ ਪਾਸ ਨਾ।

ਥੋੜ੍ਹੀ-ਥੋੜ੍ਹੀ ਅੜੀ ਹੋਵੇ ਥੋੜ੍ਹਾ-ਥੋੜ੍ਹਾ ਮੰਨਣਾ,
ਥੋੜ੍ਹੀ-ਥੋੜ੍ਹੀ ਖੁੱਲ੍ਹ ਰਹੇ ਥੋੜ੍ਹਾ-ਥੋੜ੍ਹਾ ਬੰਨ੍ਹਣਾ।

ਥੋੜ੍ਹੇ-ਥੋੜ੍ਹੇ ਮਿੱਤ ਹੋਈਏ ਥੋੜ੍ਹੇ-ਥੋੜ੍ਹੇ ਮਿੱਤ ਨਾ,
ਥੋੜ੍ਹਾ-ਥੋੜ੍ਹਾ ਚਿੱਤ ਕਰੇ, ਥੋੜ੍ਹਾ-ਥੋੜ੍ਹਾ ਚਿੱਤ ਨਾ।

ਦੇਖੀਏ ਵਸਾ ਕੇ ਥੋੜ੍ਹਾ ਦੇਖੀਏ ਉਜਾੜ ਕੇ,
ਥੋੜ੍ਹਾ-ਥੋੜ੍ਹਾ ਦੇਖੀਏ ਬਚਾ ਕੇ ਥੋੜ੍ਹਾ ਸਾੜ ਕੇ।

ਥੋੜ੍ਹੇ ਉੱਤੇ ਥੋੜ੍ਹਾ ਜਿਹਾ ਹੋਰ ਥੋੜ੍ਹਾ ਚਾੜ੍ਹ ਕੇ,
ਥੋੜ੍ਹਾ ਜਿਹਾ ਫਿੱਕਾ, ਥੋੜ੍ਹਾ ਜਿਹਾ ਉਘਾੜ ਕੇ। •

# ਦੋਧੀ ਮਾਫੀਆ

- ਅਲੀ ਅਨਵਰ ਅਹਿਮਦ

ਮਾਸਟਰ ਖ਼ਾਲਦ ਨੂੰ ਵਾਹਵਾ ਦਿਨਾਂ ਤੋਂ ਇੱਕ ਮਸਲਾ ਪ੍ਰੇਸ਼ਾਨ ਕਰਦਾ ਪਿਆ ਸੀ। ਉਹ ਇਹ ਮਸਲਾ ਪਿੰਡ ਦੇ ਲੋਕਾਂ ਅੱਗੇ ਰੱਖਣਾ ਚਾਹੁੰਦਾ ਸੀ ਪਰ ਕੋਈ ਸਬੱਬ ਨਹੀਂ ਸੀ ਬਣਦਾ ਪਿਆ।

ਫਿਰ ਇੱਕ ਦਿਨ ਉਹਨੂੰ ਪਿੰਡ ਦੇ ਸਾਰੇ ਪੱਗ-ਬੰਨ੍ਹ ਲੋਕਾਂ ਅੱਗੇ ਆਪਣੀ ਗੱਲ ਕਰਨ ਦਾ ਮੌਕਾ ਮਿਲ ਗਿਆ। ਲੋਕਾਂ ਦੇ ਘਰਾਂ ਦੇ ਪਾਣੀ ਦੇ ਬਾਹਰ ਨਿਕਲਣ ਦਾ ਰੌਲਾ ਸੀ ਤੇ ਨੰਬਰਦਾਰ ਨੇ ਇਸ ਸਿਲਸਿਲੇ ਵਿਚ ਘਰ-ਘਰ ਦਾ ਬੰਦਾ ਡੇਰੇ ਸੱਦਿਆ ਸੀ। ਪਾਣੀ ਦੇ ਬਿਲੇ ਲੱਗਣ ਦੀ ਗੱਲ ਮੁੱਕੀ ਤਾਂ ਮਾਸਟਰ ਖ਼ਾਲਦ ਨੇ ਆਪਣੀ ਗੱਲ ਛੋਹੀ।

"ਰੱਬ ਸਬੱਬੀ ਸਾਰੇ ਭਰਾ ਇਕੱਠੇ ਹੋ ਗਏ ਨੇ ਤੇ ਜਿਵੇਂ ਆਖਦੇ ਨੇ ਵੱਤਰ ਆਈ ਤੇ ਹਰ ਕੋਈ ਵਾਹ ਲੈਂਦਾ ਏ ਮੈਂ ਵੀ ਮੌਕੇ ਦਾ ਫ਼ਾਇਦਾ ਉਠਾਉਂਦਿਆਂ ਹੋਇਆਂ ਆਪਣਾ ਇਕ ਮਸਲਾ ਤੁਹਾਡੇ ਸਾਹਮਣੇ ਰੱਖਣਾ ਚਾਹੁੰਦਾ ਹਾਂ।" ਸਾਰਿਆਂ ਦਾ ਧਿਆਨ ਉਹਦੇ ਵੱਲ ਹੋ ਗਿਆ।

"ਹਾਂ, ਹਾਂ ਦੱਸੋ, ਤੁਹਾਡਾ ਕੀ ਮਸਲਾ ਏ?" ਨੰਬਰਦਾਲ ਨੇ ਪੁੱਛਿਆ। "ਗੱਲ ਇੰਝ ਏ ਨੰਬਰਦਾਰ ਜੀ ਆਪਣੇ ਪਿੰਡ ਵਿਚ ਤਕਰੀਬਨ ਸੌ ਘਰ ਨੇ।" "ਅੱਛਾ" ਇਹਨਾਂ ਸੌ ਘਰਾਂ ਵਿਚੋਂ ਅਠਾਸੀ ਘਰਾਂ ਕੋਲ ਮੱਝ, ਗਾਂ ਜਾਂ ਬੱਕਰੀ ਹੈਗੀ ਏ।"ਫੇਰ" "ਫੇਰ ਇਹ ਕਿ ਅਠਾਸੀ ਘਰਾਂ ਕੋਲ ਦੁੱਧ ਦਾ ਆਪਣਾ ਪ੍ਰਬੰਧ ਏ, ਪਿੰਡ ਵਿਚ ਬਾਰਾਂ ਘਰ ਅਜਿਹੇ ਨੇ, ਜਿਨ੍ਹਾਂ ਕੋਲ ਕੋਈ ਲਵੇਰਾ ਨਹੀਂ।"

"ਤੈਨੂੰ ਇਹ ਹਿਸਾਬ ਕਿਤਾਬ ਕਰਨ ਦੀ ਲੋੜ ਕੀ ਪੈ ਗਈ?" 'ਉਹ ਵੀ ਦੱਸਦਾ ਵਾਂ। ਉਹ ਬਾਰਾਂ ਘਰ, ਜਿਨ੍ਹਾਂ ਕੋਲ ਦੁੱਧ ਦਾ ਆਪਣਾ ਬੰਦੋਬਸਤ ਨਹੀਂ ਹੈ। ਮਤਲਬ ਕਿ ਕੋਈ ਮੱਝ ਜਾਂ ਗਾਂ ਨਹੀਂ ਏ, ਉਹਨਾਂ ਵਿਚੋਂ ਇੱਕ ਘਰ ਮੇਰਾ ਵੀ ਏ। 'ਫੇਰ' 'ਫੇਰ ਇਹ ਜਨਾਬੇ ਆਲੀ ਕਿ ਪਿੰਡ ਦੇ ਅਠਾਸੀ ਘਰ ਤਿੰਨ ਦੋਧੀਆਂ ਨੂੰ ਦੁੱਧ ਵੇਚਦੇ ਨੇ। ਵੱਡੇ ਦੋਧੀ ਦੋ ਨੇ। ਖ਼ੁਦਾ ਬਖਸ਼ ਗੁੱਜਰ ਤੇ ਮਲਕ ਅਦਰੀਸ। ਕੁਝ ਆਰਾਈਆਂ ਦੇ ਘਰਾਂ ਨੇ ਦੁੱਧ ਆਪਣੇ ਜਾਤ ਭਰਾ ਇਸਮਾਈਲ ਮਾਹਰ ਵੱਲ ਲਾਇਆ ਹੋਇਆ ਏ।'

'ਮਾਸਟਰ ਜੀ ਇਥੇ ਤੁਹਾਡਾ ਹਿਸਾਬ ਕਿਤਾਬ ਕੁਝ ਗਲਤ ਹੋ ਗਿਆ ਹੈ। ਸਾਡੇ ਘਰ ਤਾਂ ਦੁੱਧ ਰਿੜਕਿਆ ਜਾਂਦਾ ਏ।' ਪਿੰਡ ਦਾ ਇਕ ਬੰਦਾ ਬੋਲਿਆ। 'ਤੇ ਸਾਡੇ ਘਰ ਵੀ' ਕਿਸੇ ਹੋਰ ਨੇ ਆਖਿਆ।

'ਮੈਂ ਉਧਰ ਹੀ ਆਉਂਦਾ ਪਿਆ ਵਾਂ।' ਪਿੰਡ ਦੇ ਚਾਰ ਘਰ ਅਜਿਹੇ ਨੇ ਜਿਹੜੇ ਸੁਬਾਹ ਦਾ ਦੁੱਧ ਦੋਧੀ ਨੂੰ ਦਿੰਦੇ ਨੇ, ਸ਼ਾਮ ਦੇ ਦੁੱਧ ਨੂੰ ਖੱਟਾ ਲਾ ਕੇ ਰੱਖ ਲੈਂਦੇ ਨੇ ਤੇ ਸਵੇਰੇ ਉਹਨੂੰ



ਰਿੜਕਦੇ ਨੇ।

'ਤੇ ਮਾਸਟਰ ਤੂੰ ਚਾਹੁੰਦਾ ਏ ਕਿ ਇਹ ਤਿੰਨ-ਚਾਰ ਘਰ ਸ਼ਾਮ ਦਾ ਦੁੱਧ ਵੀ ਦੋਧੀ ਨੂੰ ਦੇ ਦਿਆ ਕਰਨ।' ਪਿੰਡ ਦੇ ਨਾਈ ਨੇ ਹਾਸੇ ਮਜ਼ਾਕ ਵਿਚ ਆਖਿਆ।

ਮਾਸਟਰ ਖ਼ਾਲਦ ਨੇ ਮੁਨੀਰ ਨਾਈ ਨੂੰ ਘੂਰ ਕੇ ਵੇਖਿਆ। ਉਹ ਕੱਚਾ ਜਿਹਾ ਹੋ ਕੇ ਦੂਜੇ ਪਾਸੇ ਵੇਖਣ ਲੱਗ ਪਿਆ। 'ਉਂਝ ਮਾਸਟਰ ਜੀ, ਤੁਹਾਨੂੰ ਇਹਨਾਂ ਦੁੱਧ ਰਿੜਕਣ ਵਾਲਿਆਂ ਚਹੁੰ ਘਰਾਂ ਦਾ ਕਿਵੇਂ ਪਤਾ ਏ?' ਨੰਬਰਦਾਰ ਨੇ ਪੁੱਛਿਆ।

'ਮੇਰੇ ਬਾਲ ਇਹਨਾਂ ਘਰਾਂ ਚੋਂ ਲੱਸੀ ਲੈਣ ਜਾਂਦੇ ਨੇ ਤੇ ਅਕਸਰ ਖਾਲੀ ਭਾਂਡਾ ਵਾਪਸ ਆਉਂਦਾ ਏ।'

'ਇਹ ਤਾਂ ਮਾੜੀ ਗੱਲ ਏ। ਮਾਸਟਰ ਜੀ ਨੂੰ ਲੱਸੀ ਦੇਣੀ ਚਾਹੀਦੀ ਹੈ।' ਇਕ ਹਮਦਰਦ ਨੇ ਗੱਲ ਕੀਤੀ। "ਉਹ ਦਿਨ ਗਏ ਜਦੋਂ ਲੱਸੀ ਵਾਧੂ ਹੁੰਦੀ ਸੀ ਤੇ ਰਾਖਵੇਂ ਕੁੱਤਿਆਂ ਨੂੰ ਵੀ ਦੁੱਧ ਵਰਗੀ ਸੰਘਣੀ ਲੱਸੀ ਰੱਜਵੀਂ ਲੱਭਦੀ ਸੀ। ਲੋਕੀਂ ਰੱਜ ਕੇ ਲੱਸੀ ਪੀਂਦੇ ਈ ਨਹੀਂ ਸੀ, ਪਿੰਡੇ ਉੱਤੇ ਮਲ ਕੇ ਨਹਾਉਂਦੇ ਵੀ ਸਨ। ਹੁਣ ਦੁੱਧ ਤਾਂ ਸਾਰਾ ਦੋਧੀ ਲੈ ਜਾਂਦੇ ਨੇ। ਲੱਸੀ ਕਿੱਥੋਂ ਲੱਭੇ?"

'ਫਿਰ ਵੀ ਥੋੜ੍ਹੀ ਬਹੁਤੀ ਹਿੱਸੇ ਆਉਂਦੀ ਲੱਸੀ ਤੁਹਾਨੂੰ ਮਿਲਣੀ ਚਾਹੀਦੀ ਹੈ।' ਨੰਬਰਦਾਰ ਨੇ ਹਮਦਰਦੀ ਵਿਖਾਈ।

"ਸਾਨੂੰ ਲੱਸੀ ਇਸ ਪਾਰੋਂ ਨਹੀਂ ਮਿਲ ਸਕਦੀ ਕਿ ਲੱਸੀ ਵਾਲੇ ਘਰਾਂ ਦੇ ਆਪਣੇ ਸਕੇ ਸੋਦਰੇ ਐਨੇ ਜ਼ਿਆਦਾ ਨੇ ਕਿ ਉਹਨਾਂ ਨੂੰ ਲੱਸੀ ਦੇਣ ਤੋਂ ਬਾਅਦ ਬਚਦੀ ਨਹੀਂ। ਫਿਰ ਵੀ ਕਦੇ -ਕਦੇ ਇਹਨਾਂ ਘਰਾਂ ਵਿਚੋਂ ਕਿਸੇ ਇੱਕ ਘਰ ਵਿਚ ਸਾਡਾ ਦਾਅ ਵੀ ਲੱਗ ਜਾਂਦਾ ਏ ਤੇ ਸਾਨੂੰ ਵੀ ਪਾਣੀ ਵਰਗੀ ਪਤਲੀ ਲੱਸੀ ਦਾ ਅੱਧਾ ਜਾਂ ਪੌਣਾ ਜੱਗ ਲੱਭ ਜਾਂਦਾ ਏ।"

'ਹੱਛਾ' ਤੇ ਤੁਹਾਡਾ ਮਸਲਾ ਲੱਸੀ ਏ।' ਨੰਬਰਦਾਰ ਨੇ ਜ਼ਰਾ ਮਾਯੂਸ ਹੋ ਕੇ ਪੁੱਛਿਆ। ਕਈ ਹੱਸ ਪਏ ਤੇ ਕਈਆਂ ਨੇ ਆਪਣਾ ਹਾਸਾ ਮਸੀਂ ਰੋਕਿਆ।

'ਇਹ ਤਾਂ ਐਵੇਂ ਗੱਲਾਂ ਵਿਚੋਂ ਗੱਲ ਨਿਕਲ ਆਈ। ਉਂਝ ਵੇਖੀਏ ਤਾਂ ਇਹ ਵੀ ਮਸਲਾ ਹੈ, ਪਰ ਅਸਲ ਮਸਲਾ ਥੋੜ੍ਹਾ ਜਿਹਾ ਵੱਡਾ ਏ।' ਸਾਰੇ ਮਾਸਟਰ ਖਾਲਦ ਦੇ ਮੂੰਹ ਵੱਲ ਤੱਕਣ ਲੱਗ ਪਏ। ਮਸਲਾ ਇਹ ਹੈ ਜਨਾਬ ਕਿ ਪਿੰਡ ਦਾ ਸਾਰਾ ਦੁੱਧ ਦੋਧੀ ਲੈ ਜਾਂਦੇ ਨੇ। ਜੇਕਰ ਸਾਨੂੰ ਕਦੇ ਜ਼ਰੂਰਤ ਪਵੇ, ਸਾਡੇ ਘਰ ਕੋਈ ਪ੍ਰਾਹੁਣਾ ਆ ਜਾਵੇ ਤਾਂ ਸਾਨੂੰ ਦੁੱਧ ਨਹੀਂ ਮਿਲਦਾ।'

'ਨਹੀਂ, ਨਹੀਂ, ਇਹ ਕਿਸ ਤਰ੍ਹਾਂ ਹੋ ਸਕਦਾ?' ਨੰਬਰਦਾਰ ਨੂੰ ਯਕੀਨ ਨਾ ਆਇਆ।

'ਇੰਝ ਏ ਜਨਾਬ, ਪਿੰਡ ਵਾਲੇ ਵੀ ਸਾਨੂੰ ਦੁੱਧ ਨਹੀਂ ਦਿੰਦੇ, ਆਖਦੇ ਅਸਾਂ ਦੁੱਧ ਦੋਧੀਆਂ ਨੂੰ ਦੇਣਾ ਏ. ਤੇ ਦੋਧੀ ਵੀ ਸਾਨੂੰ ਦੁੱਧ ਨਹੀਂ ਦਿੰਦੇ। ਆਖਦੇ ਅਸਾਂ ਦੁੱਧ ਗੱਡੀ ਵਾਲਿਆਂ ਨੂੰ ਦੇਣਾ ਏ। ਇੰਝ ਲੱਗਦਾ ਏ ਜਿਵੇਂ ਦੋਧੀਆਂ ਸਾਰਾ ਪਿੰਡ ਮੁੱਲ ਲਿਆ ਹੁੰਦਾ ਏ। ਉਹਨਾਂ ਦੀ ਮਰਜ਼ੀ ਤੋਂ ਬਗੈਰ ਸਾਡੇ ਵਰਗਾ, ਦੁੱਧ ਦਾ ਇੱਕ ਘੁੱਟ ਵੀ ਨਹੀਂ ਲੈ ਸਕਦਾ।' ਮਾਸਟਰ ਖ਼ਾਲਦ

ਦੀ ਆਵਾਜ਼ ਥੋੜ੍ਹੀ ਜਿਹੀ ਉੱਚੀ ਹੋ ਗਈ।

'ਕੀ ਵਾਕਿਆ ਈ ਇੰਝ ਏ? ਮਾਸਟਰ ਜੀ ਨੂੰ ਕੋਈ ਵੀ ਦੁੱਧ ਨਹੀਂ ਦਿੰਦਾ? ਨੰਬਰਦਾਰ ਨੇ ਇਧਰ ਉਧਰ ਦੇਖਿਆ।

ਕੋਈ ਕੁਝ ਨਾ ਬੋਲਿਆ।

'ਨਹੀਂ ਕਦੇ- ਕਦੇ ਜ਼ਿਆਦਾ ਰਿਹਾੜ ਕਰਦਿਆਂ ਮਿੰਨਤ ਤਰਲਾ ਕਰਦਿਆਂ ਦੁੱਧ ਲੱਭ ਵੀ ਜਾਂਦਾ ਏ। ਕਹਿੰਦੇ ਨੇ ਮਰਨ ਤੋਂ ਬਾਅਦ ਮੂੰਹ ਵਿੰਗਾ ਹੋ ਜਾਂਦਾ ਏ। ਜਾਂ ਫਿਰ ਉਧਾਰ ਮੰਗਣ ਲੱਗਿਆਂ, ਪਰ ਇਥੇ ਤਾਂ ਦੁੱਧ ਮੰਗਣ ਲੱਗਿਆ ਵੀ ਮੂੰਹ ਵਿੰਗਾ ਹੋ ਜਾਂਦਾ ਏ। ਦੋਧੀ ਦੀ ਬਾਦਸ਼ਾਹਤ ਪਾਰੋਂ। ਦੋਧੀ ਦੀ ਮਰਜ਼ੀ ਹੋਵੇ ਤਾਂ ਉਹ ਬਾਰਾਂ ਰੁਪਏ ਕਿਲੋ ਖਰੀਦਿਆ ਹੋਇਆ ਦੁੱਧ ਸਾਨੂੰ ਵੀਹ ਰੁਪਏ ਕਿਲੋ ਦੇ ਦਿੰਦਾ ਏ।"

'ਕੀ ਮਤਲਬ?'

ਮਤਲਬ ਇਹ ਨੰਬਰਦਾਰ ਜੀ ਕਿ ਦੋਧੀ 480 ਰੁਪਏ ਮਣ, ਦੁੱਧ ਚੁਵਾਂਦਾ ਏ। ਇਸ ਹਿਸਾਬ ਦੇ ਨਾਲ ਇਕ ਗੜਵੀ ਅਰਥਾਤ ਇੱਕ ਕਿਲੋ ਦੁੱਧ ਬਾਰਾਂ ਰੁਪਏ ਦਾ ਬਣਦਾ ਏ, ਜਦਕਿ ਸਾਨੂੰ ਇਕ ਕਿਲੋ ਦੀ ਗੜਵੀ ਵੀਹ ਰੁਪਏ ਦੀ ਮਿਲਦੀ ਏ ਤੇ ਉਹ ਵੀ ਬੜੇ ਅਹਿਸਾਨ ਤੇ ਮਰੱਵਤ ਨਾਲ।'

'ਇਹ ਤੇ ਮਾਸਟਰ ਜੀ ਨਾਲ ਜ਼ਿਆਦਤੀ ਏ' ਨੰਬਰਦਾਰ ਨੇ ਲੰਮੀ ਸਾਰੀ "ਹੂੰ" ਕੀਤੀ. ਸਿਰਫ਼ ਮੇਰੇ ਨਾਲ ਨਹੀਂ, ਨੰਬਰਦਾਰ ਜੀ ਪਿੰਡ ਵਿਚ ਵੱਸਦੇ ਗਿਆਰਾਂ ਹੋਰ ਘਰਾਂ ਨਾਲ ਵੀ ਇਹੋ ਮਸਲਾ ਏ'

ਮਾਸਟਰ ਖ਼ਾਲਦ ਨੇ ਦੂਜਿਆਂ ਦੀ ਗੱਲ ਵੀ ਕੀਤੀ। ਪਿੰਡ ਦੇ ਇਹ ਯਾਰਾਂ, ਬਾਰਾਂ ਘਰ ਮੱਝਾਂ ਕਿਉਂ ਨਹੀਂ ਖਰੀਦ ਲੈਂਦੇ, ਉਸਤਾਦ ਜੀ?' ਮਲਕ ਅਦਰੀਸ ਜਿਹੜਾ ਦੋਧੀ ਸੀ ਤੇ ਉਥੇ ਹੀ ਬੈਠਾ ਸੀ, ਚੁੱਪ ਨਾ ਰਹਿ ਸਕਿਆ।

'ਬਾਕੀਆਂ ਦਾ ਤਾਂ ਮੈਨੂੰ ਪਤਾ ਨਹੀਂ, ਮੇਰੇ ਕੋਲ ਨਾ ਤਾਂ ਮੱਝ ਖਰੀਦਣ ਜੋਗੇ ਪੈਸੇ ਨੇ, ਨਾ ਸਾਂਭਣ ਲਈ ਵੇਲਾ ਤੇ ਨਾ ਮੱਝ ਦੀ ਰਖਵਾਲੀ ਲਈ ਹੌਸਲਾ' ਮਾਸਟਰ ਖ਼ਾਲਦ ਬੇਚਾਰਗੀ ਨਾਲ ਬੋਲਿਆ।

'ਇਹ ਗੱਲ ਤਾਂ ਸਮਝ ਵਿਚ ਆਂਵਦੀ ਏ ਕਿ ਮੱਝ ਸਾਂਭਣ ਲਈ ਵਾਹਵਾ ਵਖਤ ਕਰਨਾ ਪੈਂਦਾ ਏ, ਪਰ ਮੱਝ ਰੱਖਣ ਲਈ ਜੁਰਅਤ ਤੇ ਹੌਸਲੇ ਦੀ ਕਿਹੜੀ ਲੋੜ ਏ।' ਗਫ਼ੂਰ ਜੱਟ ਬੋਲਿਆ।

'ਚੋਰ ਸਾਡੇ ਵਰਗਿਆਂ ਮਾੜਿਆਂ ਕੋਲ ਮੱਝਾਂ ਕਦੋਂ ਰਹਿਣ ਦਿੰਦੇ?'

'ਹੁਣ ਤੁਸੀਂ ਕੀ ਚਾਹੁੰਦੇ ਹੋ?'

'ਚਾਹਨਾ ਕੀ ਏ ਜਨਾਬ, ਬੱਸ ਇਹੋ ਗੁਜ਼ਾਰਿਸ਼ ਏ ਕਿ ਜਿਸ ਤਰ੍ਹਾਂ ਪਿੰਡ ਵਿਚ ਹੋਰ ਬਹੁਤ ਸਾਰੇ ਲਾਅ ਬੱਝੇ ਹੋਏ ਨੇ, ਕਾਨੂੰਨ ਬਣਾਏ ਹੋਏ ਨੇ, ਉਸ ਤਰ੍ਹਾਂ ਇਹ ਵੀ ਬੰਨ੍ਹ ਲਵੋ ਕਿ



ਜੇ ਕਦੇ-ਕਦਾਈਂ ਸਾਨੂੰ ਦੁੱਧ ਦੀ ਲੋੜ ਪਵੇ ਤਾਂ ਸਾਨੂੰ ਇੱਕ ਅੱਧ ਗੜਵੀ ਦੁੱਧ ਜ਼ਰੂਰ ਦਿੱਤਾ ਜਾਵੇ ਤੇ ਪਿੰਡ ਚੋਂ ਦੁੱਧ ਨਾ ਲੱਭੇ ਤਾਂ ਦੋਧੀ ਨੂੰ ਪਾਬੰਦ ਕਰੋ ਕਿ ਉਹ ਸਾਨੂੰ ਹਰ ਹਾਲ ਵਿਚ ਦੁੱਧ ਦੇਵੇ ਤੇ ਨਾਲੇ ਅੰਨ੍ਹੀ ਨਾ ਪਾਵੇ। ਬਾਰਾਂ ਦੀ ਗੜਵੀ ਪੰਦਰਾਂ ਦੀ ਦੇਵੇ ਪਰ ਵੀਹ ਰੁਪਏ ਬਹੁਤ ਜ਼ਿਆਦਾ ਨੇ। ਐਨੀ ਲੁੱਟ ਚੰਗੀ ਨਹੀਂ।"

'ਹਾਂ, ਭਈ ਪਿੰਡ ਵਾਲਿਓ! ਮਾਸਟਰ ਜੀ ਦੀ ਗੱਲ ਤੁਸਾਂ ਸੁਣ ਲਈ ਏ। ਇਹਨਾਂ ਬਾਰੇ ਤੁਸੀਂ ਕੀ ਸੋਚਿਆ ਏ?' ਨੰਬਰਦਾਰ ਨੇ ਪੁੱਛਿਆ।

'ਅਸਾਂ ਕਦੇ ਵੀ ਮਾਸਟਰ ਜੀ ਤੋਂ ਸਿਰ ਨਹੀਂ ਫੇਰਿਆ।' ਤਿੰਨ ਚਾਰ ਬੰਦੇ ਬੋਲੇ।

'ਗੱਲ ਗਿਲੇ ਦੀ ਨਹੀਂ ਏ ਨੰਬਰਦਾਰ ਸਾਹਿਬ! ਨਾ ਈ ਮੈਂ ਕਿਸੇ ਦੀ ਸ਼ਿਕਾਇਤ ਲਾਉਂਦਾ ਪਿਆ ਹਾਂ। ਮੈਂ ਇੱਕ ਅਸੂਲ ਦੀ ਗੱਲ ਕਰਦਾ ਪਿਆ ਹਾਂ। ਇਹ ਜਿਹੜੇ ਕਹਿ ਰਹੇ ਨੇ ਕਿ ਅਸੀਂ ਕਦੇ ਵੀ ਮਾਸਟਰ ਹੋਰਾਂ ਨੂੰ ਸਿਰ ਨਹੀਂ ਫੇਰਿਆ, ਇਹ ਇਸ ਲਿਹਾਜ਼ ਨਾਲ ਸੱਚੇ ਨੇ ਕਿ ਇਹ ਜਿੰਨੇ ਜੋਗੇ ਹੈ ਨੇ, ਮੇਰਾ ਸਤਿਕਾਰ ਕਰਦੇ ਨੇ, ਪਰ ਤੁਸੀਂ ਦੱਸੋ ਖਾਲੀ ਅਦਬ ਤੇ ਸਤਿਕਾਰ ਨੂੰ ਮੈਂ ਚੱਟਣਾ ਏ। ਹਾਲੀ ਪੰਜ ਛੇ ਦਿਨ ਪਹਿਲਾਂ ਦੀ ਗੱਲ ਏ, ਮੈਨੂੰ ਦਵਾਈ ਨਾਲ ਖਾਣ ਲਈ ਇੱਕ ਛਟਾਂਕ ਮੱਖਣ ਰੋਜ਼ ਦੀ ਜ਼ਰੂਰਤ ਪਈ। ਦਵਾਈ ਕੋਈ ਮਹੀਨਾ ਕੁ ਲੈਣੀ ਸੀ। ਮੈਨੂੰ ਸਾਰੇ ਪਿੰਡ ਵਿਚੋਂ ਛਟਾਂਕੀ ਮੱਖਣ ਨਹੀਂ ਲੱਭਾ। ਦੁੱਧ ਰਿੜਕਣ ਵਾਲੀ ਜਿਹੜੀ ਬੀਬੀ ਕੋਲੋਂ ਪੁੱਛਿਆ, ਉਹਨੇ ਇਹ ਕਿਹਾ, 'ਪਤਾ ਨਹੀਂ ਕੀ ਗਜ਼ਬ ਗੋਲਾ ਵੱਜ ਗਿਆ ਏ, ਮੱਖਣ ਨਿਕਲਦਾ ਈ ਨਹੀਂ, ਐਵੇਂ ਮਾਸਾ ਕੁ ਹੁੰਦਾ ਏ। ਉਹ ਸਾਡੀ ਜ਼ਰੂਰਤ ਵਾਸਤੇ ਵੀ ਪੂਰਾ ਨਹੀਂ ਹੁੰਦਾ। ਫਿਰ ਵੀ ਮਾਸਟਰ ਜੀ ਅਸੀਂ ਇੱਕ ਅੱਧੇ ਦਿਨ ਵਾਸਤੇ ਥੋੜ੍ਹਾ ਬਹੁਤ ਮੱਖਣ ਦੇ ਸਕਦੇ ਹਾਂ। ਬਿਨਾਂ ਸ਼ੱਕ ਪੈਸੇ ਵੀ ਨਾ ਦਿਆ ਜੇ, ਪਰ ਪੂਰਾ ਮਹੀਨਾ ਤਾਂ ਬਿਲਕੁਲ ਨਹੀਂ ਦੇ ਸਕਦੇ।' ਅਸਲ ਵਿਚ ਇਹ ਇਨਕਾਰ ਦਾ ਇਕ ਸੋਹਣਾ ਤਰੀਕਾ ਸੀ।

'ਫਿਰ ਤੂੰ ਦਵਾਈ ਕਿਵੇਂ ਲਈ?' ਨੰਬਰਦਾਰ ਜਿਹੜਾ ਆਪ ਰੋਗੀ ਸੀ ਤੇ ਦਵਾਈਆਂ ਲੈਂਦਾ ਰਹਿੰਦਾ ਸੀ, ਨੇ ਬੜੇ ਪਿਆਰ ਨਾਲ ਪੁੱਛਿਆ।

ਮੱਖਣ ਜਦੋਂ ਨਾ ਲੱਭਾ ਤਾਂ ਮੈਂ ਸੋਚਿਆ ਕਿ ਪਿੰਡ ਦੇ ਕਿਸੇ ਘਰ ਦੋ ਕਿਲੋ ਦੁੱਧ ਲਾ ਲੈਣਾ ਆਂ। ਆਖ਼ਰ ਸਾਰਾ ਪਿੰਡ ਦੋਧੀ ਨੂੰ ਵੀ ਤਾਂ ਦੁੱਧ ਦਿੰਦਾ ਈ ਏ। ਮੈਂ ਕੋਈ ਬਿਦਰੀਆਂ ਤਾਂ ਨਹੀਂ ਦੇਣੀਆਂ। ਜਿਹੋ ਜਿਹੇ ਪੈਸੇ ਦੋਧੀ ਦਿੰਦਾ ਏ, ਉਹੋ ਜਿਹੇ ਮੈਂ ਦੇਣੇ ਨੇ।

'ਤੇਰਾ ਖ਼ਿਆਲ ਉਹ ਦੁੱਧ ਘਰੇ ਰਿੜਕ ਕੇ ਖ਼ੁਦ ਮੱਖਣ ਕੱਢਣ ਦਾ ਹੋਣਾ ਏ।' ਕਿਸੇ ਟੇਵਾ ਲਾਇਆ।

'ਹਾਂ, ਮੈਂ ਸੋਚਿਆ ਕਿ ਉਸ ਦੋ ਕਿਲੋ ਦੁੱਧ ਨੂੰ ਰਿੜਕ ਕੇ ਮੱਖਣ ਨਾਲ ਦਵਾਈ ਲੈ ਲਿਆ ਕਰਾਂਗਾ ਤੇ ਲੱਸੀ ਬਾਲ ਪੀ ਲਿਆ ਕਰਨਗੇ। ਦੁੱਧ ਰਿੜਕਣ ਨਾਲ ਮੇਰੀ ਬੀਵੀ ਦੀ ਸਿਹਤ ਵੀ ਵਲ ਹੋ ਜਾਵੇਗੀ।'

'ਦੁੱਧ ਰਿੜਕਣ ਨਾਲ ਬੀਵੀ ਦੀ ਸਿਹਤ ਕਿਸ ਤਰ੍ਹਾਂ ਵਲ ਹੋ ਜਾਊ?' ਇਕ ਅਜਲੀ

ਰੋਗੀ ਬੀਵੀ ਦੇ ਖਾਵੰਦ ਨੇ ਪੁੱਛਿਆ।

'ਮੇਰੀ ਮਾਂ ਕਹਿੰਦੀ ਹੁੰਦੀ ਸੀ ਕਿ ਦੁੱਧ ਰਿੜਕਣ ਵਾਲੀ ਸਵਾਣੀ ਕਦੇ ਬੀਮਾਰ ਨਹੀਂ ਹੁੰਦੀ। ਦੁੱਧ ਰਿੜਕਣ ਦਾ ਆਪਣਾ ਇਕ ਹੁਸਨ ਏ, ਇੱਕ ਸਵਾਦ ਏ। ਨਾਲੇ ਜਿਹੜੀ ਸਵਾਣੀ ਦੁੱਧ ਰਿੜਕਦੀ ਏ, ਉਹਦੇ ਨਹੁੰਆਂ ਥਾਣੀਂ ਉਹਦੇ ਜਿਸਮ ਵਿਚ ਸਵਾ ਮਣ ਮੱਖਣ ਚਲਾ ਜਾਂਦਾ ਏ।'

"ਅੱਜਕੱਲ੍ਹ ਤਾਂ ਬਿਜਲੀ ਦੀਆਂ ਮਧਾਣੀਆਂ ਆ ਗਈਆਂ ਨੇ। ਹੁਣ ਪਹਿਲਾਂ ਵਾਲੀ ਗੱਲ ਕਿੱਥੇ" ਕਿਸੇ ਹੋਰ ਨੇ ਕੋਲੋਂ ਦੱਸਿਆ।

'ਇਹ ਗੱਲ ਵੀ ਠੀਕ ਏ। ਪਰ ਮੱਖਣ ਤਾਂ ਹੱਥਾਂ ਨਾਲ ਹੀ ਕੱਢ ਕੇ ਪੇੜਾ ਬਣਾਈ ਦਾ ਏ ਨਾ।' ਮਾਸਟਰ ਖ਼ਾਲਦ ਕੋਲ ਹਰ ਸਵਾਲ ਦਾ ਜਵਾਬ ਸੀ।

'ਅੱਛਾ, ਮਾਸਟਰ ਜੀ ਤੁਸੀਂ ਇਹ ਦੱਸੋ ਫਿਰ ਤੁਹਾਨੂੰ ਦੁੱਧ ਲੱਭਿਆ ਕਿ ਨਹੀਂ?' ਨੰਬਰਦਾਰ ਨੇ ਪੁੱਛਿਆ।

'ਮੈਂ ਪੂਰਾ ਪਿੰਡ ਭੰਵਿਆਂ। ਮੇਰੀ ਜ਼ਨਾਨੀ ਵੀ ਕਈ ਘਰਾਂ ਚੋਂ ਪੁੱਛਿਆ। ਕਿਸੇ ਦੁੱਧ ਨਹੀਂ ਦਿੱਤਾ। ਹਾਲੀ ਮੈਂ ਅਗਾਊਂ ਪੈਸੇ ਦਿੰਦਾ ਸਾਂ।'

'ਫਿਰ ਪੂਰੇ ਪਿੰਡ ਦੁੱਧ ਕਿਉਂ ਨਹੀਂ ਦਿੱਤਾ?'

'ਨੰਬਰਦਾਰ ਜੀ ਸ਼ਾਇਦ ਤੁਸੀਂ ਸੱਚੀ ਮੁੱਚੀ ਨਹੀਂ ਜਾਣਦੇ। ਦੁੱਧ ਵੇਚਣ ਦਾ ਸਾਰਾ ਇੰਤਜ਼ਾਮ ਤਕਰੀਬਨ ਬੀਬੀਆਂ ਦੇ ਹੱਥ ਏ। ਉਹ ਕਹਿੰਦੀਆਂ ਨੇ ਕਿ ਅਸਾਂ ਇਕ ਗੜਵੀ ਪਿੱਛੇ ਪੰਜ ਹਜ਼ਾਰ ਰੁਪਈਆ ਦੋਧੀ ਕੋਲੋਂ ਫੜਿਆ ਹੋਇਆ ਏ। ਤੂੰ ਦੋ ਗੜਵੀਆਂ ਰੋਜ਼ ਦੀਆਂ ਮੰਗਦਾ ਏਂ। ਇਹਦੇ ਵਾਸਤੇ ਦਸ ਹਜ਼ਾਰ ਨਾ ਸਹੀ, ਪੇਸ਼ਗੀ ਪੰਜ ਹਜ਼ਾਰ ਤਾਂ ਤੈਨੂੰ ਦੇਣਾ ਈ ਚਾਹੀਦਾ ਏ। ਜਿੰਨਾ ਦੁੱਧ ਲਵਾਂ ਉਹਦੇ ਪੈਸੇ ਵੱਖਰੇ। ਤਾਂ ਜਾ ਕੇ ਮੈਨੂੰ ਦੋ ਕਿਲੋ ਦੁੱਧ ਮਹੀਨੇ ਵਾਸਤੇ ਮਿਲ ਸਕਦਾ ਏ।'

'ਏਨੇ ਜ਼ਿਆਦਾ ਪੈਸੇ ਕਿਉਂ?'

ਉਹ ਕਹਿੰਦੀਆਂ ਨੇ 'ਅਸੀਂ ਦੋਧੀ ਨੂੰ ਮੋੜਾਂਗੀਆਂ ਤਾਂ ਤੇਨੂੰ ਦੁੱਧ ਦੇਵਾਂਗੀਆਂ। ਦੋਧੀ ਨਾਲ ਜ਼ੁਬਾਨ ਕੀਤੀ ਹੋਈ ਏ। ਬੰਦਾ ਜੇਕਰ ਜ਼ੁਬਾਨੋਂ ਫਿਰੇ ਤਾਂ ਕੰਮ ਸੇ ਕੰਮ ਉਹਦੇ ਪੈਸੇ ਤਾਂ ਵਾਪਸ ਮੋੜੇ।'

'ਤੇ ਫਿਰ ਤੂੰ ਪੰਜ ਹਜ਼ਾਰ ਰੁਪਈਆ ਨਾ ਦੇ ਸਕਿਆ?'

'ਕਿੱਥੋਂ ਜੀ ਐਨੇ ਵਾਧੂ ਪੈਸੇ ਹੁੰਦੇ ਤਾਂ ਮੈਂ ਬੀਮਾਰ ਕਿਉਂ ਹੁੰਦਾ?'

'ਬੀਮਾਰੀ ਦਾ ਪੈਸਿਆਂ ਨਾਲ ਕੀ ਤੁਅੱਲਕ ਹੈ? ਕੋਲੋਂ ਕਿਸੇ ਪੁੱਛਿਆ।

"ਲੋੜ ਮੁਜਬ ਪੈਸੇ ਨਹੀਂ ਹੋਣਗੇ ਤਾਂ ਮਾਨਸਿਕ ਪ੍ਰੇਸ਼ਾਨੀ ਹੋਵੇਗੀ। ਟੈਨਸ਼ਨ (ਮਾਨਸਿਕ ਖਿਚਾਅ) ਹੋਵੇਗੀ ਤਾਂ ਕੋਈ ਨਾ ਕੋਈ ਬੀਮਾਰੀ ਜ਼ਰੂਰ ਲੱਗੇਗੀ। ਜਿਹੜੇ ਬੰਦੇ ਨੂੰ ਫ਼ਿਕਰਾਂ ਨੇ ਘੇਰਿਆਂ ਹੋਵੇ ਉਹ ਅੱਧਾ ਰਹਿ ਜਾਂਦਾ ਏ।"



"ਤੁਹਾਡੀ ਦੁੱਧ ਵਾਲੀ ਫ਼ਿਕਰ ਤੇ ਮੈਂ ਲਾਹ ਦੇਨਾਂ ਵਾਂ।"

'ਤੁਸੀਂ ਦੁੱਧ ਮੇਰੇ ਵਲੋਂ ਲੈ ਲਿਆ ਕਰੋ।' ਪਿੰਡ ਦੇ ਇੱਕ ਬੰਦੇ ਨੂੰ ਜੋਸ਼ ਆ ਗਿਆ। ਮਾਸਟਰ ਖ਼ਾਲਦ ਨੇ ਉਹਦੇ ਵੱਲ ਵੇਖਿਆ। ਕੁਝ ਦੇਰ ਸੋਚਿਆ। ਫੇਰ ਜੇਬ ਵਿਚੋਂ ਇੱਕ ਕਾਗਜ਼ ਕੱਢ ਕੇ ਉਹਦੇ ਉੱਤੇ ਲਿਖੇ ਅੱਖਰ ਵੇਖੇ। ਕੁਝ ਦੇਰ ਚੁੱਪ ਰਿਹਾ। ਇਸ ਦੌਰਾਨ ਸਾਰੇ ਉਹਦੇ ਵੱਲ ਇੰਝ ਵੇਖਦੇ ਰਹੇ, ਜਿਵੇਂ ਉਹ ਉਸ ਕਾਗਜ਼ ਦਾ ਕਬੂਤਰ ਬਣਾ ਕੇ ਉਡਾ ਦੇਵੇਗਾ।

'ਮੈਂ ਇਹ ਗੱਲ ਕਰਨਾ ਤੇ ਨਹੀਂ ਚਾਹੁੰਦਾ ਸਾਂ, ਕਿਉਂ ਜੇ ਹੋ ਸਕਦਾ ਏ, ਮੇਰੇ ਕੁਝ ਭਰਾਵਾਂ ਨੂੰ ਇਹ ਗੱਲ ਕੌੜੀ ਲੱਗੇ, ਪਰ ਜੇ ਗੱਲ ਤੁਰ ਈ ਪਈ ਏ ਤਾਂ ਫਿਰ ਕੁੱਜੀ ਵਿਚ ਗੁੜ ਕੀ ਭੰਨਣਾ। ਗੱਲ ਇੰਝ ਏ ਕਿ ਪਿੰਡ ਵਿਚ ਸੋਲਾਂ ਘਰ ਅਜਿਹੇ ਨੇ ਜਿਹੜੇ ਆਪਣੀਆਂ ਮੱਝਾਂ ਨੂੰ ਟੀਕਾ ਲਾ ਕੇ ਚੋਂਦੇ ਨੇ।' ਮਾਸਟਰ ਖ਼ਾਲਦ ਨੇ ਦੱਸਿਆ.

'ਮਾਸਟਰ ਤਾਂ ਵਾਹਵਾ ਸਤਿਆ ਲੱਗਦਾ ਏ।'

'ਮਾਸਟਰ ਤਾਂ ਸਾਰਾ ਹਿਸਾਬ ਕਿਤਾਬ ਲਾਈ ਫਿਰਦਾ ਏ ਭਾਈ। ਇਹ ਫ਼ਰਕ ਹੁੰਦਾ ਏ ਪੜ੍ਹੇ-ਲਿਖੇ ਅਤੇ ਅਨਪੜ੍ਹ ਦਾ।' ਬੰਦੇ ਇੱਕ ਦੂਜੇ ਨਾਲ ਗੱਲਾਂ ਕਰਨ ਲੱਗ ਪਏ।

'ਸਾਰਾ ਜ਼ਮਾਨਾ ਟੀਕਾ ਲਾਉਂਦਾ ਏ। ਟੀਕਾ ਲਾਵਣ ਵਿਚ ਕੀ ਖਰਾਬੀ ਏ?' ਇਕ ਟੀਕਾ ਲਾ ਕੇ ਮੱਝਾਂ ਚੋਵਣ ਵਾਲਾ ਬੰਦਾ ਉੱਖੜੀ ਕੁਹਾੜੀ ਵਾਂਗੂ ਬੋਲਿਆ।

'ਗ਼ੈਰ-ਕੁਦਰਤੀ ਜਿਹੜਾ ਵੀ ਕੰਮ ਹੁੰਦਾ ਏ, ਉਹ ਨੁਕਸਾਨ ਕਰਨ ਵਾਲਾ ਹੁੰਦਾ ਏ। ਇਹ ਠੀਕ ਏ ਕਿ ਟੀਕਾ ਲਾਵਣ ਨਾਲ ਮੱਝ ਕੰਨਾਂ ਵਾਲੀਆਂ ਧਾਰਾਂ ਵੀ ਲਾਹ ਆਉਂਦੀ ਏ। ਪਰ ਇਸ ਗੱਲ ਦਾ ਬਹੁਤ ਘੱਟ ਲੋਕਾਂ ਨੂੰ ਪਤਾ ਏ ਕਿ ਇਸ ਕਿਸਮ ਦਾ ਦੁੱਧ ਨਿੱਕੀ ਉਮਰ ਦੇ ਬਾਲਾਂ ਨੂੰ ਛੇਤੀ ਜਵਾਨ ਅਤੇ ਜਵਾਨਾਂ ਨੂੰ ਛੇਤੀ ਮਰਦਾਨਾ ਕਮਜ਼ੋਰੀ ਲਾ ਦਿੰਦਾ ਏ ਤੇ ਇਸ ਕਿਸਮ ਦਾ ਦੁੱਧ ਕਮ ਸੇ ਕਮ ਮੈਂ ਆਪਣੇ ਘਰ ਵਿਚ ਵਰਤ ਨਹੀਂ ਸਕਦਾ।'

'ਐਨੀਆਂ ਬਾਰੀਕ ਗੱਲਾਂ ਤਾਂ ਅਸੀਂ ਜਾਣਦੇ ਨਹੀਂ।' ਦੋ ਤਿੰਨ ਬੰਦੇ ਬੋਲੇ।

'ਇਹ ਐਡੀ ਬਾਰੀਕ ਗੱਲ ਨਹੀਂ ਜਿਹੜੀ ਸਮਝ ਵਿਚ ਨਾ ਆਵੇ। ਅਸਲ ਵਿਚ ਤੁਸੀਂ ਸਮਝਣਾ ਹੀ ਨਹੀਂ ਚਾਹੁੰਦੇ।' ਮਾਸਟਰ ਖ਼ਾਲਦ ਨੇ ਉਹਨਾਂ ਨੂੰ ਜਵਾਬ ਦਿੱਤਾ।

'ਚਲੋ ਤੁਸੀਂ ਛੱਡੋ ਉਹਨਾਂ ਗੱਲਾਂ ਨੂੰ, ਕੋਈ ਬੁੱਜਾ ਦੇ ਕੇ ਚੋਵੇ ਕਿ ਟੀਕਾ ਲਾ ਕੇ ਚੋਵੇ। ਸਾਨੂੰ ਕੀ? ਉਹਨਾਂ ਦੀਆਂ ਮੱਝਾਂ ਨੇ, ਉਹ ਪੱਠੇ ਪਾਉਂਦੇ ਨੇ। ਅਸੀਂ ਉਹਨਾਂ ਨੂੰ ਹਟਾਉਣ ਵਾਲੇ ਕੌਣ। ਤੁਸੀਂ ਦੱਸੋ ਕਿ ਕੀ ਚਾਹੁੰਦੇ ਹੋ?' ਨੰਬਰਦਾਰ ਨੇ ਪੁੱਛਿਆ।

'ਮੈਂ ਜਿਵੇਂ ਕਿ ਪਹਿਲਾਂ ਦੱਸਿਆ ਏ ਇਹ ਚਾਹੁੰਦਾ ਹਾਂ ਕਿ ਪਿੰਡ ਦੇ ਕਿਸੇ ਘਰ ਨੂੰ ਜੇ ਜ਼ਰੂਰਤ ਪਵੇ ਤਾਂ ਇੱਕ ਟਾਈਮ ਦੋਧੀ ਨੂੰ ਗੜਵੀ ਦੁੱਧ ਘੱਟ ਦਿੱਤਾ ਜਾਵੇ ਤੇ ਸਾਡੇ ਵਰਗੇ ਮਹਾਤੜ ਦਾ ਜ਼ਰੂਰ ਸਾਰਿਆ ਜਾਵੇ।'

'ਤੇ ਜੇ ਪਿੰਡ ਵਾਲੇ ਮਜਬੂਰ ਹੋਵਣ. ਉਹਨਾਂ ਪੇਸ਼ਗੀ ਪੈਸੇ ਫੜੇ ਹੋਏ ਨੇ।' ਕੋਈ ਬੋਲਿਆ।

'ਇਹ ਹੀ ਤਾਂ ਮੈਂ ਕਹਿਨਾ! ਦੋਧੀਆਂ ਪੇਸ਼ਗੀ ਪੈਸੇ ਦੇ ਕੇ ਪੂਰਾ ਪਿੰਡ ਈ ਮੁੱਲ ਨਹੀਂ ਲਿਆ, ਪਿੰਡ ਵਾਲਿਆਂ ਦੇ ਵਿਚ ਜਿਹੜਾ ਪਿਆਰ, ਮੁਹੱਬਤ, ਮਰੱਵਤ, ਭਾਈਚਾਰਾ ਹੁੰਦਾ ਏ, ਉਹ ਵੀ ਖੋਹ ਲਿਆ ਏ। ਦੁੱਧ ਲੈਣ ਜਾਈਏ ਤਾਂ ਹਰ ਕੋਈ ਮੱਥੇ ਤੇ ਅੱਖਾਂ ਰੱਖ ਲੈਂਦਾ ਏ।'

'ਮਾਸਟਰ ਜੀ ਤੁਸੀਂ ਪੁਰਾਣੀਆਂ ਗੱਲਾਂ ਭਾਲਦੇ ਜੇ। ਅੱਜਕੱਲ ਉਹ ਕਿੱਥੇ। ਮਹਿੰਗਾਈ ਨੇ ਸਾਰਿਆਂ ਨੂੰ ਖ਼ੁਦਗਰਜ਼ ਬਣਾ ਦਿੱਤਾ ਏ। ਲੋਕ ਮਜਬੂਰ ਨੇ।' ਕਿਸੇ ਹੋਰ ਨੇ ਦੱਸਿਆ।

'ਜੇ ਪਿੰਡ ਵਾਲੇ ਮਜਬੂਰ ਨੇ, ਤਾਂ ਦੋਧੀ ਕਿਹੜਾ ਬਗਾਨਾ ਏ। ਕੰਮ ਸੇ ਕੰਮ ਇਕ ਦੋਧੀ ਤਾਂ ਐਸੇ ਪਿੰਡ ਦਾ ਏ। ਉਹ ਈ ਵੇਲੇ ਕੁਵੇਲੇ ਸਾਨੂੰ ਦੁੱਧ ਦੇ ਦਿਆ ਕਰੇ ਤੇ ਰੇਟ ਵੀ ਮੁਨਾਸਿਬ ਲਾਇਆ ਕਰੇ।' ਮਾਸਟਰ ਖਾਲ਼ਕ ਕੋਲ ਹਰ ਗੱਲ ਦਾ ਜਵਾਬ ਸੀ।

'ਹਾਂ ਭਾਈ ਮਲਕ ਅਦਰੀਸ, ਤੇਰਾ ਕੀ ਜਵਾਬ ਏ? ਤੂੰ ਸਿਰਫ਼ ਦੋਧੀ ਬਣ ਕੇ ਜਵਾਬ ਨਹੀਂ ਦੇਣਾ। ਤੂੰ ਸਾਡੇ ਵਿਚੋਂ ਇੱਕ ਏ ਤੇ ਆਪਨਾ ਸਾਰਿਆਂ ਦਾ ਦੁੱਖ-ਸੁੱਖ ਸਾਂਝਾ ਏ। ਨਾਲੇ ਮਾਸਟਰ ਖ਼ਾਲਦ ਤੂੰ ਚਾਰ ਅੱਖਰ ਵੀ ਪੜ੍ਹੇ ਹੋਏ ਨੇ। ਉਹਨਾਂ ਦਾ ਤੇਰੇ ਉੱਤੇ ਹੱਕ ਏ।'

'ਮੈਂ ਕਦੋਂ ਭੱਜਿਆ ਆਂ। ਮੈਂ ਹਰ ਤਰ੍ਹਾਂ ਹਾਜ਼ਰ ਹਾਂ। ਮਾਸਟਰ ਜੀ ਜਿਵੇਂ ਆਖਣਗੇ, ਉਵੇਂ ਕਰ ਲਵਾਂਗੇ।' ਮਲਕ ਅਦਰੀਸ ਸੀਨੇ ਤੇ ਹੱਥ ਰੱਖ ਕੇ ਝੁਕ ਕੇ ਬੋਲਿਆ।

'ਤੇ ਫੇਰ ਇਹ ਮਸਲਾ ਹੱਲ ਹੋਇਆ।' ਨੰਬਰਦਾਰ ਨੇ ਮਾਸਟਰ ਖ਼ਾਲਦ ਵੱਲ ਵੇਖਿਆ।

'ਇਹ ਮਸਲਾ ਹੱਲ ਨਹੀਂ ਹੋਇਆ। ਮੇਰੀ ਬੇਨਤੀ ਹੈ ਕਿ ਬਾਕੀ ਦੋਧੀਆਂ, ਖ਼ੁਦਾ ਬਖਸ਼ ਗੁੱਜਰ ਤੇ ਇਸਮਾਈਲ ਮਾਹਰ ਨਾਲ ਗੱਲ ਕੀਤੀ ਜਾਵੇ। ਉਹਨਾਂ ਨੂੰ ਵੀ ਪਿੰਡ ਦੇ ਲਾਅ ਦੀ ਗੱਲ ਦੱਸੀ ਜਾਵੇ ਤੇ ਉਹਨਾਂ ਕੋਲੋਂ ਵੀ ਇਹਦੇ ਉੱਤੇ ਅਮਲ ਕਰਵਾਇਆ ਜਾਵੇ।'

'ਹੁਣ ਉਹ ਤੇ ਹਾਜ਼ਰ ਨਹੀਂ ਹਨ। ਮਲਕ ਅਦਰੀਸ ਉਹਨਾਂ ਨਾਲ ਆਪੇ ਗੱਲ ਕਰ ਲਵੇਗਾ।' ਨੰਬਰਦਾਰ ਨੇ ਮਲਕ ਅਦਰੀਸ ਵੱਲ ਵੇਖਿਆ।

'ਨਹੀਂ ਜੀ, ਨੰਬਰਦਾਰ ਸਾਹਿਬ ਮੈਂ ਇਹ ਜ਼ਿੰਮਾ ਨਹੀਂ ਲੈ ਸਕਦਾ। ਸਾਡਾ ਤਾਂ ਇੱਟ ਕੁੱਤੇ ਦਾ ਵੈਰ ਏ। ਜਿਸ ਤਰ੍ਹਾਂ ਸ਼ਰੀਕਾਂ ਨੂੰ ਸ਼ਰੀਕ ਨਹੀਂ ਭਾਉਂਦਾ। ਇਸ ਤਰ੍ਹਾਂ ਅਸੀਂ ਇਕ ਦੂਜੇ ਨੂੰ ਕਦੋਂ ਪਸੰਦ ਕਰਦੇ ਆਂ। ਤੁਸੀਂ ਖ਼ੁਦ ਸੋਚੋ ਸਾਡੀ ਆਪਸ ਵਿਚ ਕਿਵੇਂ ਬਣ ਸਕਦੀ ਏ। ਉਹ ਮੇਰੀਆਂ ਅਸਾਮੀਆਂ ਖੋਹਣ ਵਿਚ ਲੱਗੇ ਰਹਿੰਦੇ ਨੇ ਤੇ ਮੈਂ ਉਹਨਾਂ ਦੀਆਂ। ਅਸੀਂ ਤਾਂ ਰਸਮੀਂ ਬੋਲਦੇ ਚਾਲਦੇ ਹਾਂ। ਮੈਂ ਕੋਈ ਗੱਲ ਕੀਤੀ ਤਾਂ ਉਹ ਸਾਰਾ ਮਸਲਾ ਮੇਰੇ ਉੱਤੇ ਪਾ ਦੇਣਗੇ।' ਮਲਕ ਅਦਰੀਸ ਛੇਤੀ ਨਾਲ ਬੋਲਿਆ।

'ਇਹ ਗੱਲ ਵੀ ਠੀਕ ਏ।' ਨੰਬਰਦਾਰ ਬੋਲਿਆ।

'ਰਿਆਸਤ ਚੌਕੀਦਾਰ ਕਿੱਥੇ ਏ?' ਨੰਬਰਦਾਰ ਨੇ ਪੁੱਛਿਆ।

'ਮੈਂ ਬੈਠਾਂ ਆਂ ਜੀ।'

'ਤੂੰ ਕੱਲ ਦੋਹਾਂ ਦੋਧੀਆਂ ਨੂੰ ਡੇਰੇ ਆਵਣ ਲਈ ਆਖਣਾ ਏ। ਮਲਕ ਅਦਰੀਸ ਤੂੰ ਵੀ ਆ ਜਾਵੀਂ। ਤਿੰਨਾਂ ਨਾਲ ਇਕੋ ਵੇਲੇ ਗੱਲ ਕਰ ਲਵਾਂਗੇ।' ਨੰਬਰਦਾਰ ਨੇ ਫੈਸਲਾ ਸੁਣਾਇਆ।



'ਬਿਹਤਰ ਜਨਾਬ' ਤੇ ਹੁਣ ਸਾਰੇ ਭਰਾਵਾਂ ਨੂੰ ਇਜਾਜ਼ਤ ਏ। ਉਹਨਾਂ ਦੀ ਮਿਹਰਬਾਨੀ ਕਿ ਉਹ ਡੇਰੇ ਤੇ ਆਏ ਤੇ ਇੰਨਾ ਚਿਰ ਬਹਿਣ ਲਈ ਵੇਲਾ ਕੱਢਿਆ।' ਨੰਬਰਦਾਰ ਨੇ ਡੇਰਾ ਬਰਖਾਸਤ ਕਰਨ ਦਾ ਐਲਾਨ ਕੀਤਾ। ਜ਼ਿਆਦਾ ਲੋਕ ਉੱਠੇ, ਥੋੜ੍ਹੇ ਜਿਹੇ ਬੈਠੇ ਰਹੇ। ਮਾਸਟਰ ਖ਼ਾਲਦ ਵੀ ਉੱਠਿਆ ਤੇ ਆਪਣੇ ਘਰ ਨੂੰ ਜਾਵਣ ਲਈ ਤੁਰਿਆ।

ਮਲਕ ਅਦਰੀਸ ਵੀ ਉਹਦੇ ਮਗਰ-ਮਗਰ ਟੁਰਦਾ ਗਿਆ। ਥੋੜ੍ਹੇ ਕੁ ਪੰਧ ਤੇ ਮਲਕ ਅਦਰੀਸ ਨੇ ਮਾਸਟਰ ਖ਼ਾਲਦ ਨੂੰ ਮੋਢੇ ਤੇ ਹੱਥ ਰੱਖ ਕੇ ਰੋਕਿਆ ਤੇ ਆਪਣੀ ਬੈਠਕ ਵਿਚ ਜਾਵਣ ਤੇ ਇੱਕ ਕੱਪ ਚਾਹ ਪੀਣ ਲਈ ਆਖਿਆ। ਮਾਸਟਰ ਨੇ 'ਰਾਤ ਜ਼ਿਆਦਾ ਹੋ ਗਈ ਏ' ਕਹਿ ਕੇ ਜਾਨ ਛੁਡਾਉਣੀ ਚਾਹੀ, ਪਰ ਮਲਕ ਅਦਰੀਸ ਬੜੀ ਆਜ਼ਜ਼ੀ ਨਾਲ ਇਸਰਾਰ ਕਰਦਾ ਰਿਹਾ। ਅਖ਼ੀਰ ਮਾਸਟਰ ਉਹਦੇ ਨਾਲ ਉਹਦੀ ਬੈਠਕ ਵਿਚ ਚਲਾ ਗਿਆ। ਮਲਕ ਅਦਰੀਸ ਆਪਣੀ ਘਰ ਵਾਲੀ ਨੂੰ ਚਾਹ ਦਾ ਆਖ ਮਾਸਟਰ ਕੋਲ ਆ ਬੈਠਾ।

'ਮਾਸਟਰ ਜੀ! ਅੱਜ ਤੇ ਤੁਸੀਂ ਅਸਾਂ ਦੋਧੀਆਂ ਉੱਤੇ ਖ਼ੂਬ ਵਰ੍ਹੇ।' ਮਲਕ ਹੱਸ ਕੇ ਬੋਲਿਆ।

'ਮੈਂ ਅਸੂਲ ਦੀ ਗੱਲ ਕੀਤੀ ਸੀ, ਦੋਧੀਆਂ ਨੇ ਆਪਣੇ ਪਿੰਡ ਵਿਚ ਤਾਂ ਅੰਨ੍ਹੀ ਪਾਈ ਹੋਈ ਏ।' ਮਾਸਟਰ ਖ਼ਾਲਦ ਆਪਣੀ ਗੱਲ ਤੇ ਕਾਇਮ ਸੀ।

'ਡੇਰੇ ਵਿਚ ਮੈਂ ਤੁਹਾਡੇ ਨਾਲ ਬਹਿਸ ਨਹੀਂ ਕੀਤੀ। ਗੱਲ ਐਵੇਂ ਲੰਮੀ ਹੋ ਜਾਣੀ ਸੀ। ਜੇ ਤੁਸੀਂ ਇਜਾਜ਼ਤ ਦਿਉ ਤਾਂ ਤੁਹਾਨੂੰ ਤਸਵੀਰ ਦਾ ਦੂਜਾ ਪਾਸਾ ਵੀ ਵਿਖਾਵਾਂ?'

'ਉਹ ਕੀ?' ਮਾਸਟਰ ਖਾਲਦ ਨੇ ਤਿੱਖੀ ਅੱਖ ਨਾਲ ਉਹਦੇ ਵੱਲ ਵੇਖਿਆ।

ਮਾਸਟਰ ਜੀ ਮੇਰੇ ਕੋਲ ਪੈਂਤੀ ਅਸਾਮੀਆਂ ਨੇ। ਮਤਲਬ ਪਿੰਡ ਦੇ ਪੈਂਤੀ ਘਰ ਮੈਨੂੰ ਦੁੱਧ ਦਿੰਦੇ ਨੇ। ਉਹਨਾਂ ਵਿਚੋਂ ਕਈ ਘਰ ਅਜਿਹੇ ਨੇ, ਜਿਨ੍ਹਾਂ ਮੇਰੇ ਕੋਲੋਂ ਪੇਸ਼ਗੀ ਪੈਸੇ ਵੀ ਫੜੇ ਹੋਏ ਨੇ ਤੇ ਘਰ ਦਾ ਨਿੱਕਾ ਮੋਟਾ ਖਰਚਾ ਵੀ ਮੈਥੋਂ ਵੀ ਲੈਂਦੇ ਨੇ। ਮੱਝਾਂ ਗਾਵਾਂ ਵਾਸਤੇ ਵੰਡ ਵਗੈਰਾ ਖਰੀਦਣ ਲਈ ਤਾਂ ਮੈਂ ਪੈਸੇ ਦੇਨਾਂ ਈ ਦੇਨਾ ਆਂ। ਉਹਨਾਂ ਦਾ ਬਿਜਲੀ ਦਾ ਪੱਖਾ ਵੀ ਖਰਾਬ ਹੋ ਜਾਵੇ ਤਾਂ ਉਹਦੀ ਬਣਵਾਈ ਵੀ ਮੈਂ ਈ ਦੇਨੀ ਆਂ। ਸ਼ਾਦੀ ਗ਼ਮੀ ਉਹਨਾਂ ਲੋੜ ਪਵੇ ਤਾਂ ਉਹ ਮੇਰੇ ਵੱਲ ਭੱਜਦੇ ਨੇ ਤੇ ਮੈਂ ਮੱਥੇ ਤੇ ਵੱਟ ਪਾਏ ਬਗੈਰ ਉਹਨਾਂ ਦੀ ਜ਼ਰੂਰਤ ਪੂਰੀ ਕਰਨਾ ਵਾਂ। ਮੇਰੇ ਕੋਲ ਉਹਨਾਂ ਦਾ ਸਾਰਾ ਹਿਸਾਬ ਕਿਤਾਬ ਲਿਖਿਆ ਹੋਇਆ ਏ। ਚਾਹੋ ਤਾਂ ਵਿਖਾ ਸਕਨਾ ਆਂ।'

'ਨਹੀਂ ਮੈਨੂੰ ਯਕੀਨ ਏ'

'ਅੱਗੇ ਚੱਲੋ। ਤੁਸੀਂ ਕਹਿੰਦੇ ਓ ਕਿ ਦੋਧੀ ਸਾਨੂੰ ਦੁੱਧ ਨਹੀਂ ਦਿੰਦੇ। ਕੁਝ ਅਸਾਮੀਆਂ ਇਹੋ ਜਿਹੀਆਂ ਵੀ ਨੇ ਜਿਹੜੀਆਂ ਕਹਿੰਦੀਆਂ ਨੇ ਕਿ ਉਹ ਚਾਰ ਗੜਵੀਆਂ ਸੁਬਾਹ ਤੇ ਚਾਰ ਸ਼ਾਮ ਨੂੰ ਦਿਆ ਕਰਨਗੀਆਂ। ਚਾਰ ਗੜਵੀਆਂ ਦਾ ਲਾਰਾ ਲਾ ਕੇ ਸਾਡੇ ਕੋਲੋਂ ਸੱਤ-ਅੱਠ ਹਜ਼ਾਰ ਪੇਸ਼ਗੀ ਫੜ ਲੈਂਦੀਆਂ ਨੇ ਤੇ ਚਾਰ ਪੰਜ ਦਿਨ ਬਾਅਦ ਚਾਰ ਦੀ ਥਾਂ ਦੋ ਗੜਵੀਆਂ ਕਰ ਦਿੰਦੀਆਂ ਨੇ। ਅਸਾਂ ਅੱਗੋਂ ਪੈਸੇ ਫੜੇ ਹੁੰਦੇ ਨੇ, ਅਸੀਂ ਉੱਥੇ ਭੁਠੇ ਪੈਂਦੇ ਹਾਂ।

‘ਇਹ ਤਾਂ ਵਾਅਦਾ ਖ਼ਿਲਾਫੀ ਏ। ਫੇਰ ਤੁਸੀਂ ਕੀ ਕਰਦੇ ਓ?’

‘ਸਬਰ ਦੇ ਘੁੱਟ ਪੀ ਕੇ ਦੋ ਗੜਵੀਆਂ ਹੀ ਲੈਂਦੇ ਰਹਿੰਦੇ ਹਾਂ। ਲੜਿਆਂ ਤਾਂ ਗੱਲ ਨਹੀਂ ਬਣਦੀ। ਕਾਰੋਬਾਰ ਜੋ ਕਰਨਾ ਹੋਇਆ। ਮਾਸਟਰ ਜੀ ਕਾਰੋਬਾਰ ਕਰਨ ਵਾਲੇ ਨੂੰ ਖੁੱਸੀ ਹੋਣਾ ਪੈਂਦਾ ਏ।’ ਮਲਕ ਅਦਰੀਸ ਮਜ਼ਲੂਮ ਜਿਹਾ ਹੋ ਕੇ ਬੋਲਿਆ।

‘ਸ਼ਾਇਦ ਤੂੰ ਸੱਚ ਕਹਿ ਰਿਹਾ ਹੈਂ। ਮੈਂ ਕੋਈ ਕਾਰੋਬਾਰ ਨਹੀਂ ਕੀਤਾ ਨਾ। ਇਸ ਪਾਰੋਂ ਮੈਨੂੰ ਤਜ਼ਰਬਾ ਨਹੀਂ ਹੈ।’

‘ਹੋਰ ਸੁਣੋ’ ਮਲਕ ਅਦਰੀਸ ਆਪਣੇ ਧਿਆਨ ਬੋਲਦਾ ਰਿਹਾ ‘ਜੇ ਕਿਸੇ ਦੀ ਮੱਝ ਦੁੱਧੋਂ ਭੱਜ ਜਾਵੇ ਤਾਂ ਉਹ ਪੇਸ਼ਗੀ ਫੜੇ ਪੈਸੇ ਵਾਪਸ ਨਹੀਂ ਕਰਦਾ। ਹੁਣ ਸਾਨੂੰ ਉਹਨਾਂ ਪੈਸਿਆਂ ਦਾ ਦੁੱਧ ਈ ਮਿਲਦਾ ਏ, ਜਦੋਂ ਵੀ ਮਿਲੇ।’

‘ਤੇਰਾ ਮਤਲਬ ਏ, ਮੱਝ ਗੱਭਣ ਹੋਵੇਗੀ, ਸੂਵੇਗੀ ਤੇ ਫਿਰ ਦੁੱਧ ਮਿਲੇਗਾ।’ ਮਾਸਟਰ ਨੇ ਪੁੱਛਿਆ।

‘ਜੀ ਤੁਸੀਂ ਠੀਕ ਸਮਝੇ ਓ। ਕਿਸੇ ਹੋਰ ਕਾਰ੍ਰੋਬਾਰ ਵਿਚ ਕੋਈ ਇੰਨਾ ਚਿਰ ਪੈਸੇ ਠੱਲ੍ਹਦਾ ਏ?’

‘ਇਹ ਤਾਂ ਮਾੜੀ ਗੱਲ ਏ। ਜਿੰਨਾ ਚਿਰ ਉਹਦੇ ਦੁੱਧ ਦਾ ਕੋਈ ਆਪਣਾ ਬੰਦੋਬਸਤ ਨਹੀਂ ਹੁੰਦਾ, ਓਨਾ ਚਿਰ ਉਹ ਵੇਲੇ-ਕੁਵੇਲੇ ਲੋੜ ਪੈਣ ਤੇ ਸਾਡੇ ਕੋਲੋਂ ਦੁੱਧ ਵੀ ਲੈਂਦਾ ਏ ਤੇ ਉਹ ਦੁੱਧ ਮੁੱਲ ਨਹੀਂ ਹੁੰਦਾ ਸਗੋਂ ਉਸ ਦੁੱਧ ਦਾ ਵੀ ਉਹਨੇ ਦੁੱਧ ਹੀ ਦੇਣਾ ਏ, ਜਦੋਂ ਉਹਦੇ ਕੋਲ ਹੋਇਆ।’

‘ਮੈਂ ਤੇ ਸੁਣਿਆ ਏ, ਲੋਕਾਂ ਕੋਲ ਦੋ-ਦੋ, ਤਿੰਨ-ਤਿੰਨ ਮੱਝਾਂ ਹੁੰਦੀਆਂ ਨੇ, ਇੱਕ ਮੱਝ ਭੱਜ ਜਾਵੇ ਤਾਂ ਦੂਜੀ ਤਿਆਰ ਹੁੰਦੀ ਏ।’ ਮਾਸਟਰ ਖ਼ਾਲਦ ਬੋਲਿਆ।

‘ਇੰਝ ਵੀ ਹੁੰਦਾ ਏ ਪਰ ਜ਼ਿਆਦਾ ਲੋਕ ਇੰਝ ਹੀ ਕਰਦੇ ਨੇ, ਜਿਵੇਂ ਮੈਂ ਤੁਹਾਨੂੰ ਦੱਸਿਆ ਏ।’

‘ਤੁਸੀਂ ਐਨਾ ਥੱਲੇ ਕਿਉਂ ਲੱਗੇ ਹੋਏ ਓ, ਆਪਣੀਆਂ ਅਸਾਮੀਆਂ ਦੇ?’

‘ਇਹ ਦੌਰ ਮੁਕਾਬਲੇ ਦਾ ਏ, ਸਰ ਜੀ! ਪਿੰਡ ਵਿਚ ਦੋ ਦੋਧੀ ਹੋਰ ਵੀ ਨੇ, ਜੱਟਾਂ, ਮਲਕਾਂ, ਅਰਾਈਆਂ, ਪਾੱਛੀਆਂ, ਘੁਮਿਆਰਾਂ ਸਾਰੀਆਂ ਕੌਮਾਂ ਨੇ ਦੋਧੀਆਂ ਦਾ ਕੰਮ ਫੜ ਲਿਆ ਏ। ਜੇਕਰ ਮੈਂ ਆਪਣੀ ਕਿਸੇ ਅਸਾਮੀ ਦੇ ਮੁਤਾਲਬੇ ਪੂਰੇ ਨਹੀਂ ਕਰਦਾ ਤਾਂ ਉਹ ਘਰ ਕਿਸੇ ਹੋਰ ਵੱਲ ਦੁੱਧ ਲਾ ਲਵੇਗਾ। ਸਾਨੂੰ ਹਰ ਆਸਾਮੀ ਦੀ ਲੋਲੋ-ਪੋਪੋ ਕਰਨੀ ਪੈਂਦੀ ਏ।’

‘ਇਹ ਕੰਮ ਤਾਂ ਵਾਹਵਾ ਔਖਾ ਲੱਗਦਾ ਏ।’

‘ਹਾਲੀਂ ਤੁਸੀਂ ਸੁਣਿਆ ਈ ਕੀ ਏ। ਇੱਕ ਅੱਧਾ ਘਰ ਅਜਿਹਾ ਵੀ ਨਿਕਲ ਆਉਂਦਾ ਏ, ਜਿਹੜਾ ਚਾਰ ਪੰਜ ਦਿਨ ਦੁੱਧ ਦਿੰਦਾ ਏ। ਪੇਸ਼ਗੀ ਪੈਸੇ ਫੜ ਲੈਂਦਾ ਏ। ਲੋੜ ਟਪਾ ਕੇ ਨਾ ਦੁੱਧ ਦਿੰਦਾ ਏ ਤੇ ਨਾ ਈ ਛੇਤੀ ਪੈਸੇ ਮੋੜਦਾ ਏ। ਪੁੱਛਣ ਤੇ ਕਹਿੰਦੇ ਨੇ, ‘ਦੁੱਧ ਤੋਂ ਬਗੈਰ ਸਾਡਾ



ਆਪਣਾ ਨਹੀਂ ਸਰਦਾ। ਆਏ ਗਏ ਵਾਲਾ ਘਰ ਏ, ਪੈਸੇ? ਪੈਸੇ ਜਦੋਂ ਹੋਣਗੇ ਮੋੜ ਦਿਆਂਗੇ।

‘ਇਸ ਤਰ੍ਹਾਂ ਗੁੱਸਾ ਤਾਂ ਬਹੁਤ ਆਉਂਦਾ ਹੋਵੇਗਾ?’

‘ਕਾਰੋਬਾਰ ਵਿਚ ਸਰ ਜੀ, ਆਪਣਾ ਆਪ ਮਾਰਨਾ ਪੈਂਦਾ ਏ। ਕਿੰਨਿਆਂ ਕੁ ਲੋਕਾਂ ਦੇ ਗਲ ਪਵਾਂਗੇ, ਸਬਰ ਕਰ ਜਾਈਦਾ ਏ। ਉਹ ਰਕਮ ਉਥੇ ਈ ਫਸੀ ਰਹਿ ਜਾਂਦੀ ਏ। ਸਿਆਣੇ ਕਹਿੰਦੇ ਨੇ, ਪੈਸਾ ਦੇਣਾ ਦਲੇਰੀ ਤੇ ਵਾਪਸ ਲੈਣਾ ਹਿਕਮਤ’ ਮਲਕ ਨੇ ਠੰਢਾ ਸਾਹ ਭਰਿਆ।

‘ਇਹ ਤਾਂ ਜ਼ਿਆਦਤੀ ਏ।’ ਮਾਸਟਰ ਨੂੰ ਕਿਸੇ ਨੂੰ ਦਿੱਤਾ ਹੋਇਆ ਕਰਜ਼ਾ ਚੇਤੇ ਆ ਗਿਆ।

‘ਇਸ ਤੋਂ ਵੱਡੀ ਜ਼ਿਆਦਤੀ ਸੁਣੋ। ਆਪਣੇ ਪਿੰਡ ਵਿਚੋਂ ਇਕ ਘਰ ਨੇ ਮੇਰੀ ਮਿੰਨਤ ਕੀਤੀ ਕਿ ਮੈਨੂੰ ਮੱਝ ਲੈ ਦੇ। ਮੈਂ ਘਾਹ ਕੱਢ ਕੇ, ਕਮਾਦ ਛਿੱਲ ਕੇ ਉਹਨੂੰ ਪੱਠੇ ਪਾਵਾਂਗਾ। ਦੁੱਧ ਸਾਰਾ ਤੂੰ ਲਈ ਜਾਵੀਂ। ਦੁੱਧ ਦੇ ਲਾਲਚ ਤੇ ਅਸੀਂ ਕੁੱਤੇ ਹੋ ਜਾਂਨੇ ਆਂ। ਮੈਂ ਉਸਨੂੰ ਪੂਰੇ ਵੀਹ ਹਜ਼ਾਰ ਦਿੱਤੇ। ਦਸ ਹਜ਼ਾਰ ਉਸ ਕੋਲੋਂ ਪਾਏ ਤੇ ਸੱਜਰ ਸੂਈ ਮੱਝ ਲੈ ਆਇਆ। ਇੱਕ ਮਹੀਨੇ ਬਾਅਦ ਹੀ ਉਹਨੇ ਮੱਝ ਮੁਨਾਫੇ ਨਾਲ ਅੱਗੇ ਵੇਚ ਦਿੱਤੀ। ਕੁਝ ਪੈਸੇ ਖਾ ਗਿਆ ਤੇ ਬਾਕੀਆਂ ਦਾ ਇੱਕ ਅੱਧੋਰਾਣਾ ਰਿਕਸ਼ਾ ਆਪਣੇ ਵੱਡੇ ਪੁੱਤਰ ਨੂੰ ਲੈ ਦਿੱਤਾ ਸੂ।’

‘ਤੂੰ ਉਹਦੇ ਕੋਲੋਂ ਉਹਦਾ ਰਿਕਸ਼ਾ ਖੋਹ ਲੈਣਾ ਸੀ।’ ਮਾਸਟਰ ਨੂੰ ਜੋਸ਼ ਆ ਗਿਆ।

‘ਮੈਂ ਬਾਬੇ ਆਦਮ ਦੇ ਵੇਲੇ ਦਾ ਰਿਕਸ਼ਾ ਸਿਰ ਵਿਚ ਮਾਰਨਾ ਸੀ। ਮੈਂ ਦੋਧੀ ਹਾਂ, ਟਰਾਂਸਪੋਰਟਰ ਨਹੀਂ ਹਾਂ।’

‘ਉਹਦੇ ਗਲ ਵਿਚ ਸਾਫ਼ਾ ਪਾਉਣਾ ਸੀ। ਇਹ ਤਾਂ ਹਨ੍ਹੇਰ ਏ।’ ਮਾਸਟਰ ਜਜ਼ਬਾਤੀ ਹੋ ਰਿਹਾ ਸੀ।

‘ਲਓ ਤੁਸੀਂ ਚਾਹ ਪੀਓ’ ਮਲਕ ਅਦਰੀਸ ਚਾਹ ਦਾ ਵੱਡਾ ਪਿਆਲਾ ਮਾਸਟਰ ਹੋਰਾਂ ਵੱਲ ਵਧਾਇਆ।

‘ਤੁਹਾਡੇ ਕੋਲ ਇੰਨਾ ਜ਼ਿਆਦਾ ਪੈਸੇ ਕਿੱਥੋਂ ਆਉਂਦੇ ਨੇ? ਮੇਰਾ ਮਤਲਬ ਏ ਇੰਝ ਰੋੜ੍ਹਨ ਵਾਸਤੇ।’ ਮਾਸਟਰ ਚਾਹ ਦਾ ਪਿਆਲਾ ਫੜਦਿਆਂ ਪੁੱਛਿਆ।

‘ਕੋਈ ਵੀ ਕਾਰੋਬਾਰ ਕਰਨ ਵਾਸਤੇ ਪੈਸੇ ਤਾਂ ਲਾਉਣੇ ਹੀ ਪੈਂਦੇ ਨੇ। ਗੱਡੀ ਵਾਲਿਆਂ ਕੋਲੋਂ ਵੀ ਫੜ ਲਈਦੇ ਨੇ।’

‘ਗੱਡੀ ਵਾਲੇ? ਇਹ ਗੱਡੀ ਵਾਲੇ ਕੌਣ ਨੇ? ਇਹਨਾਂ ਬਾਰੇ ਸੁਣ-ਸੁਣ ਕੇ ਕੰਨ ਪੱਕ ਗਏ ਨੇ।’ ਮਾਸਟਰ ਖ਼ਾਲਦ ਨੇ ਪੁੱਛਿਆ।

‘ਮਾਸਟਰ ਜੀ! ਅਸੀਂ ਲਾਹੌਰੋ ਆਵਣ ਵਾਲੀ ਗੱਡੀ ਨੂੰ ਦੁੱਧ ਦਿੰਦੇ ਹਾਂ। ਉਹ ਸਾਡੇ ਦੁੱਧ ਦੀ ਫੈਟ ਕੱਢਦੇ ਨੇ। ਪੂਰੀ ਛੇ ਫੈਟ ਆਵੇ ਤਾਂ ਦੁੱਧ ਜਿੰਨਾ ਹੋਵੇ, ਓਨਾ ਪੱਕਾ ਗਿਣਿਆ ਜਾਂਦਾ ਏ। ਘੱਟ ਜਾਵੇ ਤਾਂ ਦੁੱਧ ਦੀ ਮਿਕਦਾਰ ਘਟਾ ਦਿੱਤੀ ਜਾਂਦੀ ਏ। ਇੱਕ ਵਾਰੀ ਮੇਰੇ ਚੌਂਤੀ ਕਿਲੋ ਦੁੱਧ ਦੀ ਫੈਟ ਤਿੰਨ ਪੁਆਇੰਟ ਅੱਠ ਆਈ ਤਾਂ ਉਹ ਦੁੱਧ ਇੱਕੀ ਕਿਲੋ ਪੱਕਾ ਗਿਣਿਆ

ਗਿਆ।

'ਤੇਰਾਂ ਕਿਲੋ ਦੁੱਧ ਈ ਉਡਾ ਦਿੱਤਾ ਗਿਆ।' ਮਾਸਟਰ ਹੈਰਾਨ ਸੀ।

'ਇਹ ਫੈਟ ਘੱਟ ਕਿਉਂ ਆਈ ਸੀ?' ਮਾਸਟਰ ਨੇ ਪੁੱਛਿਆ।

'ਕਈ ਘਰ ਬੱਕਰੀਆਂ ਤੇ ਗਾਵਾਂ ਦਾ ਦੁੱਧ ਮੱਝ ਦੇ ਦੁੱਧ ਵਿਚ ਰਲਾ ਦਿੰਦੇ ਨੇ। ਉਹ ਦੁੱਧ ਪਤਲਾ ਹੁੰਦਾ ਏ। ਉਹਦੇ ਪਾਰੋਂ ਫੈਟ ਵੀ ਘੱਟ ਆਉਂਦੀ ਏ।'

'ਅੱਛਾ, ਕਦੇ ਫੈਟ ਛੇ ਤੋਂ ਵੱਧ ਵੀ ਆਉਂਦੀ ਏ?' ਮਾਸਟਰ ਨੇ ਦਿਲਚਸਪੀ ਨਾਲ ਪੁੱਛਿਆ।

'ਹਾਂ ਖਾਂਗੜ ਮੱਝਾਂ ਦਾ ਦੁੱਧ ਸੰਘਣਾ ਹੁੰਦਾ ਏ। ਉਸ ਦੁੱਧ ਦੀ ਫੈਟ ਛੇ ਤੋਂ ਵੱਧ ਜਾਂਦੀ ਏ। ਇਸ ਤਰ੍ਹਾਂ ਵੀਹ ਕਿਲੋ ਦੁੱਧ ਪੰਝੀ ਕਿਲੋ ਮੰਨਿਆ ਜਾਂਦਾ ਏ।'

'ਗੱਡੀ ਵਾਲੇ ਤਾਂ ਤੁਹਾਡੇ ਨਾਲ ਦਾਅ ਨਹੀਂ ਲਾਉਂਦੇ?'

'ਸਾਨੂੰ ਗੱਡੀ ਵਾਲੇ ਵੀ ਡੰਗਣੋਂ ਬਾਜ਼ ਨਹੀਂ ਆਉਂਦੇ।'

'ਉਹ ਕਿਸ ਤਰ੍ਹਾਂ?'

'ਉਹ ਦੁੱਧ ਚੈੱਕ ਕਰਨ ਵਾਲਾ ਸਾਮਾਨ ਦੋ ਨੰਬਰ ਦਾ ਲੈ ਕੇ ਆਉਂਦੇ ਨੇ, ਜਿਹੜਾ ਫੈਟ ਘੱਟ ਦੱਸਦਾ ਏ।'

'ਤੁਸੀਂ ਫਿਰ ਵੀ ਇਹ ਕਾਰੋਬਾਰ ਛੱਡਦੇ ਨਹੀਂ ਓ। ਤੁਹਾਨੂੰ ਕੀ ਲੱਭਦਾ ਏ? ਮੇਰਾ ਮਤਲਬ ਏ ਤੁਸੀਂ ਕੀ ਕਰਦੇ ਹੋ ਕਿ ਤੁਹਾਨੂੰ ਫਾਇਦਾ ਹੋਵੇ'

'ਬੱਸ ਜੀ ਅਸੀਂ ਵੀ ਕੁਝ ਨਾ ਕੁਝ ਕਰ ਈ ਲੈਂਦੇ ਆ, ਕਿਸੇ ਨਾ ਕਿਸੇ ਤਰ੍ਹਾਂ ਰੋਜ਼ੀ ਜੋ ਕਮਾਉਣੀ ਹੋਈ।' ਦੋਧੀ ਨੇ ਭੋਇੰ ਵੱਲ ਵੇਖਿਆ।

'ਏਨਾ ਕੁਝ ਦੱਸਿਆ ਈ ਤਾਂ ਇਹ ਵੀ ਦੱਸ ਦੇ। ਮੈਂ ਕਿਹੜਾ ਤੈਨੂੰ ਥਾਣੇ ਫੜਾ ਦੇਣਾ ਏ।' ਮਾਸਟਰ ਨੇ ਜ਼ਿੱਦ ਕੀਤੀ।

'ਸਾਡਾ ਦੁੱਧ ਤੋਂ ਇਲਾਵਾ ਕਿਸੇ ਤੇ ਜ਼ੋਰ ਨਹੀਂ ਚੱਲਦਾ। ਅਸੀਂ ਜੋ ਕੁਝ ਵੀ ਕਰਨਾ ਆਂ, ਦੁੱਧ ਨਾਲ ਹੀ ਕਰਨੇ ਆਂ।' ਦੋਧੀ ਥੋੜ੍ਹਾ ਜਿਹਾ ਸ਼ਰਮਿੰਦਾ ਸੀ।

'ਕੀ ਕਰਦੇ ਹੋ?'

'ਛੱਡੋ ਜੀ ਤੁਸੀਂ ਸਭ ਕੁਝ ਜਾਣਦੇ ਹੋ।'

'ਅਸਾਂ ਤਾਂ ਇਹ ਹੀ ਸੁਣਿਆ ਏ ਕਿ ਦੋਧੀ ਦੁੱਧ ਵਿਚ ਪਾਣੀ ਮਿਲਾਉਂਦੇ ਨੇ।'

'ਉਹ ਜੀ ਬੜੀ ਪੁਰਾਣੀ ਗੱਲ ਏ। ਦੁੱਧ ਵਿਚ ਪਾਣੀ ਪਾ ਕੇ ਅਸਾਂ ਫੈਟ ਘਟਾਉਣੀ ਏ। ਹਾਂ ਉਹ ਦੋਧੀ ਜਿਹੜੇ ਹੋਟਲਾਂ ਤੇ ਜਾਂ ਘਰਾਂ ਵਿਚ ਦੁੱਧ ਦਿੰਦੇ ਨੇ। ਉਹ ਹਾਲੀਂ ਵੀ ਦੁੱਧ ਵਿਚ ਪਾਣੀ ਪਾਉਂਦੇ ਨੇ।'

'ਤੇ ਤੁਸੀਂ ਫੈਟ ਵਧਾਉਣ ਲਈ ਕੀ ਕਰਦੇ ਹੋ?'

'ਹੁਣ ਤੁਸੀਂ ਰਿਹਾੜ ਕਰਦੇ ਹੋ ਤਾਂ ਸੁਣੋ, ਬਹੁਤ ਸਾਰੀਆਂ ਚੀਜ਼ਾਂ ਨੇ। ਛੱਤੀ ਕਿਲੋ ਦੁੱਧ



ਦੀ ਇੱਕ ਟੱਪੀ ਉਹਦੇ ਵਿਚ ਅੱਧਾ ਕਿਲੋ ਕੁਕਿੰਗ ਆਇਲ ਪਾ ਦੇਈਏ ਤਾਂ ਫੈਟ ਵੱਧ ਜਾਂਦੀ ਏ।'

'ਦੁੱਧ ਦਾ ਜਾਇਕਾ (ਸਵਾਦ) ਤਬਦੀਲ ਨਹੀਂ ਹੁੰਦਾ। ਨਾਲ ਕੁਕਿੰਗ ਆਇਲ ਤਾਂ ਦੁੱਧ ਉੱਤੇ ਤਰ ਆਉਂਦਾ ਹੋਵੇਗਾ।'

'ਓ ਜੀ ਇੱਕ ਕਿਲੋ ਦੁੱਧ ਪਹਿਲਾਂ ਸਵਾਰ ਕੇ ਗਰਮ ਕਰੀਦਾ ਏ, ਫਿਰ ਉਹਦੇ ਵਿਚ ਅੱਧਾ ਕਿਲੋ ਕੁਕਿੰਗ ਆਇਲ ਪਾ ਕੇ ਜੂਸਰ ਵਿਚ ਚੰਗੀ ਤਰ੍ਹਾਂ ਗੇੜਾ ਦੇਈਦਾ ਏ। ਜਦੋਂ ਇੱਕ ਜਾਨ ਹੋ ਜਾਵੇ, ਫਿਰ ਇੱਕ ਲੱਪ ਲੂਣ ਤੇ ਇਕ ਲੱਪ ਖੰਡ ਪਾ ਕੇ ਦੁਬਾਰਾ ਗੇੜਾ ਦੇਈਦਾ ਏ ਤੇ ਇਸ ਤਰ੍ਹਾਂ ਦੁੱਧ ਦਾ ਜਾਇਕਾ ਵੀ ਤਬਦੀਲ ਨਹੀਂ ਹੁੰਦਾ ਤੇ ਫੈਟ ਵੀ ਵੱਧ ਜਾਂਦੀ ਏ।'

'ਇਸ ਤੋਂ ਇਲਾਵਾ?'

'ਮੈਂ ਤੇ ਜੀ ਇਹ ਹੀ ਕਰਦਾ ਵਾਂ। ਬਾਕੀ ਦੋਧੀ ਹੋਰ ਵੀ ਬਥੇਰਾ ਕੁਝ ਕਰਦੇ ਨੇ।'

'ਬਾਕੀ ਦੋਧੀ ਕੀ ਕਰਦੇ ਨੇ?'

'ਉਹ ਜਨਾਬ ਹਕੀਕਤ ਤਾਂ ਅੱਲਾ ਈ ਜਾਣਦਾ ਏ। ਪਰ ਲੋਕੀਂ ਦੱਸਦੇ ਨੇ ਕਿ ਕਈ ਦੋਧੀ ਵਾਲ-ਸਫਾ ਪਾਊਡਰ ਤੇ ਖਾਦ ਵੀ ਪਾਉਂਦੇ ਨੇ।'

'ਵਾਲ-ਸਫ਼ਾ ਪਾਊਡਰ ਤੇ ਖਾਦ?' ਮਾਸਟਰ ਜੀ ਨੂੰ ਉਲਟੀ ਆਉਂਦੀ ਮਹਿਸੂਸ ਹੋਈ।

'ਇੰਝ ਈ ਸੁਣਿਆ ਏ।'

'ਇਹਨਾਂ ਜ਼ਹਿਰੀਲੀਆਂ ਚੀਜ਼ਾਂ ਨਾਲ ਬੰਦਾ ਮਰ ਵੀ ਸਕਦਾ ਏ।'

'ਕੋਈ ਹਿਸਾਬ ਕਿਤਾਬ ਲਾਉਂਦੇ ਹੀ ਹੋਣਗੇ, ਜਿਹਦੇ ਪਾਰੋਂ ਸਿਰਫ਼ ਦੁੱਧ ਦੀ ਫੈਟ ਈ ਵੱਧਦੀ ਏ, ਪੀਵਣ ਵਾਲਾ ਨਹੀਂ ਮਰਦਾ।'

'ਫਿਰ ਵੀ ਪੀਣ ਵਾਲਾ ਬੀਮਾਰ ਤਾਂ ਹੁੰਦਾ ਹੋਵੇਗਾ?'

'ਜ਼ਾਹਿਰ ਏ ਜੀ ਅਜਿਹੀ ਚੀਜ਼ ਖਾ ਕੇ ਬੰਦੇ ਬੀਮਾਰ ਤਾਂ ਹੁੰਦੇ ਈ ਹੋਣਗੇ ਪਰ ਦੋਧੀਆਂ ਨੂੰ ਕੀ?'

ਤੈਨੂੰ ਯਕੀਨ ਏ ਕਿ ਤੂੰ ਇਹ ਚੀਜ਼ਾਂ ਨਹੀਂ ਪਾਉਂਦਾ?'

'ਨਹੀਂ ਜੀ, ਅੱਲਾ ਨੂੰ ਜਾਨ ਦੇਣੀ ਏ। ਮੈਂ ਹਾਲੇ ਏਨਾ ਬੇਜ਼ਮੀਰਾ ਨਹੀਂ ਹੋਇਆ ਕਿ ਦੁੱਧ ਜਿਹੜਾ ਅੱਲਾ ਦਾ ਨੂਰ ਏ, ਉਹਦੇ ਵਿਚ ਅਜਿਹੀਆਂ ਸ਼ੈਆਂ ਪਾਵਾਂ।'

'ਤੇ ਤੂੰ ਬਾਜ਼ਮੀਰ ਏ?' ਮਾਸਟਰ ਨੇ ਤਨਜ਼ ਕੀਤੀ।

'ਤੇ ਹਾਂ, ਤੁਹਾਨੂੰ ਇਹ ਵੀ ਦੱਸਣਾ ਸੀ ਕਿ ਮਿਲਾਵਟ ਕਰਨ ਤੋਂ ਬਾਅਦ ਮੈਂ ਪਿੰਡ ਵਿਚ ਕਿਸੇ ਨੂੰ ਵੀ ਦੁੱਧ ਨਹੀਂ ਦਿੰਦਾ। ਸੱਚੀ ਮੈਨੂੰ ਅੱਲਾ ਕੋਲੋਂ ਡਾਢਾ ਖ਼ੌਫ਼ ਆਉਂਦਾ ਏ।' ਮਲਕ ਨੇ ਸੁਣੀ ਅਣਸੁਣੀ ਕਰਦਿਆਂ ਆਖਿਆ।

'ਵਾਹ ਕਿਆ, ਖ਼ੁਦਾ ਖ਼ੌਫੀ ਏ। ਪਿੰਡ ਵਾਲਿਆਂ ਦਾ ਇੱਕ ਅੱਧਾ ਬੱਚਾ ਬਚ ਜਾਵੇ, ਸ਼ਹਿਰ ਭਾਵੇਂ ਸਾਰਾ ਬੀਮਾਰ ਹੋ ਜਾਵੇ।'

'ਇਹ ਉਹਨਾਂ ਦੀ ਕਿਸਮਤ।'

'ਸੱਚ ਏ ਤੁਹਾਨੂੰ ਕੀ? ਤੁਹਾਡਾ ਤਾਂ ਕਾਰੋਬਾਰ ਜੂ ਹੋਇਆ।'

'ਇਹ ਨਿੱਕਾ ਮੋਟਾ ਧੋਖਾ ਤਾਂ ਚੱਲਦਾ ਹੀ ਰਹਿੰਦਾ ਏ, ਸਰ ਜੀ! ਤੁਸੀਂ ਦੱਸੋ, ਤੁਸੀਂ ਸੁਣ ਈ ਲਿਆ ਏ, ਅਸਾਮੀਆਂ ਸਾਨੂੰ ਕਿਸ ਤਰ੍ਹਾਂ ਬਲੈਕ-ਮੇਲ ਕਰਦੀਆਂ ਨੇ। ਗੱਡੀ ਵਾਲੇ ਕਿਸ.

ਤਰ੍ਹਾਂ ਦਾਅ ਲਾਉਂਦੇ ਨੇ। ਹੁਣ ਵੀ ਤੁਸੀਂ ਸਾਨੂੰ ਦੋਧੀਆਂ ਨੂੰ ਈ ਭੈੜਾ ਆਖੋਗੇ।'

'ਜਿਵੇਂ ਤੂੰ ਦੱਸਿਆ ਏ ਉਸ ਹਿਸਾਬ ਨਾਲ ਤਾਂ ਅਸਾਮੀਆਂ ਦੇ ਗੱਡੀ ਵਾਲੇ ਵਾਕਿਆ ਈ ਤੁਹਾਡੇ ਨਾਲ ਜ਼ਿਆਦਤੀ ਕਰਦੇ ਨੇ, ਪਰ ਤੁਸੀਂ ਉਹ ਕਸਰ ਮਿਲਾਵਟ ਕਰਕੇ ਕੱਢ ਲੈਂਦੇ ਹੋ।'

'ਅਸੀਂ ਪਿੰਡ ਵਾਲਿਆਂ ਨੂੰ ਮਿਲਾਵਟ ਵਾਲਾ ਦੁੱਧ ਨਹੀਂ ਦਿੰਦੇ। ਹਾਲੀਂ ਵੀ ਤੁਸੀਂ ਆਖੋਗੇ ਅਸੀਂ ਦੁੱਧ ਅੱਠ ਰੁਪਏ ਮਹਿੰਗਾ ਵੇਚਦੇ ਹਾਂ। ਤੁਸਾਂ ਹਿਸਾਬ ਲਾ ਈ ਲਿਆ ਹੋਣਾ ਏ ਕਿ ਇਹ ਦੁੱਧ ਸਾਨੂੰ ਬਾਰਾਂ ਰੁਪਏ ਗੜਵੀ ਤੋਂ ਕਿੰਨਾ ਵੱਧ ਪੈਂਦਾ ਏ।'

'ਹਾਂ, ਲਾ ਲਿਆ ਏ।'

'ਚਲੋ ਸ਼ੁਕਰ ਏ। ਅਸਲ ਵਿਚ ਤੁਸੀਂ ਉਸਤਾਦ ਓ। ਤੁਹਾਨੂੰ ਦੁੱਧ ਐਵੇਂ ਵੀ ਦੇ ਦੇਈਏ ਤਾਂ ਸਾਨੂੰ ਵਾਰਾ ਖਾਂਦਾ ਏ। ਪਰ ਪੂਰੇ ਪਿੰਡ ਨੂੰ ਅਸੀਂ ਵੀਹ ਰੁਪਏ ਗੜਵੀ ਵੀ ਦੇਈਏ ਤਾਂ ਸਾਨੂੰ ਘਾਟਾ ਏ। ਇਸ ਪਾਰੋਂ ਅਸੀਂ ਦੁੱਧ ਦੇਣ ਤੋਂ ਨਸਾਉਂਦੇ ਹਾਂ।'

'ਤੇਰਾ ਹਿਸਾਬ ਕਿਤਾਬ ਠੀਕ ਈ ਲੱਗਦਾ ਏ।' ਮਾਸਟਰ ਕੁਝ ਸੋਚਦਿਆਂ ਬੋਲਿਆ।

'ਹੁਣ ਤੁਸੀਂ ਦੱਸੋ ਤੁਹਾਨੂੰ ਰੋਜ਼ ਦਾ ਕਿੰਨਾ ਕੁ ਦੁੱਧ ਚਾਹੀਦਾ ਏ। ਤੁਸੀਂ ਉਸਤਾਦ ਓ। ਦੁੱਧ ਤੁਹਾਨੂੰ ਇੱਕ ਨੰਬਰ ਖਾਲਸ ਮਿਲੇਗਾ। ਕਿਸੇ ਚੰਗੀ ਅਸਾਮੀ ਦਾ।'

'ਟੀਕੇ ਵਾਲਾ ਨਹੀਂ ਹੋਵੇਗਾ?'

'ਬਿਲਕੁਲ ਨਹੀਂ।'

'ਪਾਣੀ ਦੀ ਮਿਲਾਵਟ ਵੀ ਨਹੀਂ ਹੋਵੇਗੀ?'

'ਸੋਚੋ ਵੀ ਨਾ ਜਨਾਬ।'

'ਕੁਕਿੰਗ ਆਇਲ ਵਾਲਾ, ਸਫਾ ਪਾਊਡਰ, ਖਾਦ ਵਗੈਰਾ ਤਾਂ ਨਹੀਂ ਮਿਲੀ ਹੋਵੇਗੀ?'

'ਕਿਹੋ ਜਿਹੀਆਂ ਗੱਲਾਂ ਕਰਦੇ ਹੋ ਉਸਤਾਦ ਜੀ! ਉਹ ਸਭ ਕੁਝ ਤਾਂ ਗੱਡੀ ਵਾਲਿਆਂ ਨੂੰ ਦੁੱਧ ਦੇਵਣ ਵਾਰੀ ਕਰੀਦਾ ਏ। ਤੁਹਾਨੂੰ ਅਜਿਹਾ ਦੁੱਧ ਦੇ ਕੇ ਅਸਾਂ ਦੋਜ਼ਖ਼ ਜਾਣਾ ਏ।'

'ਇਹ ਤਾਂ ਫਿਰ ਤੁਹਾਡੀ ਬੜੀ ਮਿਹਰਬਾਨੀ ਹੋਵੇਗੀ ਮਲਕ ਸਾਹਿਬ ਤੇ ਪੈਸੇ ਵੀ ਤੁਸੀਂ ਜਿੰਨੇ ਆਖੋਗੇ ਮੈਂ ਉਨੇ ਦੀ ਗੜਵੀ ਲਾ ਲਵਾਂਗਾ।' ਤੁਸਾਂ ਖ਼ੁਦ ਪੰਦਰਾਂ ਰੁਪਏ ਦੀ ਗੜਵੀ ਆਖੀ ਸੀ। ਤੁਹਾਡੇ ਲਈ ਪੰਦਰਾਂ ਈ ਸਹੀ।

'ਨਹੀਂ ਪੰਦਰਾਂ ਨਹੀਂ, ਪੰਦਰਾਂ ਤਾਂ ਬਿਲਕੁਲ ਨਹੀਂ।' ਮਾਸਟਰ ਨੇ ਜ਼ੋਰ ਦੇ ਕੇ ਆਖਿਆ।

'ਫਿਰ ਤੁਸੀਂ ਕਿੰਨੇ ਦਿੰਦੇ ਹੋ, ਇਕ ਗੜਵੀ ਦੇ?'

'ਮੇਰੇ ਖ਼ਿਆਲ ਵਿਚ ਪੰਜੀ ਰੁਪਏ ਗੜਵੀ ਮੁਨਾਸਿਬ ਹੋਣਗੇ।' ਮਾਸਟਰ ਖ਼ਾਲਦ ਮਰਨ ਦੀ ਹੱਦ ਤੱਕ ਸੰਜੀਦਾ ਸੀ।

'ਜੀ ਪੰਜੀ ਰੁਪਏ' ਮਲਕ ਅਦਰੀਸ ਹੈਰਾਨ ਰਹਿ ਗਿਆ।

'ਮੈਨੂੰ ਪਤਾ ਏ ਜਿਸ ਤਰ੍ਹਾਂ ਦਾ ਸੁੱਚਾ ਦੁੱਧ ਮੈਨੂੰ ਦੇਣਾ ਏ। ਉਹਦਾ ਇਹ ਮੁੱਲ ਉੱਕਾ ਮੁਨਾਸਿਬ ਨਹੀਂ, ਪਰ ਹਾਲ ਦੀ ਘੜੀ ਮੈਂ ਇਸ ਤੋਂ ਵੱਧ ਨਹੀਂ ਦੇ ਸਕਦਾ।' ਮਾਸਟਰ ਖ਼ਾਲਦ ਨੇ ਚਾਹ ਪਿਆਲਾ ਮੇਜ਼ ਤੇ ਰੱਖਦਿਆਂ ਕਿਹਾ। ●

**ਲਿੱਪੀ ਰੂਪਾਂਤਰ - ਹ. ਸ. ਹ.**





# ਸਿੱਖ ਅਤੇ 'ਪਾਤਸ਼ਾਹੀ'

- ਅਮਰਜੀਤ ਸਿੰਘ ਪਰਾਗ (ਪ੍ਰਿੰ.)

**(ਸ. ਅਜਮੇਰ ਸਿੰਘ ਦੀ ਪੁਸਤਕ 'ਕਿਸ ਵਿਧ ਰੁਲੀ ਪਾਤਸ਼ਾਹੀ ਦੇ ਸੰਦਰਭ ਵਿਚ)**

ਸੱਤਾ ਦੇ ਅਨੇਕਾਂ ਸਰੂਪ ਹਨ। ਇਨ੍ਹਾਂ ਨੂੰ ਮੁੱਖ ਤੌਰ ਤੇ ਦੋ ਰੂਪਾਂ ਵਿਚ ਵੰਡਿਆ ਜਾ ਸਕਦਾ ਹੈ।(1) ਭੌਤਿਕ ਜਾਂ ਸਰੀਰਕ ਸੱਤਾ (2) ਨੈਤਿਕ ਸੱਤਾ। ਕਿਸੇ ਸ਼ਕਤੀਸ਼ਾਲੀ ਕਬੀਲੇ, ਹੁਕਮਰਾਨ ਜਾਂ ਰਾਸ਼ਟਰ ਵਲੋਂ ਕਿਸੇ ਇਲਾਕੇ ਜਾਂ ਲੋਕਾਂ ਨੂੰ ਆਪਣੇ ਕਬਜ਼ੇ ਹੇਠ ਲੈ ਲਿਆ ਜਾਂਦਾ ਹੈ ਤਾਂ ਇਹ ਭੌਤਿਕ ਸੱਤਾ ਹੁੰਦੀ ਹੈ। ਬਾਹਰੀ ਦਖ਼ਲ ਤੋਂ ਬਿਨਾਂ ਚੰਗੇ-ਮਾੜੇ ਫੈਸਲੇ ਕਰ ਲੈਣ ਦੀ ਸੱਤਾ ਨੂੰ ਪ੍ਰਭੂਸੱਤਾ ਕਿਹਾ ਜਾਂਦਾ ਹੈ। ਅਜਿਹੀ ਪ੍ਰਭੂਸੱਤਾ ਦੇ ਮਾਲਕ ਵਿਅਕਤੀ ਨੂੰ ਪਾਤਸ਼ਾਹ ਆਖਿਆ ਜਾਂਦਾ ਹੈ। ਅਜਿਹੀ ਸੱਤਾ ਜੰਗਾਂ, ਝਗੜਿਆਂ, ਉਜਾੜਿਆ ਅਤੇ ਕਤਲੇਆਮਾਂ ਦਾ ਕਾਰਨ ਬਣਦੀ ਹੈ। ਭੌਤਿਕ ਸੱਤਾ ਹੱਥ ਬਦਲਦੀ ਰਹਿੰਦੀ ਹੈ। ਤਖਤ ਤੇ ਤਖਤੇ ਦੀ ਖੇਡ ਨਿਰੰਤਰ ਚੱਲ ਰਹੀ ਹੈ। ਇਸ ਵਿਚੋਂ ਤਾਨਾਸ਼ਾਹੀ, ਬੇਇਨਸਾਫੀ, ਜਬਰ-ਜ਼ੁਲਮ ਅਤੇ ਭ੍ਰਿਸ਼ਟਾਚਾਰ ਉਪਜਦੇ ਹਨ। ਇਸੇ ਲਈ ਕਿਹਾ ਜਾਂਦਾ ਹੈ ਕਿ ਸੱਤਾ ਵਿਅਕਤੀ ਨੂੰ ਭ੍ਰਿਸ਼ਟ ਕਰਦੀ ਹੈ, ਪੂਰਨ ਸੱਤਾ ਪੂਰੇ ਤੌਰ 'ਤੇ ਭ੍ਰਿਸ਼ਟ ਕਰਦੀ ਹੈ। ਇਸੇ ਪ੍ਰਥਾਏ ਗੁਰੂ ਜੀ ਨੇ 'ਰਾਜੇ ਸ਼ੀਹ ਮੁਕੱਦਮ ਕੁੱਤੇ' ਕਿਹਾ ਹੈ।

ਸੱਤਾ ਦਾ ਸਭ ਤੋਂ ਸੂਖਮ ਅਤੇ ਸਤਿਕਾਰਿਆ ਜਾਣ ਵਾਲਾ ਰੂਪ ਨੈਤਿਕ ਸੱਤਾ ਹੁੰਦੀ ਹੈ। ਇਹ ਨੈਤਿਕ ਗੁਣਾਂ ਅਤੇ ਰੂਹਾਨੀ ਉਚਤਾ ਕਰਕੇ ਪ੍ਰਾਪਤ ਹੁੰਦੀ ਹੈ। ਇਹ ਚਿਰਜੀਵੀ ਹੁੰਦੀ ਹੈ। ਨੈਤਿਕ ਸੱਤਾ ਦਾ ਮਾਲਕ ਜਦੋਂ ਨਹੀਂ ਰਹਿੰਦਾ ਉਦੋਂ ਵੀ ਉਸਦੀ ਪ੍ਰੇਰਨਾ ਭਰੀ ਯਾਦ ਉਸਦੇ ਪੈਰੋਕਾਰਾਂ ਦੇ ਪ੍ਰਾਕਰਮ ਰਾਹੀਂ ਇਤਿਹਾਸ ਵਿਚ ਗਤੀਸ਼ੀਲ ਭੂਮਿਕਾ ਨਿਭਾਉਂਦੀ ਹੈ। ਨੈਤਿਕ ਸੱਤਾ ਲਈ ਸਤਿਕਾਰ ਲੋਕਾਂ ਦੇ ਮਨਾਂ ਵਿਚੋਂ ਪੈਦਾ ਹੁੰਦਾ ਹੈ। ਅਜਿਹੀ ਸੱਤਾ ਦੀ ਮਹਿਮਾ ਵਿਚ ਗੁਰੂ ਜੀ ਨੇ ਕਿਹਾ ਹੈ 'ਰਾਜਾ ਸਗਲੀ ਸ਼੍ਰਿਸ਼ਟ ਕਾ ਹਰਿਨਾਮ ਮਨ ਭਿੰਨਾਂ'

ਪਿਛਲੇ ਚਾਰ ਸੌ ਸਾਲਾਂ ਤੋਂ ਪਦਾਰਥਵਾਦੀ ਸੱਭਿਅਤਾ ਦੀ ਚੜ੍ਹਤ ਦੇ ਨਾਲ-ਨਾਲ ਹੀ ਭੌਤਿਕ ਸੱਤਾ ਲਈ ਦੁਨੀਆਂ ਦੀ ਚੇਸ਼ਟਾ ਬਹੁਤ ਵਧੀ ਹੈ। ਸਤਾਰਵੀਂ ਸਦੀ ਈਸਵੀ ਵਿਚ ਨਿਊਟਨ ਦੇ ਸਿਧਾਂਤ ਅਨੁਸਾਰ ਸੰਸਾਰ ਨੂੰ ਮਸ਼ੀਨ ਤੇ ਰੂਪਕ ਦੀਆਂ ਐਨਕਾਂ ਨਾਲ ਵੇਖਣਾ ਆਰੰਭ ਹੋਇਆ। ਇਸ ਦਾਰਸ਼ਨਿਕ ਗਲਤੀ ਦੇ ਸਿੱਟੇ ਵਜੋਂ ਭੌਤਿਕ ਸੱਤਾ ਨੂੰ ਸਿਧਾਂਤਕ ਆਧਾਰ ਮਿਲ ਗਿਆ। ਹੁਣ ਮਨੁੱਖ ਮਹਾਨ ਪ੍ਰੇਰਨਾਮਈ ਆਦਰਸ਼ਾਂ ਤੋਂ ਵਾਂਝਾ ਦੂਜਿਆਂ ਦੀ ਕੀਮਤ ਤੇ ਜੀਣ ਵਾਲਾ ਬੇਕਿਰਕ ਤੇ ਸ਼ੋਸ਼ਣਕਾਰੀ ਜੀਵ ਬਣ ਕੇ ਰਹਿ ਗਿਆ, ਜੋ ਖ਼ਤਰਨਾਕ ਖੇਡਾਂ ਖੇਡਣ ਵਿਚੋਂ ਜੀਵਨ ਦੇ ਅਰਥ ਤਲਾਸ਼ਦਾ ਹੈ। ਸਨਅਤੀ ਸਾਮਰਾਜ ਦੇ ਪਸਾਰੇ ਨਾਲ ਇਸ ਚਲਨ ਨੂੰ ਹੋਰ ਬਲ ਮਿਲਿਆ। ਹੁਣ ਪਦਾਰਥਕ ਉੱਨਤੀ ਰਾਹੀਂ ਮੁਕਤੀ ਦਾ ਵਾਅਦਾ ਕੀਤਾ ਜਾਣ ਲੱਗਾ। ਧਰਤੀ ਤੇ ਸਵਰਗ ਜਾਂ ਯੂਟੋਪੀਆ (ਥਾਮਸਮੂਰ) ਦੇ ਸੰਕਲਪ ਦੇ ਨਾਲ

ਵੀ ਭੌਤਿਕ ਸੱਤਾ ਦੀ ਚੜ੍ਹਤ ਵਿਚ ਵਾਧਾ ਹੋਇਆ। ਮਨੁੱਖ ਦਾ ਵਸਤੂਕਰਨ ਹੋ ਗਿਆ। ਹੋਰ ਚੀਜ਼ਾਂ ਵਾਂਗ ਮਨੁੱਖੀ ਵੀ ਇੱਕ ਖਰੀਦੀ,ਵੇਚੀ, ਭੋਗੀ ਅਤੇ ਕਬਾੜ ਵਾਂਗ ਸੁੱਟੀ ਜਾਣ ਵਾਲੀ ਸ਼ੈਅ ਬਣ ਗਿਆ।

ਭੌਤਿਕ ਪ੍ਰਭੂ ਸੱਤਾ ਦਾ ਇੱਕ ਲੱਛਣ ਇਹ ਵੀ ਹੈ ਕਿ ਅਕਸਰ ਇੱਕ ਰਾਸ਼ਟਰ ਦੇ ਪਾਤਸ਼ਾਹ ਦੀ ਸੱਤਾ ਦੂਜਿਆਂ ਦੇ ਉਜਾੜੇ ਅਤੇ ਗ਼ੁਲਾਮੀ ਦਾ ਕਾਰਨ ਬਣਦੀ ਹੈ। ਬਹੁਤ ਵਾਰ ਤਾਂ ਪਾਤਸ਼ਾਹੀ ਆਪਣੇ ਨਾਗਰਿਕਾਂ ਜਾਂ ਨਾਗਰਿਕਾਂ ਦੇ ਕਿਸੇ ਵਿਸ਼ੇਸ਼ ਵਰਗ ਦੀ ਤਬਾਹੀ, ਉਤਪੀੜਤ ਜਾਂ ਮਹਿਰੂਮੀ ਦਾ ਕਾਰਨ ਬਣਦੀ ਹੈ। ਹਿਟਲਰ ਹੱਥੋਂ ਜਰਮਨ ਅਤੇ ਪੋਲੈਂਡ ਦੇ ਲੱਖਾਂ ਯਹੂਦੀਆਂ ਦੀ ਬਰਹਿਮ ਨਸਲਕਸ਼ੀ, ਪੋਲਪੋਟ ਵਲੋਂ ਕੰਬੋਡੀਆ ਦੇ ਲੋਕਾਂ ਦਾ ਵਿਆਪਕ ਉਜਾੜਾ ਇਸ ਦੀਆਂ ਉਦਾਹਰਣਾਂ ਹਨ। ਸਟਾਲਿਨ, ਈਦੀ ਅਮੀਨ ਅਤੇ ਸੱਦਾਮ ਵਰਗਿਆਂ ਨੇ ਵੀ ਅਜਿਹੇ ਕੁਕਰਮ ਵੱਡੀ ਪੱਧਰ ਤੇ ਕੀਤੇ ਸਨ। ਖ਼ੁਦ ਅਤਿਆਚਾਰਾਂ ਤੇ ਬੇਪਤੀ ਦੇ ਸ਼ਿਕਾਰ ਰਹੇ ਯਹੂਦੀਆਂ ਨੂੰ ਇਜ਼ਰਾਇਲ ਵਿਚ ਮਿਲੀ ਪ੍ਰਭੂਸੱਤਾ ਫਲਸਤੀਨੀਆਂ ਦੇ ਉਜਾੜੇ, ਅਰਬਾਂ ਲਈ ਕਲੇਸ਼ ਅਤੇ ਇਸਲਾਮੀ ਆਂਤਕਵਾਦ ਦੇ ਪਨਪਣ ਦਾ ਕਾਰਨ ਬਣੀ ਹੈ।

ਤੀਹ ਸਾਲਾਂ ਦੇ ਸਮੇਂ ਵਿਚ ਹੋਏ ਦੋ ਵਿਸ਼ਵ ਯੁੱਧਾਂ ਨੇ ਜੀਵਨ ਦੇ ਹੋਰ ਖੇਤਰ ਵਾਂਗ ਦੇਸ਼ ਭਗਤੀ ਅਤੇ ਪ੍ਰਭੂਸੱਤਾ ਬਾਰੇ ਵੀ ਮਨੁੱਖੀ ਸੋਚ ਵਿਚ ਵੀ ਭਾਰੀ ਤਬਦੀਲੀਆਂ ਲਿਆਂਦੀਆਂ। ਉਸ ਸਮੇਂ ਦੇ ਮੁੱਖ ਸਮਰਾਜੀ ਦੇਸ਼ ਬਰਤਾਨੀਆਂ ਨੇ ਅਧੀਨ ਦੇਸ਼ਾਂ ਨੂੰ ਆਜ਼ਾਦੀ ਦੇਣ ਦਾ ਫੈਸਲਾ ਕੀਤਾ। ਨਵੀਂ ਉੱਭਰੀ ਮਹਾਂ-ਸ਼ਕਤੀ ਅਮਰੀਕਾ ਨੇ ਦੂਜੇ ਦੇਸ਼ਾਂ ਨੂੰ ਸਿੱਧਾ ਕਬਜ਼ੇ ਹੇਠ ਲੈਣ ਦੀ ਥਾਂ ਗਠਬੰਧਨਾਂ, ਟਰੀਟੀਆਂ ਅਤੇ ਰਾਜ ਪਲਟਿਆਂ ਰਾਹੀਂ ਅਨੇਕ ਦੇਸ਼ਾਂ ਦੀਆਂ ਸਰਕਾਰਾਂ ਨੂੰ ਆਪਣੇ ਅਨੁਸਾਰੀ ਬਣਾਉਣ ਦੀ ਨੀਤੀ ਅਪਣਾਈ। ਸੋਵੀਅਤ ਰੂਸ ਨੇ ਆਪਣੇ ਅਧਿਕਾਰ ਹੇਠ ਦੇ ਦੇਸ਼ਾਂ ਨੂੰ ਜੱਫਾ ਮਾਰੀ ਰੱਖਣਾ ਠੀਕ ਸਮਝਿਆ। ਹੰਗਰੀ, ਪੋਲੈਂਡ, ਚੈਕੋਸਲਵਾਕੀਆ ਆਦਿਕ ਦੇਸ਼ਾਂ ਵਿਚ ਇਸ ਮਸਲੇ ਵਿਰੁੱਧ ਉੱਠੇ ਜਨਤਕ ਉਭਾਰ ਨੂੰ ਸੈਨਿਕ ਸ਼ਕਤੀ ਨਾਲ ਦਬਾਇਆ ਗਿਆ। ਪ੍ਰੰਤੂ ਅੱਗੇ ਚੱਲ ਕੇ ਇਸ ਨੀਤੀ ਨੂੰ ਖ਼ੁਦ ਰੂਸ ਨੂੰ ਭਾਰੀ ਨੁਕਸਾਨ ਉਠਾਉਣਾ ਪਿਆ। ਦੂਜੇ ਵਿਸ਼ਵ ਯੁੱਧ ਦੌਰਾਨ ਐਟਮੀ ਅਤੇ ਫਿਰ ਪ੍ਰਮਾਣੂ ਅਸਤਰ-ਸ਼ਸਤਰਾਂ ਦੀ ਕਾਢ ਕੱਢੀ ਜਾਣ ਨਾਲ ਯੁੱਧ ਹਾਰ ਜਿੱਤ ਦੀ ਖੇਡ ਨਾ ਰਹਿ ਕੇ ਸਾਂਝਾ ਆਤਮਘਾਤ ਬਣ ਕੇ ਰਹਿ ਗਿਆ। ਇਸ ਨਵੇਂ ਯਥਾਰਥ ਦੇ ਰੂ-ਬ-ਰੂ ਸੱਤਾ ਦੇ ਸਮੀਕਰਨਾਂ ਦੀਆਂ ਨਵੀਆਂ-ਨਵੀਆਂ ਪਹੁੰਚਾਂ ਹੋਂਦ ਵਿਚ ਆਈਆਂ। ਹਿਟਲਰ ਅਤੇ ਸਟਾਲਿਨ ਵਰਗੇ ਤਾਨਾਸ਼ਾਹਾਂ ਦੇ ਉਭਾਰ ਨੂੰ ਰੋਕਣ ਲਈ ਸੁਤੰਤਰ ਰਾਸ਼ਟਰਾਂ ਦੀ ਪ੍ਰਭੂਸੱਤਾ ਨੂੰ ਸੀਮਤ ਕਰਨ ਦੇ ਉਪਰਾਲੇ ਆਰੰਭ ਹੋਏ। ਅਮਰੀਕਾ ਦੀ ਸਰਦਾਰੀ ਹੇਠ ਵਪਾਰ ਨੂੰ ਕਾਨੂੰਨੀ ਢਾਂਚੇ ਵਿਚ ਨਿਯਮਤ ਕਰਨ ਲਈ ਵਿਸ਼ਵ ਵਪਾਰ ਸੰਗਠਨ, ਗੈਟ, ਵਿਸ਼ਵ ਬੈਂਕ, ਵਿਸ਼ਵ ਮੁਦਰਾ ਕੋਸ਼ ਆਦਿ ਸੰਸਥਾਵਾਂ ਸਥਾਪਿਤ ਕੀਤੀਆਂ ਗਈਆਂ। ਰਾਜਸੀ ਤਣਾਓ ਨੂੰ ਵਿਸਫੋਟਕ ਹੱਦ ਤੀਕ ਜਾਣੋਂ ਰੋਕਣ ਲਈ ਯੂ. ਐਨ. ਓ. ਅਤੇ ਸੁਰੱਖਿਆ ਪ੍ਰੀਸ਼ਦ, ਆਲਮੀ ਅਦਾਲਤ ਵਰਗੇ ਸੰਗਠਨ ਹੋਂਦ ਵਿਚ ਆਏ। ਮਨੁੱਖੀ ਅਧਿਕਾਰਾਂ ਦਾ ਚਾਰਟਰ ਤਿਆਰ ਹੋਇਆ। ਨਵੇਂ



ਸੁਤੰਤਰ ਹੋਏ ਦੇਸ਼ਾਂ ਨੇ ਨਿਰਪੱਖ ਰਾਸ਼ਟਰਾਂ ਦਾ ਗੁੱਟ ਬਣਾਇਆ।

ਇਨ੍ਹਾਂ ਸੰਗਠਨਾਂ ਅਤੇ ਸੰਸਥਾਵਾਂ ਦੀ ਸ਼ਕਤੀਸ਼ਾਲੀ ਦੇਸ਼ ਦੁਰਵਰਤੋਂ ਵੀ ਕਰਦੇ ਰਹੇ ਹਨ ਅਤੇ ਅਣਦੇਖੀ ਵੀ ਕਰਦੇ ਰਹੇ ਹਨ। ਪ੍ਰੰਤੂ ਹੋਂਦ ਵਿਚ ਆਉਣ ਪਿਛੋਂ ਸੰਸਥਾਵਾਂ ਆਪਣੀ ਊਰਜਾ ਗ੍ਰਹਿਣ ਕਰ ਲੈਂਦੀਆਂ ਹਨ ਅਤੇ ਸਿਰਜਕਾਂ ਦੇ ਮਨਸੂਬਿਆਂ ਅਤੇ ਹਿੱਤਾਂ ਦੇ ਵਿਰੁੱਧ ਵੀ ਭੁਗਤ ਜਾਂਦੀਆਂ ਹਨ। ਸਿੱਟੇ ਵਜੋਂ ਪਿਛਲੇ ਛੇ ਦਹਾਕਿਆਂ ਵਿਚ ਵਿਸ਼ਵ ਯੁੱਧ ਹੋਣੋ ਟਲਦਾ ਰਿਹਾ ਹੈ। ਸੋ ਅੱਜ ਦੀਆਂ ਪ੍ਰਸਥਿਤੀਆਂ ਪ੍ਰਭੂਸੱਤਾ ਨੂੰ ਸੀਮਤ ਕਰਨ ਦੀ ਮੰਗ ਕਰਦੀਆਂ ਹਨ। ਅਜਿਹੇ ਸਮੇਂ ਨਿਰਕੁੰਸ਼ ਪ੍ਰਭੂਸੱਤਾ ਵਾਲੀ ਪਾਤਸ਼ਾਹੀ ਦੀ ਸਥਾਪਨਾ ਲਈ ਹਿੰਸਕ ਸੰਘਰਸ਼ ਬੇਮੌਕਾ ਅਤੇ ਬੇਫ਼ਾਇਦਾ ਹੋਵੇਗਾ। ਹਮਸਾਇਆ ਜਾਂ ਦੂਜਿਆਂ ਦੀ ਕੀਮਤ ਤੇ ਇੱਕ ਫਿਰਕੇ ਜਾਂ ਰਾਸ਼ਟਰ ਦੀ ਪਾਤਸ਼ਾਹੀ ਲਈ ਸੰਘਰਸ਼ ਨੂੰ ਮਾਨਵੀ ਸਰੋਕਾਰ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਇਸ ਨਾਲ ਇਨਸਾਫ਼ ਅਤੇ ਆਜ਼ਾਦੀ ਵਿਚ ਵਾਧਾ ਨਹੀਂ ਹੁੰਦਾ ਸਗੋਂ ਦੋਹਾਂ ਦੀ ਹੀ ਹਾਨੀ ਹੁੰਦੀ ਹੈ। ਲੱਖਾਂ ਲੋਕਾਂ ਦੀ ਜਾਨ ਮਾਲ, ਇੱਜ਼ਤ, ਆਬਰੂ ਦੀ ਬਲੀ ਦੇ ਕੇ ਭਾਰਤੀ ਉਪ ਮਹਾਂਦੀਪ ਦੀ ਵੰਡ ਕਰਕੇ ਪਾਕਿਸਤਾਨ ਦੇ ਨਾਂ ਹੇਠ ਹੋਂਦ ਵਿਚ ਆਈ ਮੁਸਲਿਮ ਪਾਤਸ਼ਾਹੀ ਨੇ ਇਸਲਾਮ ਦੀ ਕਿਹੜੀ ਚੜ੍ਹਦੀ ਕਲਾ ਕੀਤੀ ਹੈ? ਅਲਾਮਾ ਇਕਬਾਲ ਦਾ ਕਿਹੜਾ ਸੁਪਨਾ ਸਾਕਾਰ ਕੀਤਾ ਹੈ?

ਪ੍ਰਭੂਸੱਤਾ ਇਕ ਲੋਕਦੁਸ਼ਮਣ ਸੰਕਲਪ ਹੈ। ਇਹ ਕੁਲੀਨ ਵਰਗਾਂ ਅਤੇ ਸੱਤਾਧਾਰੀ ਜੁੰਡਲੀ ਦੇ ਹੱਕ ਵਿਚ ਲਾਹੇਵੰਦ ਹੁੰਦਾ ਹੈ। ਸਿੱਖ ਧਰਮ ਇੱਕ ਲੋਕ ਹਿੱਤਕਾਰੀ ਧਰਮ ਹੈ। ਸਿੱਖਾਂ ਵਲੋਂ ਕੁਲੀਨ ਵਰਗ ਦੀਆਂ ਰੀਝਾਂ ਦੀ ਪੂਰਤੀ ਹਿੱਤ ਖਾੜਕੂ ਸੰਗਰਾਮ ਵਿੱਢਣਾ ਸਿੱਖੀ ਦੇ ਮੁੱਢਲੇ ਉਦੇਸ਼ਾਂ ਵਿਰੁੱਧ ਹੋਵੇਗਾ।

ਧਰਮ ਪ੍ਰਚਾਰ ਕਰਨ ਲਈ ਰਾਜਸੱਤਾ ਦਾ ਸਹਾਰਾ ਸੰਮੇਟਿਕ ਧਰਮਾਂ ਉੱਤੇ ਲਾਗੂ ਹੁੰਦਾ ਹੈ ਕਿਉਂਕਿ ਇਸਾਈਮਤ ਅਤੇ ਇਸਲਾਮ ਦੋਵੇਂ ਤਬਲੀਗੀ ਧਰਮ ਹਨ। ਜੋ ਸਾਰੇ ਹੀਲੇ ਵਰਤ ਕੇ ਦੁਨੀਆਂ ਨੂੰ ਆਪਣੇ ਧਰਮ ਵਿਚ ਸ਼ਾਮਲ ਕਰਨ ਵਿਚ ਯਕੀਨ ਰੱਖਦੇ ਹਨ। ਇਹ ਧਰਮ ਕਰੂਸ਼ੇਡ ਤੇ ਜਹਾਦ ਵਰਗੇ ਹਿੰਸਕ ਸਾਧਨ ਵਰਤ ਕੇ ਲੋਕਾਂ ਦਾ ਧਰਮ ਪਰਿਵਰਤਨ ਕਰਵਾਉਣਾ ਪੁੰਨ ਕਰਮ ਮੰਨਦੇ ਹਨ। ਇਨ੍ਹਾਂ ਧਰਮਾਂ ਦੇ ਇਤਿਹਾਸ ਵਿਚ ਲੰਮਾ ਸਮਾਂ ਧਰਮ-ਪ੍ਰਮੁੱਖ ਅਤੇ ਰਾਜ-ਪ੍ਰਮੁੱਖ ਇਕੋ ਵਿਅਕਤੀ ਹੁੰਦਾ ਸੀ। ਸਦੀਆਂ ਤੀਕ ਰੋਮਨ ਬਾਦਸ਼ਾਹਾਂ ਦੀ ਧਰਮ ਸਥਾਨਾਂ ਵਿਚ ਪੂਜਾ ਹੁੰਦੀ ਰਹੀ। ਬਾਰਾਂ ਸੌ ਸਾਲ ਇਸਲਾਮ ਦੇ ਖਲੀਫੇ ਰਾਜੇ ਅਤੇ ਧਰਮ ਗੁਰੂ ਦੀ ਦੂਹਰੀ ਭੂਮਿਕਾ ਨਿਭਾਉਂਦੇ ਰਹੇ ਹਨ। ਹਿੰਸਕ ਧਰਮ ਪ੍ਰਚਾਰ ਇਨ੍ਹਾਂ ਧਰਮਾਂ ਦਾ ਹਿੱਸਾ ਬਣਿਆ ਰਿਹਾ ਹੈ। ਆਪਣੇ ਧਰਮ ਤੋਂ ਬਾਹਰਲੇ ਹੀ ਨਹੀਂ ਸਗੋਂ ਆਪਣੇ ਧਰਮ ਅੰਦਰ ਵੀ ਜਦੋਂ ਕੋਈ ਦੂਜੀ ਧਾਰਾ ਚੱਲੀ ਹੈ ਤਾਂ ਇਨ੍ਹਾਂ ਨੇ ਇੱਕ ਦੂਜੇ ਦਾ ਲਹੂ ਹੀ ਵਹਾਇਆ ਹੈ। ਪ੍ਰੋਟੈਸਟੈਂਟ ਅਤੇ ਕੈਥੋਲਿਕ ਇਸਾਈ ਫ਼ਿਰਕੇ, ਸ਼ੀਆ ਅਤੇ ਸੁੰਨੀ ਇਸਲਾਮੀ ਫ਼ਿਰਕੇ ਇੱਕ ਦੂਜੇ ਦੇ ਜਾਨੀ ਦੁਸ਼ਮਣ ਰਹੇ ਹਨ। ਇਸਲਾਮ ਵਿਚ ਇਹ ਵਰਤਾਰਾ ਅਜੇ ਵੀ ਪੂਰੇ ਜ਼ੋਰ ਸ਼ੋਰ ਨਾਲ ਚੱਲ ਰਿਹਾ ਹੈ। ਸਾਮੀ ਧਰਮਾਂ ਵਿਚ ਸਹਿਣਸ਼ੀਲਤਾ ਦੀ ਘਾਟ ਹਮੇਸ਼ਾ ਹੀ ਰਹੀ ਹੈ। ਸਿੱਖ ਗੁਰੂਆਂ ਦੀਆਂ ਸ਼ਹੀਦੀਆਂ ਇਸੇ ਘਾਟ ਕਰਕੇ ਹੀ ਹੋਈਆਂ।

ਭਾਰਤੀ ਧਰਮ ਸਾਧਨਾਂ ਦਾ ਵਤੀਰਾ ਸਾਮੀ ਧਰਮਾਂ ਨਾਲੋਂ ਭਿੰਨ ਹੀ ਨਹੀਂ ਬਲਕਿ ਬਿਲਕੁਲ ਉਲਟ ਹੈ। ਭਾਰਤੀ ਧਰਮ ਪਰੰਪਰਾ 'ਜੱਤਮੱਤ ਤਤੋ ਪਥ' ਭਾਵ ਜਿੰਨੇ ਮੱਤ ਉਨੇ ਹੀ ਰਾਹ ਦੇ ਸਿਧਾਂਤ ਉਪਰ ਟਿਕੀ ਹੈ। ਗੁਰੂ ਨਾਨਕ ਜਗਤ ਜਲੰਦੇ ਦੇ ਦੁੱਖ ਦਾ ਦਾਰੂ ਲੋੜਦੇ ਹੋਏ ਅਕਾਲ ਪੁਰਖ ਨੂੰ ਬੇਨਤੀ ਕਰਦੇ ਹਨ ਤਾਂ ਕਹਿੰਦੇ ਹਨ 'ਜਿਤ ਦੁਆਰੇ ਉਬਰੇ ਤਿਤ ਤੇ ਲੇਹੁ ਉਬਾਰ' ਭਾਵ ਕਿਸੇ ਮਾਰਗ ਰਾਹੀਂ ਹੋਵੇ ਜਗਤ ਦਾ ਭਲਾ ਹੋਣਾ ਚਾਹੀਦਾ ਹੈ। ਸਿੱਖ ਬਣਨ ਦੀ ਕੋਈ ਸ਼ਰਤ ਨਹੀਂ। ਸਰਬ ਸਾਂਝੀਵਾਲਤਾ ਸਿੱਖੀ ਜੀਵਨ ਜਾਂਚ ਦਾ ਕੇਂਦਰੀ ਬਿੰਦੂ ਹੈ। ਖ਼ਾਸ ਫਿਰਕੇ ਜਾਂ ਵਿਸ਼ੇਸ਼ ਭੂਗੋਲਿਕ ਖਿੱਤੇ ਦੀ ਨਹੀਂ ਬਲਕਿ ਸਾਰੇ ਸੰਸਾਰ ਦੀ ਸਗਲ ਭਵਨ ਦੀ ਭਲਾਈ ਹੀ ਸਿੱਖ ਸੱਤਾ ਦਾ ਉਦੇਸ਼ ਹੈ। ਮਨੁੱਖੀ ਜੀਵਨ ਦਾ ਜੋਤਿਸਰੂਪੀ ਸੰਭਾਵਨਾ ਦਾ ਪ੍ਰਕਾਸ਼ ਅਤੇ ਸਰਬੱਤ ਦੀ ਸਵੈਪੂਰਨਤਾ ਬਾਬਾ ਨਾਨਕ ਦੇ ਮਾਰਗ ਦਾ ਸਰੋਕਾਰ ਹੈ। ਗੈਰ ਸਿੱਖਾਂ ਦੇ ਉਜਾੜੇ ਵਿਚੋਂ ਪੰਥ ਦੀ ਚੜ੍ਹਦੀ ਕਲਾ ਦਾ ਰਾਹ ਨਹੀਂ ਨਿਕਲਦਾ। ਆਲਮੀ ਇਨਸਾਫ ਬਿਨਾਂ ਸਾਂਝੀਵਾਲਤਾ ਦੇ ਦਾਅਵੇ ਫੋਕੇ ਸ਼ੋਰ ਤੋਂ ਵੱਧ ਕੁਝ ਵੀ ਨਹੀਂ। ਸਗੋਂ ਮਨੁੱਖ ਮਾਤਰ ਦੇ ਅਧਿਕਾਰਾਂ ਦੀ ਰੱਖਿਆ ਵੀ ਨਾ ਕਾਫ਼ੀ ਹੈ। ਜੀਵ-ਜੰਤੂ, ਵਣ, ਤ੍ਰਿਣ, ਪੌਣ ਪਾਣੀ ਦੀ ਰੱਖਿਆ ਬਿਨਾਂ ਮਨੁੱਖੀ ਅਧਿਕਾਰ ਵੀ ਸੁਰੱਖਿਅਤ ਨਹੀਂ ਰਹਿ ਸਕਦੇ। ਗਲਬਾਕਾਰੀਆਂ ਦੀਆਂ ਕੁਰਸੀਆਂ ਬਦਲਣ ਨਾਲ ਕੁਝ ਨਹੀਂ ਸੰਵਰਦਾ ਕੇਵਲ ਜ਼ਾਲਮਾਂ ਦੇ ਸਿਰਨਾਮੇ ਹੀ ਬਦਲਦੇ ਹਨ। ਐਂਡਰਸਨ, ਇੰਦਰਸੈਨ ਜਾਂ ਇੰਦਰ ਸਿੰਘ ਦੀ ਬੁਰਛਾਗਰਦੀ ਕੇਵਲ ਬੁਰਛਾਗਰਦੀ ਹੀ ਕਹਿਲਾਵੇਗੀ। ਇਸ ਵਿਚ ਚੋਣ ਦੀ ਕੋਈ ਗੁੰਜਾਇਸ਼ ਹੀ ਨਹੀਂ। ਬ੍ਰਹਿਮੰਡੀ ਨਿਯਮਾਂ ਦੀ ਪਾਲਣਾ, ਹੁਕਮਰਜਾਈ ਚੱਲਦੇ ਹੋਏ ਜ਼ਿੰਦਗੀ ਦੀ ਪੁਨਰਵਿਉਂਤ ਨਾਨਕਸ਼ਾਹੀ ਨੈਤਿਕ ਸੱਤਾ ਦਾ ਉਦੇਸ਼ ਹੈ।

ਭਾਰਤੀ ਧਰਮ ਮਾਰਗ ਰਾਜੇ ਅਤੇ ਰਾਜ ਨੂੰ ਧਰਮ ਅਤੇ ਧਰਮਗੁਰੂ ਨਾਲੋਂ ਨੀਵਾਂ ਦਰਜਾ ਦਿੰਦਾ ਹੈ। ਇੱਥੇ ਰਾਜਾ ਹੋਣ ਕਰਕੇ ਹੀ ਕਿਸੇ ਵਿਅਕਤੀ ਨੂੰ ਪੂਜਣਯੋਗ ਨਹੀਂ ਮੰਨਿਆ ਜਾਂਦਾ। ਰਘੁਕੁੱਲ ਦੇ ਮਾਨਧਾਤਾ ਅਤੇ ਦਸ਼ਰਥ ਵਰਗੇ ਸਮਰਾਟ ਪੂਜਣਯੋਗ ਨਹੀਂ ਮੰਨੇ ਗਏ। ਸ੍ਰੀ ਰਾਮ ਨੂੰ ਮਰਿਯਾਦਾਪੁਰਸ਼ੋਤਮ ਹੋਣ ਕਰਕੇ ਪੂਜਿਆ ਗਿਆ ਨਾ ਕਿ ਰਾਜਾ ਹੋਣ ਕਰਕੇ। ਉਨ੍ਹਾਂ ਨੇ ਪਿਤਾ ਦੀ ਆਗਿਆ ਦਾ ਪਾਲਣ ਕਰਨ ਹਿੱਤ ਰਾਜਭਾਗ ਨੂੰ ਤਿਆਗ ਕੇ ਬਣਬਾਸ ਭੋਗਿਆ। ਰਾਵਣ ਨੂੰ ਹਰਾਉਣ ਪਿਛੋਂ ਉਸਦੇ ਰਾਜ ਉੱਪਰ ਅਧਿਕਾਰ ਨਹੀਂ ਜਮਾਇਆ। ਮਹਾਂਭਾਰਤ ਦੇ ਯੁੱਧ ਵਿਚ ਸ੍ਰੀ ਕ੍ਰਿਸ਼ਨ ਦੀ ਵੱਡੀ ਭੂਮਿਕਾ ਸੀ ਪ੍ਰੰਤੂ ਪਾਂਡਵਾਂ ਦੀ ਜਿੱਤ ਪਿੱਛੋਂ ਕ੍ਰਿਸ਼ਨ ਜੀ ਨੇ ਆਪਣੇ ਲਈ ਕੁਝ ਨਹੀਂ ਮੰਗਿਆ। ਉਹ ਗੀਤਾ ਗਿਆਨ ਦੇ ਦਾਤਾ ਅਤੇ ਕਰਮਯੋਗੀ ਹੋਣ ਕਰਕੇ ਪੂਜਨੀਕ ਬਣੇ ਨਾ ਕਿ ਮਥੁਰਾ ਦੇ ਨਰੇਸ਼ ਹੋਣ ਕਰਕੇ। ਰਾਜਕੁਮਾਰ ਸਿਧਾਰਥ ਨੇ ਬੁੱਧਤਵ ਪ੍ਰਾਪਤ ਕਰਨ ਅਤੇ ਧਰਮ ਚੱਕਰ ਚਲਾਉਣ ਲਈ ਰਾਜਭਾਗ ਦਾ ਤਿਆਗ ਕੀਤਾ ਸੀ।

ਇਸੇ ਭਾਰਤੀ ਧਰਮ ਪ੍ਰੰਪਰਾ ਅਨੁਸਾਰ ਹੀ ਗੁਰੂ ਨਾਨਕ ਨੇ ਵੀ ਧਰਮ ਚਲਾਉਣ ਲਈ ਰਾਜਸੱਤਾ ਨੂੰ ਜ਼ਰੂਰੀ ਨਹੀਂ ਮੰਨਿਆ। ਉਨ੍ਹਾਂ ਨੇ ਸ਼ਬਦ ਦੀ ਸ਼ਕਤੀ ਨਾਲ ਧਰਮ ਚਲਾਇਆ



ਭੌਤਿਕ ਸੱਤਾ ਨਾਲ ਨਹੀਂ। ਇਸਲਾਮ ਨੂੰ ਮੰਨਣ ਵਾਲੇ ਅਤੇ ਜਬਰੀ ਧਰਮ ਪ੍ਰੀਵਰਤਨ ਕਰਵਾਉਣ ਵਿਚ ਯਕੀਨ ਰੱਖਣ ਵਾਲੇ ਸ਼ਕਤੀਸ਼ਾਲੀ ਮੁਗਲ ਬਾਦਸ਼ਾਹਾਂ ਦੇ ਦੌਰ ਵਿਚ ਹੀ ਸਿੱਖ ਧਰਮ ਜਨਮਿਆ ਅਤੇ ਵਿਕਸਿਤ ਹੋਇਆ। ਇਸਦਾ ਪ੍ਰਭਾਵ ਮੁਗਲ ਸਲਤਨਤ ਦੀਆਂ ਸਰਹੱਦਾਂ ਨੂੰ ਵੀ ਪਾਰ ਕਰ ਗਿਆ। ਪੰਜ ਗੁਰੂ ਸਾਹਿਬਾਨ ਨੇ ਸ਼ਾਸਤਰ ਧਾਰਨ ਕੀਤੇ, ਫੌਜਾਂ ਗਠਿਤ ਕੀਤੀਆਂ, ਜੰਗਾਂ ਜਿੱਤੀਆਂ ਪ੍ਰੰਤੂ ਕਿਧਰੇ ਇੱਕ ਇੰਚ ਭੂਮੀ ਉੱਪਰ ਵੀ ਕਬਜ਼ਾ ਨਹੀਂ ਜਮਾਇਆ। ਸਰਦਾਰ ਅਜਮੇਰ ਸਿੰਘ ਹੋਰਾਂ ਦੇ ਸਿਧਾਂਤ ਅਨੁਸਾਰ ਕੀ ਉਨ੍ਹਾਂ ਨੂੰ ਕਿਸੇ ਸਿਧਾਂਤਕ ਕਮਜ਼ੋਰੀ ਜਾਂ ਹੀਣ ਭਾਵਨਾ ਦਾ ਸ਼ਿਕਾਰ ਮੰਨਿਆ ਜਾਵੇ? ਸਿੱਖੀ ਦਾ ਸੋਮਾ ਗੁਰਬਾਣੀ ਹੈ। ਗੁਰਬਾਣੀ ਵਿਚ ਦੁਨਿਆਵੀਂ ਪਾਤਸ਼ਾਹੀਆਂ ਬਾਰੇ ਫੁਰਮਾਨ ਹਨ –

ਤਿਸ ਬਿਨ ਅਵਰ ਨਾ ਕੋਈ ਰਾਜਾ ਕਰ ਤਪਾਵਸੁ ਬਣਤ ਬਣਾਈ।<br>
ਨਿਆਉ ਤਿਸੈ ਕਾ ਹੈ ਸਦਾ ਸਾਚਾ ਵਿਰਲੇ ਹੁਕਮੁ ਮਨਾਈ॥<br>
ਰਾਗ ਰਾਮਕਲੀ ਪੰਨਾ 912

ਨਾਨਕ ਹੋਰ ਪਾਤਸ਼ਾਹੀਆਂ ਕੂੜੀਆਂ<br>
ਨਾਮ ਰੱਤੇ ਪਾਤਸ਼ਾਹ॥ ਸਲੋਕ ਨੰ. 3॥ ਪੰਨਾ 1413<br>
ਰਾਗਲੀਲਾ ਰਾਜਨ ਕੀ ਰਚਨਾ ਕਰਿਆ ਹੁਕਮ ਅਫਾਰਾ<br>
ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ॥ ਸੋਰਠ ਪੰਨਾ 642<br>
ਰਾਜੇ ਓਏ ਨ ਆਖੀਅਹਿ ਭਿੜਿ ਮਰਹਿ ਫਿਰ ਜੂਨੀ ਪਾਹਿ<br>
ਨਾਨਕ ਵਿਣ ਨਾਵੈ ਨੱਕੀ ਵੱਢੀ ਫਿਰਹਿ ਸੋਭਾ ਮੂਲ ਨ ਪਾਹਿ॥ ਵਡਹੰਸ ਪੰਨਾ 590<br>
ਲੱਖ ਲਸ਼ਕਰ ਲੱਖ ਵਾਜੇ ਨੇਜੇ ਲਖ ਉਠ ਕਰਹਿ ਸਲਾਮੁ<br>
ਲੱਖਾਂ ਉਪਰ ਫਰਮਾਇਸ਼ ਤੇਰੀ ਲੱਖ ਉਠ ਰਾਖਹਿ ਮਾਨੁ<br>
ਜਾਂ ਪਤਿ ਲੇਖੇ ਨ ਪਵੇ ਸਭਿ ਨਿਰਾਫਲ ਕਾਮ॥ ਆਸਾ ਮ. ੧॥ ਪੰਨਾ 358

ਇਨ੍ਹਾਂ ਗੁਰਵਾਕਾਂ ਦੀ ਪੁਸ਼ਟੀ ਕਰਦੇ ਹੀ ਅਨੇਕਾਂ ਹੋਰ ਗੁਰੂਵਾਕ ਹਨ ਜੋ ਇਹ ਸਪੱਸ਼ਟ ਕਰੇਦ ਹਨ ਕਿ ਗੁਰੂ ਘਰ ਨੈਤਿਕ ਅਤੇ ਅਧਿਆਤਮਿਕ ਸੱਤਾ ਨੂੰ ਹੀ ਮਾਨਤਾ ਦਿੰਦਾ ਹੈ। ਭੌਤਿਕ ਸੱਤਾ ਉਪਰ ਅਧਾਰਿਤ ਪਾਤਸ਼ਾਹੀਆਂ ਨੂੰ ਖੁਆਰੀ ਦਾ ਕਾਰਨ ਅਤੇ ਨਰਕਾਂ ਨੂੰ ਜਾਂਦਾ ਰਾਹ ਮੰਨਦਾ ਹੈ। ਖ਼ੁਦ ਸਿੱਖ ਇਤਿਹਾਸ ਵੀ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਜਦੋਂ ਵੀ ਸਿੱਖ ਊਰਜਾ ਦੁਨਿਆਵੀਂ ਸੱਤਾ ਵੱਲ ਸੇਧਤ ਹੋਈ ਤੇ ਰਾਜ ਸੱਤਾ ਉੱਤੇ ਕਾਬਜ਼ ਹੋਈ ਉਦੋਂ ਹੀ ਸਿੱਖ ਪਰੰਪਰਾਵਾਂ ਦਾ ਪਤਨ ਹੋਇਆ ਅਤੇ ਸਿੱਖ ਇਖਲਾਕ ਵਿਚ ਗਿਰਾਵਟ ਆਈ ਹੈ। ਮਿਸਲਾਂ ਦੇ ਸਰਦਾਰਾਂ ਵਲੋਂ ਸ਼ਹਿਰਾਂ ਕਸਬਿਆਂ ਦੀ ਲੁੱਟ, ਨਿਰਦੋਸ਼ਾਂ ਦੇ ਕਤਲ ਅਤੇ ਭਰਾਮਾਰੂ ਖਹਿਬਾਜ਼ੀ ਨੂੰ ਸਿੱਖੀ ਸ਼ਾਨ ਵਿਚ ਵਾਧਾ ਕਰਨ ਵਾਲੇ ਕਾਰਨਾਮੇ ਕਿਵੇਂ ਕਹਿ ਸਕਦੇ ਹਾਂ? ਇੱਕ ਵਿਅਕਤੀ ਅਤੇ ਇੱਕ ਹੁਕਮਰਾਨ ਵਜੋਂ ਭਾਵੇਂ ਮਹਾਰਾਜਾ ਰਣਜੀਤ ਸਿੰਘ ਵਿਚ ਅਨੇਕਾਂ ਗੁਣ ਸਨ ਪਰ ਉਸਦੇ ਰਾਜ ਵਿਚ ਵੀ ਸਿੱਖ ਪਰੰਪਰਾਵਾਂ ਅਤੇ ਸਿੱਖ ਸੰਸਥਾਵਾਂ ਨੂੰ ਖੋਰਾ ਲੱਗਿਆ। ਬਾਕੀ ਰਾਜਿਆਂ ਦੇ ਰਾਜਾਂ ਨੂੰ ਤਾਂ ਕਿਸੇ ਨੇ ਸਿੱਖ ਰਾਜ ਮੰਨਿਆ ਹੀ ਨਹੀਂ।

ਤਾਂ ਫਿਰ ਉਹ ਕਿਹੜੀ ਪਾਤਸ਼ਾਹੀ ਸੀ ਜਿਸ ਦੇ ਰੁਲ ਜਾਣ ਉਪਰ ਸਰਦਾਰ ਅਜਮੇਰ ਸਿੰਘ 'ਡੂੰਘ ਵੈਣ' ਪਾ ਰਹੇ ਹਨ?

ਆਪਣੇ ਇਤਿਹਾਸ ਨਾਲ ਅੰਤ ਦਰਜੇ ਦਾ ਭਾਵੁਕ ਅਤੇ ਉਲਾਰ ਲਗਾਉ ਕੌਮਾਂ ਲਈ ਕੈਦ ਬਣ ਜਾਂਦਾ ਹੈ। ਇਤਿਹਾਸ ਨੂੰ ਨਿਰੰਤਰ ਪੁਨਰਪਰਿਭਾਸ਼ਤ ਕਰਨਾ ਲੋੜੀਂਦਾ ਹੈ। ਸਿੱਖੀ 'ਸੱਚੇ ਪਾਤਸ਼ਾਹ' ਨੂੰ ਸਮਰਪਿਤ ਹੈ ਕਿਸੇ ਹੋਰ ਕੂੜੀ ਪਾਤਸ਼ਾਹੀ ਨੂੰ ਨਹੀਂ। ਜਿਨ੍ਹਾਂ ਕੌਮਾਂ ਨੇ ਰਾਜ ਸ਼ਕਤੀ ਅਤੇ ਧੱਕੇ/ਧੋਖੇ ਨਾਲ ਆਪਣੇ ਪੈਰੋਕਾਰਾਂ ਦੀ ਗਿਣਤੀ ਵਧਾਈ ਹੈ। ਉਨ੍ਹਾਂ ਨੇ ਧਰਮ, ਇਨਸਾਫ਼ ਜਾਂ ਇਨਸਾਨੀ ਆਬਰੂ ਵਿਚ ਕੋਈ ਵਾਧਾ ਨਹੀਂ ਕੀਤਾ। ਇਤਿਹਾਸ ਉਨ੍ਹਾਂ ਦੇ ਜ਼ੁਲਮਾਂ ਦੀਆਂ ਕਹਾਣੀਆਂ ਨਾਲ ਭਰਿਆ ਪਿਆ ਹੈ। ਅਜਿਹੀਆਂ ਕਹਾਣੀਆਂ ਸਾਡੇ ਨਾਲ ਵੀ ਜੁੜਨ ਲੱਗ ਪਈਆਂ ਹਨ। ਇਨ੍ਹਾਂ ਵਿਚ ਹੋਰ ਵਾਧਾ ਕਰਕੇ ਅਸੀਂ ਗੁਰੂ ਨਾਨਕ ਦੇ ਸਰਬਹਿੱਤਕਾਰੀ ਮਾਰਗ ਨੂੰ ਕਲੰਕਿਤ ਕਿਉਂ ਕਰੀਏ?

ਉਂਝ ਵੀ ਪ੍ਰਭੂਸੱਤਾ ਸੰਪੰਨ ਪਾਤਸ਼ਾਹੀ ਬੀਤੇ ਵਕਤ ਦੀ ਸ਼ੈਅ ਬਣ ਚੁੱਕੀ ਹੈ। ਅਜੋਕੀ ਵਿਗਿਆਨਕ ਖੋਜ ਅਤੇ ਬਹੁਕੌਮੀ ਕਾਰਪੋਰੇਟ ਨਿਜ਼ਾਮ ਨੇ ਪ੍ਰਭੂਸੱਤਾ ਨੂੰ ਪੁਨਰ ਪਰਿਭਾਸ਼ਿਤ ਕਰ ਦਿੱਤਾ ਹੈ। ਵਿੱਤੀ ਪੂੰਜੀ ਰਾਸ਼ਟਰੀ ਪ੍ਰਭੂਸੱਤਾ ਉਪਰ ਨਿਰਭਰ ਨਹੀਂ ਹੈ। ਅਜੋਕੀ ਪੂੰਜੀ ਕੌਮੀ ਸਰਹੱਦਾਂ ਨੂੰ ਮਾਨਤਾ ਨਹੀਂ ਦਿੰਦੀ। ਕੌਮੀ ਅਤੇ ਸਥਾਨਕ ਪੱਧਰ ਦੇ ਸ਼ਾਸਕ ਖ਼ੁਦ ਨੂੰ ਸੱਤਾ ਸੰਪੰਨ ਹੁਕਮਰਾਨ ਮੰਨਣ ਦਾ ਜਿੰਨਾ ਮਰਜ਼ੀ ਭਰਮ ਪਾਲਦੇ ਰਹਿਣ, ਪਰ ਅਸਲ ਸੱਤਾ ਕਾਰਪੋਰੇਟ ਦੁਨੀਆਂ ਦੇ ਚੌਧਰੀਆਂ ਦੇ ਹੱਥ ਜਾ ਚੁੱਕੀ ਹੈ। ਲੋਕਾਂ ਨੂੰ ਭਰਮਾਉਣ, ਦਬਾਉਣ ਦਾ ਨਖਿੱਧ ਕਾਰਜ ਰਾਜਸੀ ਨੇਤਾਵਾਂ ਨੂੰ ਸੌਂਪਿਆ ਜਾਂਦਾ ਹੈ। ਸਿੱਕਾ ਵਿੱਤੀ ਸੰਸਥਾਵਾਂ ਦਾ ਹੀ ਚੱਲਦਾ ਹੈ। ਰਾਜਨੀਤਕ ਪਾਰਟੀਆਂ ਦੇ ਸਾਰੇ ਵਾਇਦੇ, ਦਾਅਵੇ ਅਤੇ ਸਿਧਾਂਤ ਇਨ੍ਹਾਂ ਸਾਹਮਣੇ ਬੇਅਰਥ ਹੋ ਕੇ ਰਹਿ ਜਾਂਦੇ ਹਨ। ਹਿੰਦੂ ਰਾਸ਼ਟਰਵਾਦੀ ਨਿਰੰਤਰ ਮੋਢੀ, ਅਕਾਲੀ ਸੁਪਰੀਮੋ ਪ੍ਰਕਾਸ਼ ਸਿੰਘ ਬਾਦਲ ਅਤੇ ਕਾਮਰੇਡ ਬੁੱਧਦੇਵ ਭੱਟਾਚਾਰੀਆ ਵੱਖ-ਵੱਖ ਸਿਧਾਂਤਾਂ ਉਪਰ ਪਹਿਰਾ ਦੇਣ ਦਾ ਦਾਅਵਾ ਕਰਦੇ ਹਨ ਪ੍ਰੰਤੂ ਵਿੱਤੀ ਅਦਾਰਿਆਂ ਅੱਗੇ ਜੋਦੜੀਆਂ ਕਰਨ ਵਿਚ ਇੱਕ ਦੂਜੇ ਨਾਲੋਂ ਅੱਗੇ ਲੰਘ ਜਾਣ ਨੂੰ ਮਾਣ ਵਾਲੀ ਪ੍ਰਾਪਤੀ ਮੰਨਦੇ ਹਨ। ਕਿਉਂਕਿ ਨਿਵੇਸ਼ ਨਾ ਹੋਣ ਤੇ ਇਨ੍ਹਾਂ ਲੀਡਰਾਂ ਦੀ ਨਿਗੂਣੀ ਜਿਹੀ ਸੱਤਾ ਵੀ ਚਰਮਰਾ ਜਾਂਦੀ ਹੈ।

ਉਪ-ਪ੍ਰਮਾਣੂ ਅਤੇ ਕੁਅੰਟਮ ਫਿਜ਼ਿਕਸ ਵਿਚ ਹੋਈ ਅਜੋਕੀ ਖੋਜ ਨੇ ਅਜਿਹੇ ਸੰਕਲਪ, ਕਲਪਨਾਵਾਂ ਅਤੇ ਪਰਿਪੇਖ ਸਾਹਮਣੇ ਲੈ ਆਂਦੇ ਹਨ ਜਿਹਨਾਂ ਨੇ ਭੌਤਿਕ ਵਿਗਿਆਨੀਆਂ, ਸਮਾਜ-ਸ਼ਾਸਤਰੀਆਂ, ਮਾਨਵਵਾਦੀਆਂ ਅਤੇ ਧਰਮ ਚਿੰਤਕਾਂ ਵਿਚ ਇਹ ਅਹਿਸਾਸ ਜਗਾਇਆ ਹੈ ਕਿ ਬ੍ਰਹਿਮੰਡ ਇਕ ਅਜਿਹੀ ਏਕਤਾ ਦੇ ਸੂਤਰ ਵਿਚ ਬੱਝਿਆ ਹੋਇਆ ਹੈ ਜੋ ਭੌਤਿਕ ਸਿਧਾਂਤਾਂ ਤੋਂ ਕਿਧਰੇ ਗਹਿਰੀ ਹੈ। ਇਸ ਨਾਲ ਮਨੁੱਖੀ ਸੋਚ ਵਿਚ ਜਾਗ੍ਰਿਤੀ ਕਾਲ ਤੋਂ ਪਿਛੋਂ ਸਭ ਤੋਂ ਵੱਡਾ ਬਦਲਾਅ ਆ ਰਿਹਾ ਹੈ। ਇਨ੍ਹਾਂ ਸਮੱਗਰਤਾਵਾਦੀ ਅੰਤਰਦ੍ਰਿਸ਼ਟੀਆਂ ਨੂੰ ਅਜੇ ਰਾਜਨੀਤੀ ਸ਼ਾਸਤਰ ਨੇ ਆਤਮਸਾਤ ਨਹੀਂ ਕੀਤਾ। ਇਸ ਉੱਤੇ ਅਜੇ ਵੀ ਨਿਊਟਨ



ਦੇ ਮਸ਼ੀਨੀ ਰੂਪਕ ਦਾ ਪ੍ਰਭਾਵ ਭਾਰੂ ਹੈ। ਪ੍ਰੰਤੂ ਨਵੀਂ ਸੂਝਬੂਝ ਤੋਂ ਰਾਜਨੀਤੀ ਸ਼ਾਸਤਰ ਨੂੰ ਸੁਚੇਤ ਹੋਣਾ ਹੀ ਪੈਣਾ ਹੈ। ਆ ਰਹੀ ਭਲਕ ਦੀ ਦੁਨੀਆਂ ਭਾਈਵਾਲੀ ਦੀ ਦੁਨੀਆਂ ਹੈ। ਇਹ ਸਾਂਝੀਵਾਲਤਾ ਦਾ ਬ੍ਰਹਿਮੰਡ ਹੈ। ਫਿਰਕਾ-ਅਧਾਰਿਤ ਪਾਤਸ਼ਾਹੀਆਂ ਦੀ ਸਥਾਪਨਾ ਲਈ ਖਾੜਕੂ ਸੰਘਰਸ਼ ਪਿਛਲਖੋਰੇ ਭੇੜ ਤੋਂ ਵੱਧ ਕੁਝ ਨਹੀਂ ਹੋ ਸਕਦਾ। ਚੌਧਰ ਵਿਹੀਣ ਰਾਜਤੰਤਰ ਸਥਾਪਿਤ ਕਰਨ ਲਈ ਯਤਨ ਹੋਣੇ ਚਾਹੀਦੇ ਹਨ। ਚੌਧਰ ਵਿਰੋਧੀ ਕਿਸੇ ਨਵੀਂ ਸੱਤਾ ਦੀ ਸਥਾਪਤੀ ਲਈ ਨਹੀਂ।

ਭਾਰਤੀ ਸੱਭਿਆਚਾਰ ਅਤੇ ਸਿੱਖ ਧਰਮ ਸਾਧਨਾਂ ਕੋਲ ਅੱਜ ਦੇ ਸੰਸਾਰ ਨੂੰ ਦੇਣ ਲਈ ਬਹੁਤ ਕੁਝ ਮੁੱਲਵਾਨ ਹੈ। ਭਾਰਤੀ ਪਰੰਪਰਾ ਕਿਸੇ ਇੱਕ ਧਰਮ ਮਾਰਗ ਨੂੰ ਸੁਪਰੀਮ ਨਹੀਂ ਮੰਨਦੀ। ਇਥੇ ਅਣਗਿਣਤ ਫਿਰਕੇ, ਨਸਲਾਂ, ਕਬੀਲੇ, ਧਰਮ ਅਤੇ ਪੂਜਾ ਪੱਦਤੀਆਂ ਆਪਣੇ ਅਨੁਭਵ ਦੀ ਰੌਸ਼ਨੀ ਅਨੁਸਾਰ ਵਿਚਰਦੀਆਂ ਹੋਈਆਂ ਸਾਂਝੀ ਤਕਦੀਰ ਘੜਦੀਆਂ ਰਹੀਆਂ ਹਨ। ਭਾਰਤ ਦੁਨੀਆਂ ਦਾ ਇਕੋ ਇਕ ਦੇਸ਼ ਹੈ, ਜਿੱਥੇ ਇਕੋ ਸਮੇਂ ਛੇ ਸਿਧਾਂਤਾਂ ਨੂੰ ਮੰਨਣ ਵਾਲੇ ਮਿਲ ਕੇ ਰਹਿੰਦੇ ਆਏ ਹਨ। ਬਾਹਰਲੇ ਦੇਸ਼ਾਂ ਤੋਂ ਵੀ ਦੁੱਖੀ ਕੀਤੇ ਦੂਜੇ ਧਰਮਾਂ ਦੇ ਪੈਰੋਕਾਰਾਂ ਨੂੰ ਵੀ ਭਾਰਤ ਵਿਚ ਸ਼ਾਂਤੀ ਨਾਲ ਵੱਸਣ ਅਤੇ ਵਿਗਸਣ ਦਾ ਮੌਕਾ ਮਿਲਦਾ ਰਿਹਾ ਹੈ।

ਇਤਿਹਾਸਕ ਘਟਨਾਵਾਂ, ਲੰਮਾ ਗੁਲਾਮੀ ਦਾ ਦੌਰ, ਵਿਆਪਕ ਗਰੀਬੀ, ਆਪਾ-ਵਿਰੋਧੀ ਅਕਾਂਖਿਆਵਾਂ, ਵਿਪਰਵਾਦੀ ਵਰਣਵੰਡ ਆਦਿ ਕਰਕੇ ਭਾਰਤ ਵਿਚ ਅਨੇਕਾਂ ਤਣਾਉ ਪੈਦਾ ਹੁੰਦੇ ਰਹਿੰਦੇ ਹਨ। ਫਿਰਕੂ ਆਧਾਰ ਤੇ ਹੋਇਆ ਦੇਸ਼ ਦਾ ਬਟਵਾਰਾ ਅਤੇ ਵੋਟਬੰਦ ਦੀ ਹੋਛੀ ਰਾਜਨੀਤੀ ਇਨ੍ਹਾਂ ਤਣਾਵਾਂ ਨੂੰ ਟਕਰਾਓ ਵਿਚ ਬਦਲ ਦਿੰਦੀ ਹੈ। ਫਿਰ ਵੀ ਇਨ੍ਹਾਂ ਸਾਰੀਆਂ ਵੰਗਾਰਾਂ ਦਾ ਸਾਹਮਣਾ ਕਰਦੇ ਹੋਏ ਅਸੀਂ ਮਾਣ ਕਰਨ ਵਾਲੀਆਂ ਪ੍ਰਾਪਤੀਆਂ ਕੀਤੀਆਂ ਹਨ। ਸਾਡਾ ਲੋਕਤੰਤਰ ਸਾਰੇ ਸੰਕਟਾਂ ਵਿਚੀ ਲੰਘਦਾ ਹੋਇਆ ਸਮੇਂ ਨਾਲ ਸਥਿਰ ਹੋਇਆ ਹੈ। ਸੈਨਾ ਨੇ ਸੱਤਾ ਹਥਿਆਉਣ ਦੀ ਕਦੇ ਚੇਸ਼ਟਾ ਨਹੀਂ ਕੀਤੀ। ਗੀਰੀਬ ਘਟੀ ਹੈ। ਦਲਿਤ ਵਰਗਾਂ ਵਿਚ ਨਵੀਂ ਚੇਤਨਾ ਅਤੇ ਸਵੈਭਰੋਸਾ ਪੈਦਾ ਹੋਇਆ ਹੈ। ਹੁਣ ਉਹ ਕੁਲੀਨ ਵਰਗਾਂ ਦੇ ਵਿਰੋਧ ਤੱਕ ਹੀ ਸੀਮਿਤ ਨਹੀਂ ਰਹੇ ਸਗੋਂ ਉਨ੍ਹਾਂ ਨੂੰ ਨਾਲ ਲੈ ਕੇ ਸੱਤਾਧਾਰੀਆਂ ਵਜੋਂ ਵਿਚਰਨ ਲੱਗੇ ਹਨ। ਸੂਚਨਾ ਦੇ ਅਧਿਕਾਰ ਨਾਲ ਜਨਤਾ ਨੂੰ ਵੱਡੀ ਸ਼ਕਤੀ ਪ੍ਰਾਪਤ ਹੋਈ ਹੈ। ਇਸਤਰੀਆਂ ਨੂੰ ਸੱਤਾ ਵਿਚ ਭਾਗੀਦਾਰੀ ਦੇਣ ਲਈ, ਘਰੇਲੂ ਹਿੰਸਾ ਨੂੰ ਰੋਕਣ ਲਈ ਅਤੇ ਜਾਇਦਾਦ ਦੀ ਮਾਲਕੀ ਦੇਣ ਹਿੱਤ ਅਨੇਕਾਂ ਕਦਮ ਚੁੱਕੇ ਗਏ ਹਨ। ਲੋਕਾਂ ਦੀ ਖਰੀਦ ਸ਼ਕਤੀ ਅਤੇ ਔਸਤ ਉਮਰ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਪਾਬੰਦੀਆਂ ਦੇ ਬਾਵਜੂਦ ਭਾਰਤ ਇੱਕ ਜ਼ਿੰਮੇਵਾਰ ਪ੍ਰਮਾਣੂ ਸ਼ਕਤੀ ਬਣ ਚੁੱਕਾ ਹੈ। ਕਿਸੇ ਦੇਸ਼ ਦਾ ਸ਼ੋਸ਼ਣ ਕੀਤੇ ਬਿਨਾਂ ਦੇਸ਼ ਇੱਕ ਆਰਥਿਕ ਮਹਾਂਸ਼ਕਤੀ ਬਣਨ ਦੀਆਂ ਬਰੂਹਾਂ ਤੇ ਹੈ। ਕੰਪਿਊਟਰ ਕ੍ਰਾਂਤੀ ਵਿਚ ਸੰਸਾਰ ਦਾ ਮੋਹਰੀ ਹੈ।

ਭਾਰਤ ਦੇ ਗਵਾਂਢ ਵਿਚ ਦੋ ਇਸਲਾਮੀ, ਦੋ ਬੋਧੀ, ਇੱਕ ਹਿੰਦੂ ਰਾਜਾਸ਼ਾਹੀ ਅਤੇ ਇੱਕ

ਕਮਿਊਨਿਸਟ ਦੇਸ਼ ਸਥਿਤ ਹੈ। ਇਨ੍ਹਾਂ ਵਿਚੋਂ ਕਿਸੇ ਇੱਕ ਦੇਸ਼ ਦੇ ਲੋਕਾਂ ਨੂੰ ਵੀ ਭਾਰਤ ਜਿੰਨੀ ਆਜ਼ਾਦੀ ਅਤੇ ਮਨੁੱਖੀ ਅਧਿਕਾਰ ਪ੍ਰਾਪਤ ਨਹੀਂ ਹਨ। ਇਨ੍ਹਾਂ ਦੇਸ਼ਾਂ ਦੀਆਂ ਮੁੱਖ ਬਹੁ ਗਿਣਤੀਆਂ ਦੀ ਦਸ਼ਾ ਹੀ ਮਾੜੀ ਹੈ ਤਾਂ ਇਥੋਂ ਦੀਆਂ ਘੱਟ ਗਿਣਤੀਆਂ ਦਾ ਤਾਂ ਰੱਬ ਹੀ ਰਾਖਾ ਹੈ। ਉਦਾਹਰਣ ਵਜੋਂ ਪਾਕਿਸਤਾਨ ਵਿਚ ਸਿੱਖ ਬਹੁਤ ਹੀ ਥੋੜ੍ਹੇ ਹਨ ਅਤੇ ਉਨ੍ਹਾਂ ਤੋਂ ਦੇਸ਼ ਨੂੰ ਕੋਈ ਖ਼ਤਰਾ ਹੋ ਹੀ ਨਹੀਂ ਸਕਦਾ। ਫਿਰ ਵੀ ਸੱਠ ਸਾਲਾਂ ਵਿਚ ਕੇਵਲ ਇੱਕ ਸਿੱਖ ਫੌਜ ਵਿਚ ਅਤੇ ਇੱਕ ਹੀ ਹੁਣੇ ਜਿਹੇ ਪੁਲਿਸ ਵਿਚ ਭਰਤੀ ਹੋ ਸਕਿਆ ਹੈ। ਜਦੋਂ ਕਿ ਭਾਰਤ ਵਿਚ ਬਲਿਊ ਸਟਾਰ ਦੇ ਸਾਕੇ, ਦਿੱਲੀ ਦੇ ਸਿੱਖ ਵਿਰੋਧੀ ਦੰਗੇ, ਸਿੱਖ ਫੌਜੀਆਂ ਦੇ ਵਿਦਰੋਹ, ਇੰਦਰਾ ਗਾਂਧੀ ਅਤੇ ਜਨਰਲ ਵੈਦਿਆਂ ਦੇ ਕਤਲ ਵਰਗੀਆਂ ਗੰਭੀਰ ਘਟਨਾਵਾਂ ਦੇ ਬਾਵਜੂਦ ਇੱਕੋਂ ਸਮੇਂ ਪ੍ਰਧਾਨ ਮੰਤਰੀ, ਸੈਨਾਪਤੀ, ਆਰਥਿਕ ਤਰਜੀਹਾਂ ਤੇ ਯੋਜਨਾਵਾਂ ਦਾ ਨਿਰਣਾ ਕਰਨ ਵਾਲੇ ਯੋਜਨਾ ਕਮਿਸ਼ਨ ਦੇ ਮੁੱਖੀ ਦੀਆਂ ਪਦਵੀਆਂ ਉੱਤੇ ਸਿੱਖ ਬਿਰਾਜਮਾਨ ਹਨ। ਰਾਸ਼ਟਰਪਤੀ ਮੁਸਲਮਾਨ ਹੁਕਮਰਾਨ ਪਾਰਟੀ ਦੀ ਮੁਖੀ ਇੱਕ ਵਿਦੇਸ਼ਾਂ ਵਿਖੇ ਜਨਮੀ ਇਸਾਈ ਔਰਤ ਹੈ। ਕਈ ਪ੍ਰਾਂਤਾਂ ਦੇ ਪੁਲਿਸ ਮੁਖੀ, ਮੁੱਖ ਸਕੱਤਰ, ਗਵਰਨਰ, ਕਾਰੋਬਾਰੀ, ਘਰਾਣਿਆਂ ਦੇ ਮਾਲਕ ਅਤੇ ਵਿੱਤੀ ਸੰਸਥਾਵਾਂ ਦੇ ਮੁਖੀ, ਰਾਜਦੂਤ ਆਦਿਕ ਹਰ ਖੇਤਰ ਵਿਚ ਉੱਚਤਮ ਅਹੁੱਦਿਆਂ ਉੱਪਰ ਸਿੱਖ ਨਿਯੁਕਤ ਹਨ। ਖਾਸ ਤੌਰ 'ਤੇ ਸਿੱਖ ਸੈਨਾਪਤੀ ਨਿਯੁਕਤ ਹੋਣਾ ਭਾਰਤ ਦੇ ਆਤਮ ਵਿਸ਼ਵਾਸ ਅਤੇ ਸਜੀਵ ਬਹੁਲਵਾਦੀ ਪਰੰਪਰਾ ਦਾ ਰੌਸ਼ਨ ਸਬੂਤ ਹੈ। ਅਜਿਹੀ ਸਥਿਤੀ ਵਿਚ ਇਹ ਕਿਵੇਂ ਮੰਨਿਆ ਜਾਵੇ ਕਿ ਭਾਰਤ ਵਿਚ ਸਿੱਖ ਗੁਲਾਮੀ ਭੋਗ ਰਹੇ ਹਨ। ਉਨ੍ਹਾਂ ਦਾ ਦਮ ਘੁੱਟ ਰਿਹਾ ਹੈ। ਸਿੱਖਾਂ ਦਾ ਭਾਰਤ ਵਿਚ ਕੋਈ ਭਵਿੱਖ ਨਹੀਂ ਹੈ। ਪਿਛਲੇ 16 ਸਾਲਾਂ ਦੌਰਾਨ ਹੋਈਆਂ ਸਾਰੀਆਂ ਚੋਣਾਂ ਵਿਚ ਵੱਖਵਾਦੀ ਵਿਚਾਰਾਂ ਵਾਲੀ ਸਿੱਖ ਲੀਡਰਸ਼ਿਪ ਨੂੰ ਖ਼ੁਦ ਸਿੱਖ ਜਨਤਾ ਵਲੋਂ ਨਕਾਰਿਆ ਜਾਣਾ ਕੀ ਇਹ ਨਹੀਂ ਦਰਸਾਉਂਦਾ ਕਿ ਸਿੱਖ ਭਾਰਤ ਦੀ ਮੁੱਖਧਾਰਾ ਤੋਂ ਨਿਰਾਸ਼ ਨਹੀਂ ਹਨ?

ਅਮਰੀਕਾ ਵਰਗੇ ਲੋਕਰਾਜੀ ਰਾਸ਼ਟਰ ਵਿਚ 220 ਸਾਲਾਂ ਦੀ ਆਜ਼ਾਦੀ ਦੇ ਦੌਰਾਨ ਇੱਕ ਵੀ ਕਾਲੇ ਰੰਗ ਦੀ ਅਮਰੀਕਨ ਜਾਂ ਇੱਕ ਵੀ ਇਸਤਰੀ ਰਾਸ਼ਟਰਪਤੀ ਨਹੀਂ ਬਣ ਸਕੀ। ਇਸ ਤੋਂ ਭਾਰਤੀ ਤੇ ਪੱਛਮੀ ਪਰੰਪਰਾਵਾਂ ਦਾ ਫ਼ਰਕ ਸਮਝ ਆ ਸਕਦਾ ਹੈ।

ਭਾਰਤ ਵਿਚ ਸਿੱਖਾਂ ਨੂੰ ਅਨੇਕਾਂ ਸ਼ਿਕਾਇਤਾਂ ਹਨ। ਇਨ੍ਹਾਂ ਵਿਚ ਕੁਝ ਕੁ ਤਾਂ ਵੋਟ ਬੈਂਕ ਦੀ ਰਾਜਨੀਤੀ ਦੀ ਹੀ ਉਪਜ ਹਨ। ਪ੍ਰੰਤੂ ਅਜਿਹੀਆਂ ਸ਼ਿਕਾਇਤਾਂ ਤਾਂ ਹੋਰ ਵਰਗਾਂ ਨੂੰ ਵੀ ਹਨ। ਬਲਕਿ ਬਹੁ ਗਿਣਤੀ ਭਾਈਚਾਰੇ ਨੂੰ ਵੀ ਹਨ। ਇਨ੍ਹਾਂ ਦਾ ਹੱਲ ਵੱਖਵਾਦੀ ਹਿੰਸਾ ਨਹੀਂ ਹੈ। ਸਗੋਂ ਇਸ ਨਾਲ ਤਾਂ ਸਰਕਾਰ ਨੂੰ ਦਮਨਚੱਕਰ ਚਲਾਉਣ ਅਤੇ ਮਨੁੱਖੀ ਅਧਿਕਾਰਾਂ ਦੇ ਹਨਨ ਦਾ ਮੌਕਾ ਮਿਲਦਾ ਹੈ।

ਲੋੜ ਤਾਂ ਵਧੇਰੇ ਸਮਾਨਤਾ ਵਾਲਾ, ਵੱਧ ਇਨਸਾਫ਼ ਪਸੰਦ, ਮਨੁੱਖੀ ਅਧਿਕਾਰਾਂ ਦੀ ਵੱਧ ਕਦਰ ਕਰਨ ਵਾਲਾ, ਹਾਸ਼ੀਏ ਤੇ ਵਿਚਰ ਰਹੇ ਵਰਗਾਂ ਨੂੰ ਗਲ ਲਾਉਣ ਵਾਲਾ ਅਤੇ ਭਾਗੀਦਾਰੀ ਵਾਲਾ ਲੋਕਰਾਜ ਸਿਰਜਣ ਦੀ ਹੈ। ਇਸ ਤਰ੍ਹਾਂ ਸ਼ਾਵਨਵਾਦੀ ਹਿੰਦੂ ਤੱਤਾਂ,



ਦਲਿਤਾਂ ਨਾਲ ਧੱਕੇ, ਭ੍ਰਿਸ਼ਟਾਚਾਰ ਅਤੇ ਵਿਸ਼ੇਸ਼ ਅਧਿਕਾਰਾਂ ਦੇ ਵਿਰੁੱਧ ਸ਼ਕਤੀਸ਼ਾਲੀ ਜਨਮਤ ਸਿਰਜਣਾ ਚਾਹੀਦਾ ਹੈ। ਸਿੱਖ ਊਰਜਾ ਇਸ ਪਾਸੇ ਨੂੰ ਸੇਧਤ ਹੋਣੀ ਚਾਹੀਦੀ ਹੈ।

ਵੱਖਵਾਦੀ ਹਿੰਸਕ ਸਰਗਰਮੀਆਂ ਨੇ ਪਹਿਲਾਂ ਹੀ ਸਾਡੀ ਭਾਰੀ ਹਾਨੀ ਕੀਤੀ ਹੈ। ਇਸ ਨੇ ਸਿੱਖਾਂ ਦਾ ਭਲਾ ਕਰਨ ਦੀ ਥਾਂ ਸਮੁੱਚੇ ਪੰਜਾਬ ਨੂੰ ਨੁਕਸਾਨਿਆ ਹੈ। ਇਨ੍ਹਾਂ ਯਤਨਾਂ ਨੇ ਆਪਣੇ ਮੁੱਢਲੇ ਦੌਰ ਵਿਚ ਹੀ ਆਪਣੀ ਫ਼ਸਾਦੀ ਸ਼ਨਾਖ਼ਤ ਸਥਾਪਿਤ ਕਰ ਲਈ ਹੈ। 'ਹਲੇਮੀਰਾਜ' ਦੀ ਸਥਾਪਨਾ ਦੀ ਆਸ ਨਹੀਂ ਜਗਾਈ। ਪੰਜਾਬ ਦੀ ਜੁਆਨੀ ਦਾ ਘਾਣ ਹੀ ਨਹੀਂ ਹੋਇਆ ਬਲਕਿ ਉਸਦਾ ਮਨੋਬਲ ਹੀ ਝੰਬਿਆ ਗਿਆ ਹੈ। ਇਹ ਕਿਹੋ ਜਿਹੀ 'ਪਹਾੜਾ ਜਿੱਡੀ ਪ੍ਰਾਪਤੀ?' •


## ਹਰਭਜਨ ਸਿੰਘ ਹੁੰਦਲ ਦੀਆਂ ਨਵੀਆਂ ਛਪੀਆਂ ਪੁਸਤਕਾਂ

1. ਰੂਸ ਦੇ ਗਦਰੀ ਬਾਬੇ – ਪੰਨੇ 56, ਮੁੱਲ 40/- ਕੁਕਨੁਸ ਪ੍ਰਕਾਸ਼ਨ, ਬੱਸ ਅੱਡਾ ਜਲੰਧਰ।
2. ਸਾਹਿਤਕ ਸਵੈ-ਜੀਵਨੀ, ਪੰਨੇ 180, ਮੁੱਲ 150/- ਪੰਜਾਬੀ ਯੂਨੀਵਰਸਿਟੀ, ਪਟਿਆਲਾ
3. ਨਾਜ਼ਿਮ ਹਿਕਮਤ – ਚੋਣਵੀਂ ਕਵਿਤਾ, ਪੰਨੇ 295, ਮੁੱਲ 350/- ਮਨਪ੍ਰੀਤ ਪ੍ਰਕਾਸ਼ਨ, ਦਿੱਲੀ
4. ਸੰਨ ਸੰਤਾਲੀ ਦੇ ਦਿਨ (ਯਾਦਾਂ) ਪੰਨੇ 127, ਮੁੱਲ 175/- ਮਨਪ੍ਰੀਤ ਪ੍ਰਕਾਸ਼ਨ, ਦਿੱਲੀ
5. ਨਜ਼ਰਬੰਦੀ ਦੇ ਦਿਨ (ਯਾਦਾਂ) ਪੰਨੇ 176, ਮੁੱਲ 250/- ਮਨਪ੍ਰੀਤ ਪ੍ਰਕਾਸ਼ਨ, ਗੀਤਾ ਕਾਲੋਨੀ, 16/16, ਦਿੱਲੀ-31
6. ਮੇਰੇ ਬੋਲ (ਕਵਿਤਾਵਾਂ) ਸਫ਼ੇ 200 ਮਨਪ੍ਰੀਤ ਪ੍ਰਕਾਸ਼ਨ ਦਿੱਲੀ ਫੋਨ 011-22451046


## ਚਿਰਾ.ਗ ਦੇ ਸ਼ੁੱਭਚਿੰਤਕਾਂ ਦੇ ਨਾਂ

ਸੰਪਾਦਕ ਚਿਰਾ.ਗ ਦੀਆਂ ਦੋ ਬਦੇਸ਼ੀ ਫੇਰੀਆਂ (1993 ਤੇ 1997) ਸਮੇਂ ਚੰਦਿਆਂ ਤੇ ਸਹਾਇਤਾ ਦੇ ਰੂਪ ਵਿਚ ਜੋ ਪੈਸੇ ਜਮ੍ਹਾ ਹੋਏ ਸਨ, ਉਹਨਾਂ ਦੇ ਆਸਰੇ ਹੀ ਹੁਣ ਤੀਕ ਮੁੱਖ ਰੂਪ ਵਿਚ ਚਿਰਾ.ਗ ਨਿਰੰਤਰ ਤੇ ਨਿਰਵਿਘਨ ਪ੍ਰਕਾਸ਼ਨ ਹੁੰਦਾ ਰਿਹਾ ਹੈ। ਹੁਣ ਉਹ ਸੀਮਤ ਪੂੰਜੀ (ਜੋ ਕਿ ਇੱਕ ਲੱਖ ਤੋਂ ਘੱਟ ਹੀ ਸੀ) ਖ਼ਤਮ ਹੋਣ ਕਿਨਾਰੇ ਹੈ। ਸੋ ਆਪਣੇ ਦੋਸਤਾਂ ਅਤੇ ਸ਼ੁੱਭਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਸਹਾਇਤਾ ਵਜੋਂ ਸੌ-ਸੌ ਡਾਲਰ ਇਕੱਠਾ ਕਰ ਕੇ ਸਾਡੇ ਤੀਕ ਪਹੁੰਚਦਾ ਕਰ ਦੇਣ। ਧੰਨਵਾਦੀ ਹੋਵਾਂਗੇ। • -ਸੰਪਾਦਕੀ ਮੰਡਲ

# ਭਗਤ ਸਿੰਘ ਸ਼ਹੀਦ

- ਮੀਆਂ ਸਲੀਮ ਜਹਾਂਗੀਰ (ਸਵਰਗੀ)

ਧਰਤੀ ਮਾਂ ਦਾ ਅੱਥਰਾ ਬਾਲਕ
ਪਹਿਲ ਜਵਾਨੀ
ਹੜ੍ਹ ਦੇ ਪਾਣੀ
ਨਾਲ ਸ਼ਰੀਕਾਂ ਆਢਾ
ਲਾਇਓ ਸੁ ਡਾਢਾ
ਆਪੂੰ ਲਿਖੀ ਆਪੂੰ ਭੋਗੀ
ਉਮਰਾ ਆਪਣੀ ਬਾਲ ਕੇ ਸੇਕੀ
ਖੰਭ ਖਿਲਾਰ ਕੇ ਜਦ ਵੀ ਉੱਠਿਆ
ਪਟੜੀਓਂ ਰੇਲਾਂ, ਲਾਹ ਲਾਹ ਸੁੱਟੀਆਂ
ਬੰਗਲੇ-ਵਾਸੀ ਨੀਂਦਾਂ ਟੁੱਟੀਆਂ
ਮੇਮਾਂ ਆਪਣੀਆਂ ਮੀਢੀਆਂ ਪੁੱਟੀਆਂ
ਮਾਂ ਦੀਆਂ ਰਾਤਾਂ ਦੇ ਨਰੋਏ ਜਗਰਾਤੇ
ਦੀ ਜੁੜਤੀ ਜੁੜਿਆ
ਲੋਰੀਆਂ ਦੇਂਦੇ ਦੁਖੀ ਸਾਹਵਾਂ ਦੀ
ਖ਼ੁਸ਼ਬੂ ਨਾਲ ਭੰਨਾਂ
ਵਾਹਕ ਪਿਓ ਦੇ ਵਗਦੇ ਹਲ ਦੀ
ਮੁੜ੍ਹਕੇ ਲਿਬੜੀ ਹੱਥੀਂ ਨੂੰ ਚੁੰਮ ਕੇ ਮੁੜਿਆ
ਬੋਲੀ ਪਾਲਣਾ ਮਾਂ ਦਾ ਆਹਲਣਾ
ਤਾਂਬੇ ਰੰਗਾ ਜੱਟ ਦਾ ਜੁਸਾ
ਕੜੀਆਂ ਦੇ ਬੁੱਕ
ਜੇਲ੍ਹ ਦੇ ਫਾਟਕ
ਫਾਹੀ ਦਾ ਰੱਸਾ
ਰੋਕ ਨਾ ਸਕਿਆ
ਟੋਕ ਨਾ ਸਕਿਆ
ਅਜੇ ਤੀਕਰ ਉਹ
ਮੁੜਦੀਆਂ ਸਰਕਾਰੀ ਡਾਕਾਂ ਵਿਚ
ਡਾਕੇ ਦਾ ਤਰਾਹ ਏ
ਅਜੇ ਤੀਕ ਉਹ
ਖੜਕਦੀਆਂ ਤਾਰਾਂ ਦੇ ਅੰਦਰੋਂ
ਵੈਰੀ ਤਾਈਂ ਬੁਲੇਂਦੀ ਲਲਕਾਰ
ਅਜੇ ਤੀਕਰ ਉਹ
ਜਰਸ਼ੀ ਭੈਣ[1] ਦੇ ਸਿਰ ਦੀ ਚੁੰਨੀ
ਦਾ ਕੱਜ ਤੇ ਬੰਦੂਕ ਦਾ ਚਿੱਤ ਏ
ਅਜੇ ਤੀਕ ਉਹ
ਬੋਹਲ ਦੀ ਰਾਖੀ ਬੁੱਢੀ
ਬਖਤਾਵਰ[2] ਦੇ ਹੱਥ ਫੜੀ ਡੰਗੋਰੀ
ਦੀ ਮੀਂਹ ਸ਼ੁਕਰ ਏ
ਸ਼ਹਿਰ ਗਰਾਈ ਉਹ ਅੱਜ
ਵੀ ਜਿਉਂਦਾ
ਜਾਈਂ ਜਾਈਂ ਉਹ ਅੱਜ ਵੀ ਜਿਉਂਦਾ
ਨਾਲ ਲੋਕਾਈ ਨੇਹੁੰ ਲਾਇਆ
ਕੋਈ ਮਰਦਾ ਏ ਝੱਲਿਓ!
ਲੋਕ-ਪ੍ਰੇਮ ਦੀ ਪੰਡ ਚਾਇਆ
ਕੋਈ ਮਰਦਾ ਏ ਝੱਲਿਓ!

(1. ਹਸ਼ਤ ਨਗਰੀ ਗੁਰੀਲਾ ਧੀ
2. ਸਿੰਧ ਦੀ ਕਿਸਾਨ ਸ਼ਹੀਦ ਔਰਤ) ●



# ਅਹਿਮਦ ਸਲੀਮ ਦੀਆਂ ਨਵੀਆਂ ਨਜ਼ਮਾਂ

## 1. ਹੁਣ ਇੱਕ ਹੋਰ ਗੀਤ ਲਿਖ ਨੇਰੂਦਾ!

ਨੇਰੂਦਾ ਮੇਰੇ ਵੀਰ
ਕਿੱਲੀ ਤੇ ਟੰਗਿਆ ਤੇਰਾ ਚੋਲਾ
ਪਾ ਲਿਆ ਮੈਂ
ਉਹਦੇ ਉੱਤੇ ਥਾਂ-ਥਾਂ
ਲਹੂ ਦੇ ਸੁੱਕੇ ਦਾਗ਼
ਤੇ ਰਗੜ ਨਾਲ
ਛਿੱਲੀ ਹੋਈ ਖੱਲ ਦੇ ਜੰਮੇ ਹੋਏ ਟੋਟੇ
ਕਤਲ ਦਾ ਨਿਸ਼ਾਨ ਛੱਡ ਗਏ ਨੇ।

ਤੂੰ ਆਪਣੀ ਮੰਜੀ ਉੱਤੇ ਜਾਨ ਦਿੱਤੀ
ਪਰ ਮੈਂ ਤੇਰਾ ਵੀਰ
ਗੋਲੀ ਤੇ ਦਿਲ ਦੇ ਵਿਚਕਾਰ
ਮਹਿਬੂਬ ਹੱਥਾਂ ਨੂੰ ਛੂਹਣ ਦੀ ਸੱਧਰ ਵਿਚ
ਇੱਕ ਨਵੇਂ ਪਹਿਰਾਵੇ ਦੀ ਸੱਧਰ ਵਿਚ
ਕੁੜੀ ਦੇ ਹੱਥਾਂ ਨੂੰ ਫੜ ਲੈਂਦਾ ਵਾਂ
ਪੋਲੇ ਹੱਥੀਂ, ਉਹ ਹੌਲੀ ਜਿਹੀ
ਆਪਣੀਆਂ ਉਂਗਲਾਂ ਛੁਡਾ ਲੈਂਦੀ ਏ
ਇੱਕ ਪੀੜ ਜਿਹੀ ਨਾਲ
ਨਫ਼ਰਤ ਤੋਂ ਬਿਨਾਂ
ਚਪੂ ਚੱਕ, ਕਾਤਲ ਦੇ ਹੱਥ ਕੰਬੇ
ਤੇ ਗੋਲੀ ਦਿਲ ਦੀ ਥਾਵੇਂ
ਅੱਖਾਂ 'ਚੋਂ ਪਾਰ ਹੋ ਗਈ।

ਮਹਿਬੂਬ ਕੁੜੀ ਦੀਆਂ ਮਜ਼ਬੂਰੀਆਂ
ਏਥੇ ਵੱਧ ਨੇ ਵੀਰ ਨੇਰੂਦਾ!
ਹੁਣ ਇੱਕ ਹੋਰ ਗੀਤ ਲਿਖ
ਅੱਖਾਂ ਲਈ
ਤੇ ਮਹਿਬੂਬ ਕੁੜੀ ਦੇ ਰੋਂਦੇ ਹੋਏ
ਮਰਦੇ ਹੋਏ ਦਿਲ ਲਈ......

## 2. ਮੇਰੀਆਂ ਨਜ਼ਮਾਂ ਮੋੜ ਦੇ

ਤੇਰੇ ਹਾਦਸਿਆਂ ਨੂੰ
ਆਪਣੇ ਪੈਰਾਂ ਨਾਲ ਬੰਨ੍ਹ ਕੇ ਟੁਰਨਾ
ਮੇਰੀ ਆਪਣੀ ਚੋਣ ਏ
ਤੇ ਮੇਰਾ ਆਪਣਾ ਹਾਦਸਾ......
ਤੇਰੀ ਚੁੱਪ ਐਨੀ ਡੂੰਘੀ ਏ ਕਿ
ਮਿੱਟੀ ਤੇ ਪਾਣੀ ਇੱਕ ਹੋ ਗਏ ਨੇ
ਰਾਤ ਤੇਰਾ ਸਕੂਨ ਚੁਰਾ ਕੇ ਲੈ ਗਈ
ਤੇ ਧਰਤੀ ਨੇ ਤੇਰਾ ਸਬਰ ਮੰਗ ਲਿਆ
ਪਰ ਤੇਰੀ ਚੁੱਪ, ਤੇਰੀ ਉਦਾਸੀ ਵਿਚ
ਮੇਰੀਆਂ ਨਜ਼ਮਾਂ ਬਲਣ ਲੱਗ ਪੈਂਦੀਆਂ ਨੇ
ਤੇ ਉਹਨਾਂ ਦੇ ਲੰਬੂ ਤੇਰੇ ਮੱਥੇ ਨੂੰ ਛੂੰਹਦੇ
ਸੋ ਇਹ ਅੱਗ ਮੈਨੂੰ ਮੋੜ ਦੇ
ਹਯਾਤੀਏ! ਮੇਰੀਆਂ ਨਜ਼ਮਾਂ ਮੈਨੂੰ ਦੇ
ਮੇਰੀਆਂ ਉਂਗਲਾਂ ਦੀਆਂ
ਪੋਰਾਂ ਝੁਲਸ ਗਈਆਂ ਸਨ
ਜਦ ਮੈਂ ਤੇਰੀ ਚੁੱਪ ਵਿਚ
ਪਹਿਲਾ ਹਰਫ ਲਿਖਿਆ ਪਰ ਤੇਰੀ ਦੋਸਤੀ
ਸਭ ਤੋਂ ਵੱਡੀ ਦੌਲਤ ਬਣ ਗਈ
ਤੇ ਅੱਜ ਮੈਂ
ਨਿਰੀ ਤੇਰੀ ਉਦਾਸੀ ਹੀ ਨਹੀਂ ਲਿਖੀ
ਜਹਾਨ ਦਾ ਗ਼ਮ ਵੀ ਮਾਣ ਲਿਆ ਏ
ਤੇਰੇ ਦਰਦ ਵਿਚੋਂ
ਕੁਲ ਜਹਾਨ ਦਾ ਦਰਦ ਪਛਾਣ ਲਿਆ ਏ
ਜ਼ਮੀਨ ਤੇ ਡਿੱਗੇ ਹੋਏ ਬੰਦੇ ਤੋਂ
ਤੇਰੇ ਦਿਲ ਵਿਚ ਡਰੇ ਹੋਏ ਇੱਕ ਬਾਲ ਤਾਈਂ
ਮੈਂ ਤੇਰਾ ਭੇਤ ਜਾਣ ਲਿਆ ਏ ਹਯਾਤੀਏ!
ਮੇਰੀਆਂ ਨਜ਼ਮਾਂ ਮੈਨੂੰ ਮੋੜਦੇ।

## 3. ਜਦੋਂ ਕਵਿਤਾ ਲਿਖਣਾ ਅਸੰਭਵ ਹੁੰਦਾ ਏ

ਜਦ ਯਾਰ ਦੀ ਤਲੀ ਉੱਤੇ
ਤੁਹਾਡਾ ਨਾਂ ਬਚ ਜਾਵੇ
ਸਵਾਹ ਹੋਣ ਤੋਂ ਵੀ
ਓਸ ਵੇਲੇ ਕਵਿਤਾ ਲਿਖਣਾ ਅਸੰਭਵ ਹੁੰਦਾ ਏ
ਬੰਦਾ ਫੁੱਲ ਦੀ ਮੌਤ ਤੇ ਕਵਿਤਾ ਲਿਖ ਸਕਦਾ ਏ
ਪਰ ਜਦੋਂ ਗੁਲਾਬ ਨੂੰ ਮਧੋਲ ਕੇ ਸੁੱਟ ਦਿੱਤਾ ਜਾਵੇ
ਤੇ ਉਹਦੇ ਵਿਚੋਂ ਲਹੂ ਵੀ ਨਾ ਵਗੇ
ਉਹਨਾਂ ਕਾਤਲ ਪਲਾਂ ਵਿਚ
ਕਵਿਤਾ ਲਿਖਣਾ ਨਾਮੁਮਕਿਨ ਹੁੰਦਾ ।

ਬੰਦਾ ਕਵਿਤਾ ਲਿਖ ਸਕਦਾ ਏ
ਜਦ ਸਮਾਜੀ ਇਨਸਾਫ ਦਾ ਜੰਗ ਹਾਰਿਆ ਜਾਵੇ
ਪਰ ਜਦੋਂ ਦਿਲ ਤੋਂ ਦੁਨੀਆਂ ਤਾਈਂ
ਕੋਈ ਜੰਗ ਹੀ ਨਾ ਹੋਵੇ
ਓਸ ਵੇਲੇ ਕਵਿਤਾ ਲਿਖਣਾ ਨਾ ਮੁਮਕਿਨ ਹੁੰਦਾ ਏ।

ਬੰਦਾ ਕਵਿਤਾ ਲਿਖ ਸਕਦਾ ਏ
ਜਦੋਂ ਯਾਰ ਬੇਵਫ਼ਾਈ ਕਰੇ
ਜਾਂ ਕੋਈ ਦਿਲ ਦੀ ਸੁੰਞ ਨੂੰ ਹੰਝੂਆਂ ਨਾਲ ਭਰੇ
ਪਰ ਯਾਰ ਸੱਚਾ ਹੋਵੇ
ਤੇ ਆਪਣਾ ਨਾਂ ਪੱਥਰ ਰੱਖ ਦੇਵੇ
ਬੱਸ ਆਪਣੇ ਦਿਲ ਦੀ ਸੁੰਞ ਵਿਚ ਕੱਲਾ ਮਰੇ
ਉਹਨਾਂ ਬੇਦਰਦ ਪਲਾਂ ਵਿਚ
ਕਵਿਤਾ ਲਿਖਣਾ ਨਾ ਮੁਮਕਿਨ ਹੁੰਦਾ ਏ।
ਅਸਾਂ ਅਣਗਿਣਤ ਗੀਤ ਲਿਖੇ
ਦਰਦ ਦੇ
ਬੇਦਰਦੀ ਦੇ
ਮੌਤ ਦੇ
ਪਰ ਜਦੋਂ ਕੁਝ ਵੀ ਬਾਕੀ ਨਾ ਰਹੇ
ਤਾਂ ਕਵਿਤਾ ਲਿਖਣਾ ਨਾਮੁਮਕਿਨ ਹੁੰਦਾ ਏ। ●





## 1. ਅਸਾਂ ਤਾਰੀਖ ਲਿਖੀ ਹੈ

- ਰਫ਼ਾਕਤ ਹੁਸੈਨ ਮੁਮਤਾਜ

ਅਸਾਂ ਤਾਰੀਖ ਲਿਖੀ ਹੈ
ਸਮੇਂ ਦੇ ਵਰਕਿਆਂ ਉੱਤੇ
ਲਹੂ ਵਿਚ ਡੋਬ ਕੇ ਉਂਗਲਾਂ
ਕਿਸੇ ਵੀ ਹਾਲ ਦੇ ਅੰਦਰ
ਕਿਸੇ ਵੀ ਮੋੜ ਦੇ ਉੱਤੇ
ਅਸੀਂ ਥਿੜਕੇ ਨਾ ਡੋਲੇ ਆਂ
ਕਿਸੇ ਹਜਾਜ ਦੇ ਡਰ ਤੋਂ
ਕਿਸੇ ਦਰਬਾਰ ਦੇ ਅੰਦਰ
ਭਾਵੇਂ ਸਿਰ ਧੌਣ ਤੋਂ ਲੱਥੇ
ਉਹ ਜਿਹੜੀ ਗੱਲ ਸੱਚੀ ਏ
ਅਸਾਂ ਆਖੀ ਏ ਮੂੰਹ ਉੱਤੇ।

ਅਸੀਂ ਤਾਂ ਹਸਨ ਬਸਰੀ ਦੇ
ਟੁਰੇ ਆਂ ਰਸਤਿਆਂ ਉੱਤੇ
ਅਸੀਂ ਤਾਰੀਖ ਲਿਖੀ ਏ
ਸਮੇਂ ਦੇ ਵਰਕਿਆਂ ਉੱਤੇ
ਲਹੂ ਵਿਚ ਡੋਬ ਕੇ ਉਂਗਲਾਂ।

ਅਸੀਂ ਮੋਢੀ ਆ ਜੁਰਅਤਾਂ ਦੇ
ਕਿਸੇ ਵੀ ਸ਼ਹਿਨਸ਼ਾਹ ਕੋਲੋਂ
ਅਸੀਂ ਕਦ ਮੁਆਫ਼ੀਆਂ ਮੰਗੀਆਂ
ਧਮਕ ਬੂਟਾਂ ਤੇ ਸੁੰਮਾਂ ਦੀ
ਜ਼ਿਮੀਂ ਤੇ ਪੈਣ ਨਹੀਂ ਦਿੱਤੀ
ਸਦਾ ਚੋਰਾਂ ਤੇ ਠੱਗਾਂ ਤੋਂ
ਜ਼ਮੀਂ ਨੂੰ ਪਾਕ ਰੱਖਿਆ ਏ।
ਕਿਸੇ ਵੀ ਧਾੜਵੀ ਮੋਹਰੇ
ਅਸੀਂ ਹਥਿਆਰ ਨਹੀਂ ਸੁੱਟੇ
ਅਸੀਂ ਤਾਰੀਖ ਲਿਖੀ ਏ
ਸਮੇਂ ਦੇ ਵਰਕਿਆਂ ਉੱਤੇ
ਲਹੂ ਵਿਚ ਡੋਬ ਕੇ ਉਂਗਲਾਂ।

ਅਸੀਂ ਵੀ ਤੋੜੀਆਂ ਲੱਤਾਂ
ਅਸਾਂ ਵੀ ਭੰਨੀਆਂ ਬਾਹਾਂ
ਜ਼ਮਾਨੇ ਦੇ ਸਿਕੰਦਰ ਨੂੰ
ਅਸਾਂ ਮੰਜੇ ਤੇ ਪਾ ਘੱਲਿਆ
ਸਦਾ ਲਈ ਮੌਤ ਦੇ ਵੱਲੇ
ਸਰਾਭਾ ਸਿੰਘ ਤੋਂ ਲੈ ਕੇ
ਮਲੰਗੀ ਸੂਰਮੇ ਤੀਕਰ
ਮੇਰੇ ਪੰਜਾਬ ਦੀ ਮਿੱਟੀ
ਹਮੇਸ਼ਾਂ ਸੂਰਮੇ ਜੰਮੇ

ਅਜਿਹੇ ਸੂਰਮੇ ਜੰਮੇ
ਜਿਨ੍ਹਾਂ ਦੀ ਇੱਕ ਲਲਕ ਤੇ
ਸਮੁੰਦਰ ਪਾਰ ਤੋਂ ਆਏ
ਬੰਦੂਕਾਂ ਸੁੱਟ ਕੇ ਨੱਸੇ
ਜਾਂ ਪੜ੍ਹ ਤਾਰੀਖ ਨੂੰ ਜਾ ਕੇ
ਅਸਾਂ ਤਾਰੀਖ ਲਿਖੀ ਏ
ਸਮੇਂ ਦੇ ਵਰਕਿਆਂ ਉੱਤੇ
ਲਹੂ ਵਿਚ ਡੋਬ ਕੇ ਉਂਗਲਾਂ।

## 2. ਜਬਰ ਦੀ ਰੁੱਤ ਦੇ ਅੰਦਰ

ਜਬਰ ਦੀ ਰੁੱਤ ਦੇ ਅੰਦਰ
ਭਲਾ ਹੋਵੇ ਲਿਖਾਰੀ ਦਾ
ਮੈਨੂੰ ਮਸ਼ਹੂਰ ਕਰ ਦਿੱਤਾ

ਮੈਂ ਤਾਂਹੀਓਂ ਹੋਂਠ ਸੀ ਲੀਤੇ
ਕਿਸੇ ਦੀ ਪਾਰਸਾਈ ਤੇ
ਮਤੇ ਇਲਜ਼ਾਮ ਨਾ ਆਵੇ

ਸੀ ਅੱਖੀਂ ਇੰਝ ਦੇ ਬੱਦਲ
ਖ਼ੁਦਾਈ ਰੋੜ੍ਹ ਲੈ ਜਾਂਦੇ
ਮੈਂ ਇਸੇ ਕਾਰਨ ਨਹੀਂ ਰੁੰਨਾ।

ਹਰੀ ਸ਼ਾਖਾਂ ਦੀ ਰੁੱਤ ਅੰਦਰ
ਬੜੀ ਤਕਲੀਫ਼ ਦਿੰਦਾ ਏ
ਵਿਛੋੜਾ ਯਾਰ ਦਿਲਬਰ ਦਾ

ਕਿਸੇ ਦੇ ਰੇਸ਼ਮੀ ਬੁੱਲ੍ਹਾਂ
ਅਜਿਹੀ ਦਿੱਤੀ ਦੁਆ ਮੈਨੂੰ
ਕਿਤੇ ਵੀ ਚੈਨ ਨਹੀਂ ਆਉਂਦਾ।

ਸੀ ਜੇਕਰ ਮੌਜ ਰਾਤਾਂ ਦੀ
ਇਕੱਲਾ ਇੱਕ ਤਾਰਾ ਈ
ਲੜੀ ਜਾਏ ਫਜ਼ਰ ਤੋੜੀ।

ਕਿਸੇ ਇੱਕ ਮੋੜ ਦੇ ਉੱਤੇ
ਜ਼ਰਾ ਜਿੰਨਾ ਖਲੋਂਦੀ ਨਹੀਂ
ਸਵਾਣੀ ਵਾਗਰਾਂ ਦੁਨੀਆਂ
ਅਜੇ ਮੈਂ ਘੁੰਡ ਚੁੱਕਿਆ ਸੀ
ਤੇ ਮੁੱਲਾਂ ਬਾਂਗ ਦੇ ਦਿੱਤੀ
ਖੌਰੇ ਕੀ ਕਾਹਲ ਸੀ ਉਹਨੂੰ।

ਜਬਰ ਦੀ ਰੁੱਤ ਦੇ ਅੰਦਰ
ਕਿਸੇ ਦੀ ਚੁੱਪ ਨੇ ਮੈਨੂੰ
'ਰਫ਼ਾਕਤ' ਬੋਲਣਾ ਦੱਸਿਆ

('ਇਕਲਾਪੇ ਤੋਂ ਅੱਗੇ' ਸੰਗ੍ਰਹਿ ਵਿਚੋਂ)

## 3. ਬੰਦ ਬਣੇ ਨਾ ਤੇਰੇ

ਹਾਲੀਂ ਬੰਦ ਬਣੇ ਨਾ ਤੇਰੇ

ਇੱਟਾਂ ਢੋਈਆਂ, ਗਾਰੇ ਢੋਏ
ਰਾਤਾਂ, ਅੰਦਰ ਦਿਨ ਦੀ ਲੋਏ
ਜੰਗਲ ਬੇਲੇ, ਨਹਿਰਾਂ, ਨਦੀਆਂ
ਪੱਤਣ ਤਰੇ ਡੂੰਘੇਰੇ
ਬੰਦ ਬਣੇ ਨਾ ਤੇਰੇ
ਹਾਲੀਂ ਬੰਦ ਬਣੇ ਨਾ ਤੇਰੇ।

ਜ਼ਹਿਰਾਂ ਫੱਕੀਆਂ ਮਹੁਰੇ ਖਾਦੇ
ਵਿਚ ਪ੍ਰਦੇਸਾਂ ਘਾਟੇ ਵਾਧੇ
ਉਭੜ ਮੁਲਕਾਂ ਜੂਹਾਂ ਅੰਦਰ
ਕੀਤੇ ਰੈਣ-ਬਸੇਰੇ
ਹਾਲੀਂ ਬੰਦ ਬਣੇ ਨਾ ਤੇਰੇ।

ਹੱਥੀਂ ਚੰਡੀਆਂ ਪੈਰੀਂ ਛਾਲੇ
ਸੱਪਾਂ ਮੋਹਰੇ ਦੀਵੇ ਬਾਲੇ
ਗ਼ੈਰਾਂ ਦੀ ਮਜ਼ਦੂਰੀ ਕੀਤੀ
ਤਾਹਨੇ ਸੁਣੇ ਬਥੇਰੇ
ਬੰਦ ਬਣੇ ਨਾ ਤੇਰੇ
ਹਾਲੀਂ ਬੰਦ ਬਣੇ ਨਾ ਤੇਰੇ। ●





# ਨੌਜਵਾਨ ਕਵੀ ਸਾਬਰ ਅਲੀ ਸਾਬਰ ਦੀਆਂ ਕੁਝ ਕਵਿਤਾਵਾਂ

## 1. ਫ਼ਰਕ

ਇੱਕ ਦੇ ਮਗਰ ਸੀ ਚੋਖੇ ਲੱਗੇ
ਜਾਨ ਬਚਾਵਣ ਦੇ ਲਈ ਭੱਜਾ
ਵਾਹਵਾ ਭੱਜਾ
ਚੋਖਾ ਭੱਜਾ
ਪਰ ਉਹਨਾਂ ਪਿੱਛਾ ਨਾ ਛੱਡਿਆ
ਆਖ਼ਰ ਬੇਵੱਸ ਹੋ ਕੇ ਉਹਨੇ
ਲੱਤਾਂ ਦੇ ਵਿਚ ਪੂਛਲ ਲੈ ਕੇ
ਮਾੜੇ ਹੋਣ ਦਾ ਤਰਲਾ ਪਾਇਆ
ਸਾਰੇ ਉਹਨੂੰ ਛੱਡ ਕੇ ਟੁਰ ਗਏ
ਪਰ ਜੇ ਉਥੇ ਕੁੱਤਿਆਂ ਦੀ ਥਾਂ
ਬੰਦੇ ਹੁੰਦੇ
ਫਿਰ ਕੀ ਹੁੰਦਾ?

## 2. ਕੁੜੱਤਣ

ਮਨ ਚੋਂ ਪੁੱਟ ਕੇ
ਪੱਕਦਾ ਬੂਟਾ
ਲਾ ਬੈਠਾ ਵਾਂ
ਸ਼ੱਕ ਦਾ ਬੂਟਾ
ਜਿੱਥੇ 'ਸਾਬਰ' ਬੰਦਾ ਨੱਪਿਆ
ਉਥੇ ਉੱਗਿਆ ਅੱਕ ਦਾ ਬੂਟਾ।

## 3. ਖ਼ੂਹ ਵਿਚ

ਖ਼ੂਹ ਵਿਚ
ਕੰਧ ਦੇ ਨਾਲ
ਉੱਗੇ ਬੋਹੜ ਦੇ ਬੂਟੇ ਨੂੰ
ਬੰਦਾ ਪੁੱਛੇ
ਤੇ ਕੀ ਪੁੱਛੇ?

## 4. ਬੈਂਤ

ਗੋਲੀ ਵੱਜੀ ਪਿੰਡ ਦੇ ਬੂਲੀ ਕੁੱਤੇ ਨੂੰ
ਮੇਲਾ ਲੱਗਿਆ ਰੰਗ-ਬਰੰਗੀਆਂ ਕਾਰਾਂ ਦਾ

ਇਨਸਾਨਾਂ ਨੂੰ ਮੈਂ ਪੱਥਰ ਕਹਿ ਬੈਠਾ ਤੇ
ਪੱਥਰ ਮੇਰੀ ਗੱਲ ਦਾ ਗੁੱਸਾ ਕਰ ਬੈਠੇ।

ਹੈ ਕੋਈ ਜਿਹੜਾ ਲਾਹ ਕੇ ਚਾਦਰ ਕਬਰਾਂ ਤੋਂ
ਬਾਹਰ ਇੱਕ ਬੈਠੇ ਨੰਗੇ ਦਾ ਤਨ ਕੱਜ ਦੇਵੇ।

ਵਾ-ਵਰੋਲੇ ਦੇ ਵਿਚ ਸੁੱਕੇ ਪੱਤਰ ਨੂੰ,
ਨੱਚਦਾ ਵੇਖ ਕੇ ਮਾਯੂਸੀ ਨੂੰ ਟਾਲ ਗਿਆ।

ਆਦਮੀਆਂ ਦੀ ਬਸਤੀ ਚੋਂ ਇਨਸਾਨ ਮਿਲੇ
ਆਟੇ ਦੇ ਵਿਚ ਹੁੰਦਾ ਏ 'ਸਾਬਰ' ਲੂਣ ਜਿਵੇਂ।

## 5. ਪਿਆਰ

ਸਭ ਤੋਂ ਪਹਿਲਾਂ
ਰੱਬ ਤੋਂ ਪਹਿਲਾਂ
ਸੁੱਖਾਂ ਨੇ ਹੜਤਾਲ ਏ ਕੀਤੀ
ਧਰਨਾ ਦਿੱਤਾ ਦੁੱਖਾਂ ਨੇ
ਸੋਚਾਂ ਨੇ ਆ ਰੈਲੀ ਕੀਤੀ
ਜਲਸਾ ਕੀਤੈ ਭੁੱਖਾਂ ਨੇ
ਸਾਹਵਾਂ ਹੱਥੋਂ ਸਮਝੋ ਹੁਣ
ਹਕੂਮਤ ਟੁੱਟਣ ਵਾਲੀ ਏ
ਸੱਧਰਾਂ ਵਾਲੀ 'ਸਾਬਰ' ਯਾਰ
ਅਸੈਂਬਲੀ ਟੁੱਟਣ ਵਾਲੀ ਏ। ●

ਸਿਰਨਾਵਾਂ - ਬੁਲ੍ਹੇ ਸ਼ਾਹ ਲਾਇਬ੍ਰੇਰੀ, ਪਾਂਡੂ ਕੀ, ਜ਼ਿਲ੍ਹਾ ਲਾਹੌਰ ਕੈਂਟ

# ਨਸਰੀਮ ਅੰਜਮ ਭੱਟੀ ਦੀਆਂ ਦੋ ਨਜ਼ਮਾਂ

(ਨਸਰੀਮ ਅੰਜ਼ਮ ਭੱਟੀ ਲਾਹੌਰ ਵੱਸਦੀ ਪੰਜਾਬੀ ਤੇ ਉਰਦੂ ਦੀ ਪ੍ਰਸਿੱਧ ਕਵਿੱਤਰੀ ਹੈ। ਉਹ ਲਾਹੌਰ ਦੀ ਖੱਬੇ ਪੱਖੀ ਅਦਬੀ ਲਹਿਰ ਦੀ ਸਰਗਰਮ ਲੇਖਿਕਾ ਹੈ। ਮੇਰੇ ਕੋਲ ਉਸਦੇ ਦੋ ਕਾਵਿ-ਸੰਗ੍ਰਹਿ ਪਹੁੰਚੇ ਹਨ। ਉਰਦੂ ਸ਼ਾਇਰੀ ਦਾ ਸੰਗ੍ਰਹਿ 'ਬਣਬਾਸ' ਤੇ ਪੰਜਾਬੀ ਦਾ 'ਨੀਲ ਕਰਾਈਆਂ ਨੀਲਕਾਂ' ਇਸ ਤੋਂ ਬਿਨਾਂ ਉਹ 'ਅਲਾਪ' ਸੰਸਥਾ ਦੀ ਉੱਘੀ ਕਾਰਕੁੰਨ ਹੈ। ਪੇਸ਼ ਨੇ ਉਸ ਦੀਆਂ ਦੋ ਉਰਦੂ ਨਜ਼ਮਾਂ ਦਾ ਪੰਜਾਬੀ ਰੂਪ) – ਸੰਪਾਦਕ

## 1. ਉਹ

ਬਚ ਰਹੇ ਤਾਂ ਸਵੇਰ ਤੀਕ
ਹੰਝੂਆਂ ਦਾ ਹਿਸਾਬ ਕਰਾਂਗੇ
ਜੋ ਰਾਤ ਭਰ ਅੱਖਾਂ ਵਿਚੋਂ
ਸ਼ਬਦ ਸ਼ਬਦ ਹੋ ਕਿਰਦੇ ਰਹੇ
ਦ੍ਰਿਸ਼-ਦ੍ਰਿਸ਼ ਬਣ ਉਤਰਦੇ ਰਹੇ।

ਇਕ ਦ੍ਰਿਸ਼ ਵਿਚ ਧੁੰਦ ਦੇ ਪਿਛਵਾੜੇ
ਚੰਦ ਤੋਂ ਉਸਦਾ ਗ੍ਰਹਿਣ ਖੋਹਣ ਵਾਲੇ
ਕਿੰਨਿਆਂ ਸਾਲਾਂ ਬਾਅਦ
ਜਦੋਂ ਚੰਦ ਤੋਂ ਉਸਦਾ ਗ੍ਰਹਿਣ ਖੋਹ ਸਕੇ
ਤਾਂ ਚੰਦ, ਦੁਮੇਲ ਵਿਚ ਡੁੱਬ ਚੁੱਕਾ ਸੀ।

ਦੂਸਰੇ ਦ੍ਰਿਸ਼ ਵਿਚ ਇੱਕ ਬਸਤੀ ਸੀ
ਨਵੀਂ-ਨਵੀਂ ਵੱਸੀ ਸੀ ਸ਼ਾਇਦ
ਸਭ ਦੇ ਚਿਹਰੇ ਖਿੜੇ ਹੋਏ ਸੀ
ਭਰੱਪਣ ਦੀ ਗੱਲ ਚੱਲੀ ਸੀ।

ਇਕ ਹੀ ਹੁੱਕਾ ਸਭ ਦੇ ਸਾਹਾਂ
ਤੇ ਸੋਚਾਂ ਨੂੰ ਵੰਡ ਰਿਹਾ ਸੀ
ਭਰੱਪਣ ਦੇ ਧੋਖੇ ਵਿਚ
ਬਸਤੀ ਦਾ ਕੰਮੀ
ਭਰੱਪਣ ਦੀ ਮੰਜੀ ਉੱਤੇ
ਚੌਧਰੀਆਂ ਵਿਚ ਆਣ ਬੈਠਾ ਸੀ।

ਕਿੰਨਾ ਖੁਸ਼ ਸੀ
ਪਰ ਏਨਾ ਖੁਸ਼ ਕਿਉਂ ਸੀ ਉਹ?
ਕਹਿਣ ਨੂੰ ਤਾਂ
'ਆਓ ਬੈਠੋ' ਕਹਿ ਤਾਂ ਦਿੱਤਾ ਸੀ
ਪਰ ਮਨ ਵਿਚ
ਚੌਧਰੀਆਂ ਦੇ ਇੱਕ ਹਿਲਜੁਲ ਸੀ।

ਪਾਸੇ ਬਦਲੇ
ਕਪਟ ਨੂੰ ਲੁਕੋਈ ਹੱਸਦੇ ਰਹੇ
ਪਰ ਮਨ ਕਹਿੰਦਾ, 'ਇਹ ਕਦੋਂ ਉੱਠੇਗਾ'?
ਕਦੋਂ ਜਾਵੇਗਾ,
ਜਾਊਗਾ ਤਾਂ ਹੀ ਸੁੱਖ ਦਾ ਸਾਹ ਆਵੇਗਾ'
ਅਚਨਚੇਤ ਕੰਮੀ ਨੇ ਉਹਨਾਂ ਦੀਆਂ
ਅੱਖਾਂ ਵੇਖੀਆਂ, ਤੇਵਰ ਭਾਂਪ ਲਏ
ਅੱਥਰੂ ਰੋਕੇ, ਹੱਸ ਕੇ ਹੁੱਕੇ ਨੂੰ ਹਟਾਇਆ
ਹੇਠਾਂ ਨਾਲੋਂ
ਆਪਣੇ ਸਾਹ ਆਪਣੇ ਪੱਲੇ ਨਾਲ ਪੂੰਝ
ਤੇ ਮੰਜੀ ਤੋਂ ਸਰਕ ਕੇ
ਹੇਠਾਂ ਧਰਤੀ ਤੇ ਆਣ ਬੈਠਾ ਉਹ.......!



## 2.
## ਔਰਤਾਂ ਦੇ ਵਿਸ਼ਵ ਦਿਵਸ ਉੱਤੇ

ਕਿਸ ਰੁੱਤ ਆਏ ਹੋ?
ਕਿ ਤੈਨੂੰ ਜੀ ਆਇਆਂ ਵੀ
ਨਹੀਂ ਕਹਿ ਸਕਦੀ
ਵਿਚਕਾਰ
ਅੱਖਾਂ ਵਿਚਲੇ ਅੱਥਰੂ
ਤੈਨੂੰ ਵੇਖਣ ਨਹੀਂ ਦਿੰਦੇ
ਮੱਥੇ ਦਾ ਟਿੱਕਾ ਕਿ ਸਿਰ ਨਾ ਚੁੱਕ ਹੋਵੇ
ਹੱਥਾਂ ਵਿਚ ਚੂੜੀਆਂ
ਹੱਥਕੜੀਆਂ ਹਨ, ਵੱਜ ਉੱਠਣਗੀਆਂ
ਪੈਰਾਂ ਵਿਚ ਝਾਂਜਰਾਂ ਬੇੜੀਆਂ
ਤੁਰਾਂਗੀ ਤਾਂ ਪਕੜੀ ਜਾਵਾਂਗੀ।

ਭਾਰੀ ਲਿਬਾਸ ਦੀ ਸਰਸਰਾਹਟ
ਸਾਜ਼ਿਸ਼ਾਂ ਤੇ ਸਜ਼ਾਵਾਂ ਨੂੰ ਜਨਮ ਦੇਵੇਗੀ
ਤੇ ਘੁੰਡ ਗਰਦਨ ਨੂੰ
ਕਦੇ ਉੱਠਣ ਨਹੀਂ ਦੇਵੇਗਾ
ਕਦੇ ਵੀ ਨਹੀਂ ਸ਼ਾਇਦ।

ਨੱਕ ਵਿਚਲੀ ਨੱਥ
ਹਰ ਸਾਹ ਨਾਲ ਮੈਨੂੰ
ਗਾਂ ਵਾਂਗ ਘਸੀਟਦੀ ਹੈ
ਕਿਹੜੇ ਰੁੱਤੇ ਆਏ ਹੋ?
ਕਿ ਮੈਂ ਲੜਕੀ ਤੋਂ
ਫਿਰ ਗਾਂ ਬਣ ਚੁੱਕੀ ਹਾਂ।

# ਗੀਤ

**ਹਰਭਜਨ ਸਿੰਘ ਹੁੰਦਲ**

ਹੋਇਆ ਚੁੱਪ ਚਾਂ ਚੁਫੇਰਾ
ਫਿਰੇ ਟਹਿਲਦਾ ਹਨੇਰਾ
ਕਿੱਥੇ ਰੁਕਿਆ ਸਵੇਰਾ
ਕੋਈ ਦੱਸਦਾ ਨਹੀਂ।

ਗਿਆ ਖੁੰਝ ਸਿਰਨਾਵਾਂ
ਕਿਹਨੂੰ 'ਵਾਜ ਦੇ ਬੁਲਾਵਾਂ
ਕਿਹਨੇ ਕੀਲੀਆਂ ਹਵਾਵਾਂ?
ਕੋਈ ਪੁੱਛਦਾ ਨਹੀਂ।

ਕੀਤਾ ਦੋਖੀਆਂ ਨੇ ਟੂਣਾ
ਹਰ ਖ਼ਵਾਬ ਊਣਾ ਊਣਾ
ਬੰਦਾ ਹੋ ਗਿਆ ਨਿਗੂਣਾ
ਕਦੇ ਹੱਸਦਾ ਨਹੀਂ।

ਕਦੋਂ ਆਉਣਗੇ ਪਿਆਰੇ
ਬੋਲ ਪਾਣੀ 'ਚੋਂ ਨਿਤਾਰੇ
ਫੁੱਲ, ਰੌਸ਼ਨੀ, ਸਿਤਾਰੇ,
ਕੋਈ ਦੱਸਦਾ ਨਹੀਂ।

ਪਾਏ ਸੰਸਿਆਂ ਨੇ ਘੇਰੇ
ਸੁੰਨੇ ਕਾਂਗ ਤੋਂ ਬਨੇਰੇ
ਕੀਤੇ ਫ਼ੋਨ ਵੀ ਬਥੇਰੇ
ਕੋਈ ਚੁੱਕਦਾ ਨਹੀਂ।

ਦੀਵੇ, ਬੱਤੀਆਂ ਜਗਾਓ
ਬਾਤਾਂ ਸੋਹਣੀਆਂ ਸੁਣਾਓ
ਕੋਈ ਗੱਲ ਤਾਂ ਹਿਲਾਓ
ਵੇਲਾ ਲੰਘਦਾ ਨਹੀਂ।

ਕਾਸ਼! ਵੀਜ਼ਾ ਲਗਵਾਈਏ
ਸ਼ਹਿਰ ਪਿਆਰਿਆਂ ਦੇ ਜਾਈਏ
ਬਹਿ ਕੇ ਵੇਦਨਾ ਸੁਣਾਈਏ
ਮੌਕਾ ਲੱਭਦਾ ਨਹੀਂ। •

# ਸੰਨ ਸੰਤਾਲੀ

## (ਹਨ੍ਹੇਰੀ ਤੋਂ ਪਹਿਲਾਂ)

- **ਹਰਚਰਨ ਸਿੰਘ** (ਕਪੂਰਥਲਾ)

ਉਸੇ ਦਿਨ ਸ਼ਾਮ ਨੂੰ ਲੋਕ ਬਾਹਰਲੇ ਪਿੰਡਾਂ ਤੋਂ ਆਪਣੇ ਸਮਾਨ ਨਾਲ ਲੱਦੇ ਗੱਡੇ ਲੈ ਕੇ ਸਾਡੇ ਪਿੰਡ ਆਉਣੇ ਸ਼ੁਰੂ ਹੋ ਗਏ। ਢੋਲ ਦੇ ਖੜਾਕ ਦੇ ਜਵਾਬ ਵਿਚ ਜ਼ੋਰ ਸ਼ੋਰ ਦੀ ਨਗਾਰਾ ਵਜਾਇਆ ਗਿਆ। ਸਾਡੇ ਪਿੰਡ ਦੀ ਆਵਾਜ਼ ਸੁਣਕੇ ਲਾਗਲੇ ਪਿੰਡਾਂ ਵਿਚ ਨਗਾਰੇ ਵੱਜਣ ਲੱਗ ਪਏ ਅਤੇ ਇਹ ਸਿਲਸਿਲਾ ਅਗਲੇ ਤੋਂ ਅਗਲੇ ਪਿੰਡਾਂ ਤੱਕ ਸ਼ੁਰੂ ਹੋ ਗਿਆ। ਨਗਾਰੇ ਵੱਜਣ ਦੀ ਪ੍ਰਕਿਰਿਆ ਰੁਕ-ਰੁਕ ਕੇ ਲਗਾਤਾਰ ਚਾਲੂ ਰਹੀ। ਇਸ ਤਰ੍ਹਾਂ.ਲਗਾਤਾਰ ਨਗਾਰੇ ਵੱਜੀ ਜਾਣੇ ਸਾਡੀ ਬਾਲੜੀ ਸਮਝ ਤੋਂ ਬਾਹਰ ਦੀ ਗੱਲ ਸੀ। ਨਗਾਰੇ ਤਾਂ ਪਹਿਲਾਂ ਹਰ ਸ਼ਾਮ ਰਹਿਰਾਸ ਦੇ ਪਾਠ ਪਿਛੋਂ ਅਰਦਾਸ ਮਗਰੋਂ ਜਾਂ ਗੁਰਪੁਰਬਾਂ ਦੇ ਦਿਨੀਂ ਰਾਤ ਨੂੰ ਦੀਵਾਨ ਦੀ ਅਰਦਾਸ ਪਿੱਛੋਂ ਜਾਂ ਮੇਰੀ ਹੋਸ਼ ਸੰਭਾਲਣ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਦੇ ਦਿਨ ਜਲੂਸ ਦੇ ਪਿੱਛੋਂ ਨਗਾਰੇ ਨੂੰ ਮਾਲੀ ਦੇ ਉੱਪਰ ਬੰਨ੍ਹ ਕੇ ਅਤੇ ਸਾਡੇ ਤਾਏ ਨੇਕਾ ਸਿੰਘ ਦੇ ਪੁੱਤਰ ਸੋਹਣ ਸਿੰਘ ਕਾਲੀਏ ਨੂੰ ਡੱਗਾ ਦੇ ਕੇ ਮਾਲੀ ਤੇ ਬਿਠਾਲ ਨਗਾਰਾ ਵਜਾਇਆ ਜਾਂਦਾ ਸੀ। ਨਗਾਰੇ ਦੇ ਖੜਾਕ ਨਾਲ ਮਾਲੀ ਖਰੂਦੀ ਹੋ ਟੱਪਦਾ ਸੀ ਤੇ ਸੋਹਣ ਸਿੰਘ ਥੱਲੇ ਭੌਂ ਤੇ ਡਿੱਗ ਪੈਂਦਾ ਸੀ। ਉਸਨੂੰ ਫਿਰ ਮਾਲੀ ਤੇ ਬਿਠਾਲ ਕੇ ਉਹੋ ਪ੍ਰਕਿਰਿਆ ਕਈ-ਕਈ ਵਾਰ ਦੁਹਰਾਈ ਜਾਂਦੀ ਸੀ ਅਤੇ ਉਹ ਵਾਰ-ਵਾਰ ਭੁੜਕ ਕੇ ਮਾਲੀ ਤੋਂ ਥੱਲੇ ਡਿੱਗਦਾ ਅਤੇ ਪਿੰਡ ਦੀਆਂ ਸਾਰੀਆਂ ਸੰਗਤਾਂ ਦੀਆਂ ਹੱਸ-ਹੱਸ ਢਿੱਡੀ ਪੀੜਾਂ ਪੈਂਦੀਆਂ ਪ੍ਰੰਤੂ ਇਹ ਤਾਂ ਨਗਾਰਾ ਹੋਰ ਹੀ ਮਕਸਦ ਲਈ ਵਜਾਇਆ ਜਾ ਰਿਹਾ ਸੀ। ਲੋਕੀਂ ਹੁਣ ਬਹੁਤ ਸਹਿਮੇ ਹੋਏ ਸਨ। ਸਿਰਫ਼ ਭੁਲੇਰਾਂ ਦੇ ਸਾਕੇ ਤੋਂ ਹੀ ਨਹੀਂ, ਜੋ ਸਭ ਕੁਝ ਲੁਟਾ ਪੁਟਾ ਆਪਣੇ ਧੀਆਂ ਪੁੱਤਾਂ ਅਤੇ ਹੋਰ ਸਕੇ ਸਬੰਧੀਆਂ ਨੂੰ ਆਪਣੀਆਂ ਅੱਖਾਂ ਸਾਹਮਣੇ ਮਰਵਾ ਕੇ ਖਾਲੀ ਹੱਥੀਂ ਧਾਈਂ ਮਾਰਦੇ ਨਿਕਲ ਕੇ ਸਾਡੇ ਪਿੰਡ ਥਾਣੀਂ ਕੈਂਪਾਂ ਨੂੰ ਗਏ ਸਨ, ਸਗੋਂ ਇਹ ਵੀ ਹੁਣ ਸਾਰਿਆਂ ਨੂੰ ਪਤਾ ਲੱਗਾ ਗਿਆ ਸੀ ਕਿ ਚੋਰਕੋਟ, ਨਵਾਂ ਪਿੰਡ ਗੋਦਰਾਂਵਾਲੀ ਵਾਲੇ ਵੀ ਕੈਂਪ ਨੂੰ ਹਿਜਰਤ ਕਰ ਚੁੱਕੇ ਹਨ। ਸ਼ਾਮਾਂ ਤੱਕ ਨਿੱਕੀਆਂ-ਵੱਡੀਆਂ ਥੇਥੀਆਂ ਬਹੋੜੂ, ਨਜ਼ਾਮਪੁਰਾ ਚੇਲੇ ਵਾਲਾ, ਦੇਵਾ ਸਿੰਘ ਵਾਲਾ, ਕਰਤਾਰਪੁਰ ਗੁਸਾਈ ਵਾਲਾ ਅਤੇ ਹੋਰ ਸ਼ਾਹਕੋਟ ਤੱਕ ਦੇ ਸਾਰੇ ਪਿੰਡਾਂ ਦੇ ਲੋਕਾਂ ਨੇ ਗੱਡਿਆਂ ਤੇ ਸਮਾਨ ਲੱਦ ਅਤੇ ਮਾਲ ਡੰਗਰ ਦੇ ਰੱਸੇ ਖੋਲ੍ਹ ਸਾਡੇ ਪਿੰਡ ਵੱਲ ਨੂੰ ਚਾਲੇ ਪਾ ਦਿੱਤੇ ਸਨ। ਸ਼ਾਮ ਤੱਕ ਸਾਡੇ ਪਿੰਡ ਦੀ ਰੌੜ ਅਤੇ ਨਹਿਰ ਦੇ ਨਾਲ-ਨਾਲ ਕਬਰਾਂ ਵਾਲੇ ਪੁਲ ਤੱਕ ਜੋ ਸਾਡੇ ਪਿੰਡੋਂ ਦੋ ਮੀਲ ਦੀ ਵਿੱਥ ਤੇ ਚੜ੍ਹਦੇ ਪਾਣੀ ਨੂੰ ਸੀ ਨਹਿਰ ਦੀ ਪਟੜੀ ਤੇ ਗੱਡੇ ਹੀ ਗੱਡੇ ਹੋ ਗਏ ਸਨ ਅਤੇ ਲੋਕਾਂ ਦਾ ਹੜ੍ਹ ਆ ਚੁੱਕਿਆ ਸੀ। ਇਹ ਪ੍ਰਕਿਰਿਆ ਸਾਰੀ ਹੀ ਰਾਤ ਚਾਲੂ ਰਹੀ। ਲੋਕੀਂ ਗੱਡਿਆਂ ਅਤੇ ਪੈਦਲ ਸਾਡੇ ਪਿੰਡ ਵੱਲ ਨੂੰ ਚਲੇ ਆਉਂਦੇ ਸਨ। ਲੋਕੀਂ ਦੱਸਦੇ ਸਨ ਕਿ ਗੱਡਿਆਂ ਅਤੇ ਲੋਕਾਂ ਦੀਆਂ ਪਾਲਾਂ ਚੂਹੇ ਝਾੜ ਦਾ ਪੁਲ (ਲਹਿੰਦੇ ਪਾਣੀ ਵਾਲੇ ਪਾਸੇ) ਸਾਡੇ ਪਿੰਡੋਂ ਦੋ-ਢਾਈ ਮੀਲ ਦੀ ਵਿੱਥ 'ਤੇ ਦੂਸਰੇ ਪਾਸੇ ਸੀ) ਤੱਕ ਆ ਖਲੋਤੇ ਸਨ। ਪਿੰਡ ਵਿਚ ਹਰ ਘਰ ਬਹੁਤ ਹੀ ਭੀੜ ਭੜੱਕਾ ਸੀ। ਚੌਦਾਂ ਪਿੰਡਾਂ ਵਿਚੋਂ ਸਿਰਫ਼ ਚੂਹੇਝਾੜ, ਡਿਪਟੀਵਾਲਾ, ਬੇਰਵਾਲਾ, ਸ਼ੇਖਵਾਲਾ, ਸੇਠਵਾਲਾ ਹੀ ਜੋ ਨਾਲੀਓਂ ਪਾਰ ਸਨ ਅਤੇ ਸੱਚੇ ਸੌਦੇ ਕੈਂਪ ਦੇ ਲਗਭਗ ਰਾਹ ਵਿਚ ਸਨ, ਅਜੇ ਉੱਠੇ ਨਹੀਂ ਸਨ। ਬਾਕੀ ਸਭਨਾਂ ਪਿੰਡਾਂ ਦੇ ਲੋਕ ਸਾਡੇ ਪਿੰਡ ਦੇ ਚਾਰ-ਚੁਫੇਰੇ ਇਕੱਠੇ ਹੋ ਗਏ ਸਨ। 12, 13 ਗੱਭਰੂਆਂ ਨੇ ਸਾਡੇ ਘਰੋਂ ਫੌਜੀ ਬੂਟਾਂ ਪੇਟੀਆਂ ਅਤੇ ਪੱਗਾਂ ਸਮੇਤ ਫੌਜੀ ਵਰਦੀਆਂ ਪਾਈਆਂ ਅਤੇ ਫੌਜੀ ਸੱਜ ਘੋੜੀਆਂ ਤੇ ਚੜ੍ਹ ਸ਼ਿਕਾਰੀ ਬੰਦੂਕਾਂ ਅਤੇ ਇਕ ਦੋ ਹੋਰ ਖ਼ਰਾਬ ਰਾਈਫਲਾਂ ਫੜ ਨਹਿਰ ਦੇ ਨਾਲ-ਨਾਲ ਸਰਕਾਰੀ ਪੱਟੜੀ ਦੇ ਚਾਰ-ਪੰਜ ਮੀਲ ਤੱਕ ਖੜ੍ਹੇ ਗੱਡੇ ਅਤੇ ਪਿੰਡਾਂ ਤੋਂ ਉੱਜੜੇ ਲੋਕਾਂ ਦੀ ਪੂਰੀ ਰਾਤ ਰਾਖੀ ਕਰਦੇ ਘੋੜੀਆਂ ਭਜਾਉਂਦੇ ਰਹੇ। ਭਾਈਆ ਜੀ ਨੇ 14 ਸਾਲ ਫੌਜ ਦੀ ਨੌਕਰੀ ਕੀਤੀ ਸੀ ਅਤੇ ਆਖ਼ਰੀ ਦਿਨੀਂ ਕਵਾਟਰ ਮਾਸਟਰ ਵੀ ਰਹੇ ਸਨ। ਇਸ ਕਰਕੇ ਇਹ ਵਰਦੀਆਂ ਦਾ ਢੇਰ ਸਾਡੇ ਘਰ ਉਪਲਬਧ ਸੀ।

ਕੁਝ ਜਵਾਨ ਮੁੰਡਿਆਂ ਪਾਇਪਾਂ ਦੀਆਂ ਬਣਾਈਆਂ ਦੇਸੀ ਤੋਪਾਂ ਇੱਕ ਵਿਸ਼ੇਸ਼ ਢੰਗ ਦੇ ਲੱਕੜ ਦੇ ਬਣਾਏ ਚੌਖਟਿਆਂ ਉੱਪਰ ਬੀੜ ਅਤੇ ਚੌਖਟੇ ਨੂੰ ਨਹਿਰੋਂ ਪਾਰ ਨਹਿਰ ਦੀਆਂ ਟਾਲ੍ਹੀਆਂ ਦਾ ਸਹਾਰਾ



ਦੇ ਕੇ ਭਾਈਆਂ ਜੀ ਵਲੋਂ ਦੱਸੇ ਨਾਜ਼ੁਕ ਥਾਈਂ ਬੀੜ ਦਿੱਤੀਆਂ ਸਨ ਅਤੇ ਹਰ ਇਕ ਤੋਪ ਲਾਗੇ ਪੰਜ-ਛੇ ਮੁੰਡਿਆਂ ਦੀ ਟੀਮ ਤਾਇਨਾਤ ਕਰ ਦਿੱਤੀ ਗਈ ਸੀ। ਗਿਣਤੀ ਵਿਚ ਇਹ ਤੋਪਾਂ ਦੇ ਚਾਰ ਮੋਰਚੇ ਸਨ ਅਤੇ ਹਰ ਇਕ ਮੋਰਚੇ ਤੇ ਇਕ ਬੀੜੀ ਹੋਈ ਤੋਪ ਸੀ ਅਤੇ ਦੂਸਰੀ ਇਕ ਨਾਲ ਰਾਖਵੀਂ ਸੀ। ਅਸਲ ਵਿਚ ਇਹ ਤੋਪਾਂ ਤਾਂ ਐਵੇਂ ਇੱਕ ਡਰਾਵਾ ਹੀ ਸਨ ਕਿਉਂ ਜੋ ਇਹ ਚਾਰ-ਪੰਜ ਫੁੱਟ ਲੰਮਾ ਲੋਹੇ ਦਾ ਪਾਇਪ ਹੀ ਸੀ ਜਿਸਨੂੰ ਪਿੱਛਿਉਂ ਬੰਦ ਕੀਤਾ ਹੋਇਆ ਸੀ ਅਤੇ ਪਿਛਲੇ ਪਾਸੇ ਪਲੀਤੇ ਵਾਸਤੇ ਇਕ ਬਾਰੀਕ ਛੇਕ ਸੀ। ਪਾਇਪ ਵਿਚ ਅੱਗੋਂ ਦੀ ਬਾਰੂਦ ਪਾ ਕੇ ਉਸ ਤੇ ਅੱਗੇ ਦੇਗੀ ਲੋਹੇ ਦੇ ਜਾਂ ਸ਼ੀਸ਼ੇ ਦੇ ਟੁਕੜੇ ਪਾ ਕੇ ਉਸਨੂੰ ਕੁੱਟਿਆ ਜਾਂਦਾ ਸੀ ਅਤੇ ਲੋੜ ਵੇਲੇ ਪਲੀਤੇ ਨੂੰ ਅੱਗ ਲਾ ਕੇ ਆਪ ਨੱਸ ਕੇ ਟਾਹਲੀ ਪਿੱਛੇ ਮੋਰਚੇ ਵਿਚ ਵੜ ਜਾਣਾ ਹੁੰਦਾ ਸੀ ਤਾਂ ਜੋ ਇਹਨਾਂ ਦੇਸੀ ਅਤੇ ਅਨਘੜਤ ਅਤੇ ਅਤਿਅੰਤ ਅਸੁਰੱਖਿਅਤ ਕਿਸਮ ਦੀਆਂ ਬਣਾਈਆਂ ਤੋਪਾਂ ਦੇ ਫੱਟ ਜਾਣ ਨਾਲ ਆਪਣੇ ਆਪ ਨੂੰ ਬਚਾਇਆ ਜਾ ਸਕੇ। ਦੂਸਰੇ ਵਾਧੂ ਪਾਇਪ ਵਿਚ ਵੀ ਇਸੇ ਤਰ੍ਹਾਂ ਹੀ ਬਾਰੂਦ ਪਲੀਤਾ ਅਤੇ ਲੋਹੇ ਦੇ ਟੁਕੜੇ ਪਾ ਕੇ ਤਿਆਰ ਰੱਖਿਆ ਹੁੰਦਾ ਸੀ ਤਾਂ ਜੋ ਪਹਿਲੀ ਤੋਪ ਨੂੰ ਚਲਾਉਣ ਪਿੱਛੋਂ ਉਸਨੂੰ ਚੌਖਟੇ ਨਾਲੋਂ ਲਾਹ ਕੇ ਦੂਸਰੀ ਤੋਪ ਨੂੰ ਫਿੱਟ ਕਰ ਦਿੱਤਾ ਜਾਵੇ ਅਤੇ ਚੱਲੀ ਹੋਈ ਨੂੰ ਠੰਡਿਆ ਕਰਨ ਪਿਛੋਂ ਫਿਰ ਤਿਆਰ ਕਰ ਲਿਆ ਜਾਵੇ ਤੇ ਚਾਰੇ ਤੋਪਾਂ ਵਾਰੋ-ਵਾਰੀ ਚਲਾਈਆਂ ਜਾਣ ਤਾਂ ਜੋ ਪਹਿਲਾਂ ਚੱਲੀ ਤੋਪ ਨੂੰ ਠੰਡਿਆ ਕਰਨ ਅਤੇ ਮੁੜ ਚਾਰਜ ਕਰਨ ਦਾ ਸਮਾਂ ਮਿਲ ਜਾਵੇ। ਇਹ ਇਕ ਅਤਿਅੰਤ ਖ਼ਤਰਨਾਕ ਕੰਮ ਸੀ। ਸਾਰੀ ਰਾਤ ਇਹੋ ਹੀ ਭੱਜ-ਨੱਠ ਦਾ ਸਿਲਸਿਲਾ ਚਾਲੂ ਰਿਹਾ। ਛੋਟੇ ਬੱਚਿਆਂ ਅਤੇ ਬੁੱਢਿਆਂ ਤੋਂ ਬਿਨਾਂ ਕੁੱਲ ਖ਼ਲਕਤ ਰੱਬ-ਰੱਬ ਵਾਹਿਗੁਰੂ ਕਰਦੀ ਰਹੀ। ਰਾਤ ਨੂੰ ਢੋਲ ਕਦੇ ਦੂਰ ਅਤੇ ਕਦੇ ਨੇੜੇ ਵੱਜਣ ਲੱਗਦੇ ਸਨ, ਜੋ ਸਮਝ ਲੱਗਦੀ ਕਿ ਹਮਲੇ ਲਈ ਘੱਟ ਅਤੇ ਡਰਾਵੇ ਲਈ ਵੱਧ ਕਰਕੇ ਵਜਾਏ ਜਾ ਰਹੇ ਸਨ। ਇਸੇ ਤਰ੍ਹਾਂ ਹੀ ਹੁਣ ਨਗਾਰੇ ਸਾਡੇ ਅਤੇ ਬਾਕੀ ਤਿੰਨਾਂ ਚੋਹਾਂ ਪਿੰਡਾਂ ਵਿਚ ਜਿੱਥੇ ਅਜੇ ਤੱਕ ਲੋਕੀਂ ਆਪਣੇ ਪਿੰਡ ਹੀ ਬੈਠੇ ਹੋਏ ਸਨ, ਘੜੀ-ਮੁੜੀ ਵੱਜ ਰਹੇ ਸਨ। ਅਗਲਾ ਸਾਰਾ ਦਿਨ ਵੀ ਇਹੋ ਹੀ ਅਮਲ ਜਾਰੀ ਰਿਹਾ।

**ਹਮਲਾ ਕਬਰਾਂ ਵਾਲੇ ਪੁਲ ਪਾਸਿਓਂ**

ਵੈਸੇ ਤਾਂ ਭੁਲੇਰਾਂ ਦੇ ਸਾਕੇ ਤੋਂ ਇਹ ਸਾਫ਼ ਹੋ ਗਿਆ ਸੀ ਕਿ ਹੁਣ ਪਿੰਡ ਛੱਡਣੇ ਹੀ ਪੈਂਣੇ ਹਨ। ਜਿਸ ਤਰ੍ਹਾਂ ਪਹਿਲਾਂ ਦੱਸਿਆ ਜਾ ਚੁੱਕਿਆ ਹੈ, ਸ਼ਾਹਕੋਟ ਦੇ ਪੈਰਾਂ ਤੋਂ ਲੈ ਕੇ ਸਾਡੇ ਪਿੰਡ ਤੱਕ ਕੁਝ ਇਕ ਪਿੰਡਾਂ ਨੂੰ ਛੱਡ ਕੇ ਸਾਰੇ ਹੀ ਪਿੰਡ ਖਾਲੀ ਹੋ ਗਏ ਸਨ ਅਤੇ ਉਹ ਆਪਣੇ ਗੱਡਿਆਂ ਤੇ ਬਹੁਤ ਲੋੜੀਂਦਾ ਸਮਾਨ ਲੱਦ ਸਾਡੇ ਪਿੰਡ ਦੀ ਰੌੜ ਅਤੇ ਨਹਿਰ ਦੀ ਪਟੜੀ (ਜੋ ਦਰਅਸਲ ਇਕ ਕੱਚੀ ਸੜਕ ਹੀ ਸੀ) ਅਤੇ ਉਸ ਨਾਲ ਆਮ ਪਹੇ ਤੇ ਸਾਡੇ ਪਿੰਡੋਂ ਨਹਿਰ ਦੇ ਪੁਲ ਤੋਂ ਦੋਵੀਂ ਪਾਸੀਂ ਦੋ-ਦੋ ਮੀਲ ਤੱਕ ਖੜ੍ਹੇ ਸਨ ਅਤੇ ਅੱਗੇ ਚਾਲੇ ਪਾਉਣ ਦੀ ਉਡੀਕ ਵਿਚ ਸਨ। ਇਹ ਗਿਣਤੀ ਵਿਚ ਕੋਈ ਦੋ ਹਜ਼ਾਰ ਦੇ ਨੇੜੇ-ਤੇੜੇ ਹੋਣਗੇ। ਨਹਿਰ ਕਈਆਂ ਦਿਨਾਂ ਤੋਂ ਪਾਣੀ ਬੰਦ ਹੋਣ ਕਰਕੇ ਸੁੱਕੀ ਪਈ ਸੀ। ਲੌਢ੍ਹੇ ਵੇਲੇ ਦੇ ਲਗਭਗ ਇਹ ਰੌਲਾ ਪੈ ਗਿਆ ਕਿ ਧਾੜਵੀਆਂ ਦਾ ਇਕ ਵੱਡਾ ਹਜ਼ੂਮ ਵੱਡੀਆਂ ਥੇਥੀਆਂ ਦੇ ਉਪਰੋਂ ਮੋਲੀ ਬੁਰਜੀ ਵਲੋਂ ਕਬਰਾਂ ਵਾਲੇ ਪੁਲ ਵੱਲ ਅੱਗੇ ਵੱਧ ਰਿਹਾ ਹੈ। ਇਹ ਖ਼ਬਰ ਖੜ੍ਹੇ ਗੱਡਿਆਂ ਵਾਲਿਆਂ ਵਿਚੋਂ ਕੁਝ ਬੰਦਿਆਂ ਘੋੜੀਆਂ ਭਜਾ ਕੇ ਸਾਡੇ ਪਿੰਡ ਆ ਦੱਸੀ। ਪਿਛਲੀ ਰਾਤੇ ਹੀ ਭਾਈਆ ਜੀ ਨੇ ਬਾਹਰੋਂ ਆਏ ਲੋਕਾਂ ਵਿਚੋਂ ਨੌ-ਦਸ ਜਵਾਨਾਂ ਦੀ ਇਕ ਟੋਲੀ ਦਾ ਗਠਨ ਕੀਤਾ ਸੀ, ਜਿਹਨਾਂ ਕੋਲ ਪਠਾਣੀ ਰਾਈਫਲਾਂ ਸਨ। ਉਹਨਾਂ ਵਿਚੋਂ ਕੁਝ ਜੋ ਭਾਈਆ ਜੀ ਵਾਂਗੂ ਹੀ ਪੈਨਸ਼ਨ ਆਏ ਹੋਏ ਸਨ, ਉਹਨਾਂ ਨੂੰ ਹਰ ਵਕਤ ਘੋੜੀਆਂ ਤੇ ਤਿਆਰ ਰਹਿਣ ਲਈ ਹਦਾਇਤ ਵੀ ਕੀਤੀ ਗਈ ਸੀ ਅਤੇ ਉਹਨਾਂ ਸਾਰਿਆਂ ਨੂੰ ਗੁਰਦੁਆਰੇ ਹੀ ਰੱਖਿਆ ਗਿਆ ਸੀ। ਭਾਈਆ ਜੀ ਨੇ ਫੌਜੀਆਂ ਵਾਂਗੂ ਇੱਕ ਸੀਟੀ ਵਜਾਈ, ਉਹ ਸਾਰੇ ਅਤੇ ਹੋਰ ਵੀ ਬਹੁਤ ਸਾਰੇ ਇਕਦਮ ਉੱਥੇ ਇਕੱਠੇ ਹੋ ਗਏ। ਉਹਨਾਂ ਨੂੰ ਭਾਈਆ ਜੀ ਨੇ ਸਾਰੀ ਗੱਲ ਸਮਝਾਈ ਅਤੇ ਆਖਿਆ ਕਿ ਸਾਨੂੰ ਇਕਦਮ ਕਬਰਾਂ ਵਾਲੇ ਪੁਲ ਤੇ ਪੁੱਜਣਾ ਚਾਹੀਦਾ ਹੈ ਜਿੱਥੇ ਹਮਲਾ ਹੋਣ ਦਾ ਖ਼ਤਰਾ ਹੈ। ਉਹ ਸਾਰੇ ਹੀ ਨਹਿਰ ਦੇ ਕੰਢੇ-ਕੰਢੇ ਸਾਇਕਲਾਂ ਵਾਲੀ ਪਟੜੀ ਤੇ ਘੋੜੀਆਂ ਭਜਾ ਕੇ ਕਬਰਾਂ ਵਾਲੇ ਪੁਲ 'ਤੇ ਪਹੁੰਚ ਗਏ ਸਨ ਅਤੇ ਵਿਉਂਤ ਅਨੁਸਾਰ ਕੁਝ ਨਹਿਰ ਦੇ ਕੰਢੇ ਦੀ ਓਟ ਵਿਚ, ਕੁਝ ਲਾਗੇ ਹੀ ਸ਼ੱਕਰ ਬਣਾਉਣ ਵਾਲੀਆਂ ਸੁੱਕੀਆਂ ਕਿਆਰੀਆਂ ਵਿਚ ਅਤੇ ਕੁਝ ਵੀਰਾਨ ਪਏ ਹੋਏ ਸੇਰਗੜੀਆਂ ਦੇ ਕੋਠੇ ਲਾਗੇ ਰੁੱਖਾਂ ਦੀ ਝੰਡੀ ਤੇ ਰਾਈਫਲਾਂ ਲੈ ਕੇ ਬੈਠ ਗਏ। ਉਹਨਾਂ ਨੂੰ ਇਹ ਵੀ ਪੱਕਿਆ ਕੀਤਾ ਗਿਆ ਸੀ ਕਿ ਗੋਲੀ ਉਦੋਂ ਹੀ ਚਲਾਉਣੀ ਹੈ ਜਿਸ ਵੇਲੇ ਉਹਨਾਂ ਨੂੰ ਵਿਸਲ ਦਾ

ਸਿਗਨਲ ਕੀਤਾ ਜਾਵੇ।

ਉਹਨਾਂ ਘੋੜੀਆਂ ਭਜਾਈ ਆਉਂਦਿਆਂ ਅਤੇ ਹੋਰ ਗੱਡਿਆਂ ਵਾਲਿਆਂ ਨੂੰ ਕਿਹਾ ਸੀ ਕਿ ਉਹ ਗੱਡੇ ਛੱਡ ਨਹਿਰ ਵਿਚ ਵੜ ਜਾਣ ਤਾਂ ਜੋ ਬਲਵਈਆਂ ਵੱਲੋਂ ਗੋਲੀਆਂ ਦੀ ਮਾਰ ਤੋਂ ਬਚ ਸਕਣ। ਸੁੱਕੀ ਨਹਿਰ ਇਕ ਬਹੁਤ ਹੀ ਸੁਰੱਖਿਅਤ ਮੋਰਚਾ ਸੀ। ਸਾਡੇ ਵਰਗੀ ਮੁੰਡੀਰ ਅਤੇ ਹੋਰ ਗੱਭਰੂ ਵੀ ਨਹਿਰ ਦੇ ਵਿਚ-ਵਿਚ ਕਬਰਾਂ ਵਾਲੇ ਪੁਲ ਨੂੰ ਲੜਾਈ ਹੁੰਦੀ ਵੇਖਣ ਨੱਸ ਪਏ। ਅਸਾਂ ਵੇਖਿਆ ਕਿ ਵੱਡੀ ਗਿਣਤੀ ਵਿਚ ਲੋਕ ਗੱਡੇ ਛੱਡ ਆਪ ਜੀਆਂ ਸਮੇਤ ਨਹਿਰੇ-ਨਹਿਰ ਸਾਡੇ ਪਿੰਡ ਨੂੰ ਨੱਸੇ ਆ ਰਹੇ ਸਨ। ਇਹ ਇਕ ਅਜੀਬ ਤਰ੍ਹਾਂ ਦੀਆਂ ਭਾਜੜਾਂ ਸਨ। ਕੁਝ ਮੁੰਡੀਰ ਲੜਾਈ ਹੁੰਦੀ, ਗੋਲੀ ਚੱਲਦੀ ਵੇਖਣ ਲਈ ਨੱਸੇ ਜਾ ਰਹੇ ਸਨ। ਕੁਝ ਗੱਭਰੂ ਹਥਿਆਰ ਹੱਥੀਂ ਲੈ ਧਾੜਵੀਆਂ ਦਾ ਮੁਕਾਬਲਾ ਕਰਨ ਅਤੇ ਕੁਝ ਆਪਣੇ ਲੱਦੇ ਹੋਏ ਗੱਡੇ ਛੱਡ ਛੁਡਾ ਜਾਨ ਬਚਾਉਣ ਲਈ ਪਿੰਡ ਵੱਲ ਨੂੰ ਨੱਸੇ ਹੋਏ ਸਨ। ਬੰਦੂਕਚੀ ਜੱਥੇ ਦੇ ਆਪਣੀਆਂ ਪੁਜੀਸ਼ਨਾਂ ਮੱਲਣ ਤੱਕ ਅਜੇ ਧਾੜਵੀਂ ਪੁਲ ਤੋਂ ਇਕ ਡੇਢ ਮੁਰੱਬੇ ਦੀ ਵਿੱਥ 'ਤੇ ਢੋਲ ਵਜਾਈ 'ਡਾਂਡੇ' ਮੀਂਡੇ ਕਪਾਹਾਂ ਅਤੇ ਹੋਰ ਫਸਲਾਂ ਵਿਚੋਂ ਦੀ ਅੱਗੇ ਤੁਰੇ ਆ ਰਹੇ ਸਨ। ਜਿਸ ਤਰ੍ਹਾਂ ਪਿਛੋਂ ਪਤਾ ਲੱਗਾ ਕਿ ਉਹ ਚਾਰ-ਪੰਜ ਸੌ ਦੇ ਲਾਗੇ ਬੰਦੇ ਸਨ ਅਤੇ ਉਹਨਾਂ ਕੋਲ ਕਿਰਪਾਨਾਂ, ਟਕੂਏ, ਬਰਛੇ, ਨੇਜੇ, ਕੁਹਾੜੀਆਂ ਅਤੇ ਕੁਝ ਰਾਈਫਲਾਂ ਸਨ। ਸਾਡੇ ਵਾਲੇ ਪਾਸਿਓਂ ਉਹਨਾਂ ਨੂੰ ਬਿਨਾਂ ਰੁਕਾਵਟ ਹੋਰ ਅੱਗੇ ਆਉਣ ਦਿੱਤਾ ਗਿਆ। ਵੱਧਦੇ-ਵੱਧਦੇ ਦੋ ਕੁ ਕਿਲਿਆਂ ਦੀ ਵਿੱਥ 'ਤੇ ਆ ਕੇ ਕਮਾਦ ਦੀ ਨੁੱਕਰ 'ਤੇ ਪੁਜੀਸ਼ਨਾਂ ਲੈ ਕੇ ਉਹਨਾਂ ਫਾਇਰ ਸ਼ੁਰੂ ਕਰ ਦਿੱਤਾ। ਦੂਸਰੇ ਸਾਰੇ ਹਮਲਾਵਰ ਕਪਾਹ ਦੇ ਖੇਤਾਂ ਵਿਚ ਬੈਠ ਗਏ। ਉਹ ਘੰਟੇ ਤੋਂ ਵੀ ਵੱਧ ਸਮੇਂ ਤੱਕ ਬਿਨਾਂ ਰੋਕ-ਟੋਕ ਫਾਇਰ ਕਰਦੇ ਰਹੇ। ਸਾਡੇ ਪਾਸਿਓਂ ਜਿਸ ਤਰ੍ਹਾਂ ਪਹਿਲਾਂ ਵਿਉਂਤਿਆ ਗਿਆ ਸੀ ਕੋਈ ਵੀ ਫਾਇਰ ਨਾ ਕੀਤਾ ਗਿਆ। ਹੁਣ ਉਹਨਾਂ ਫਿਰ ਢੋਲ ਵਜਾਉਣਾ ਸ਼ੁਰੂ ਕੀਤਾ ਅਤੇ ਬਲਵਈਆਂ ਜੋ ਖੇਤਾਂ ਵਿਚ ਲੁਕੇ ਹੋਏ ਸਨ ਨੇ ਸਾਡੇ ਗੱਡਿਆਂ ਅਤੇ ਕਬਰਾਂ ਵਾਲੇ ਪੁਲ ਵੱਲ ਨੱਸਣਾ ਸ਼ੁਰੂ ਕਰ ਦਿੱਤਾ। ਉਸ ਵੇਲੇ ਹੀ ਵਿਸਲ ਵੱਜੀ ਅਤੇ ਦੱਸ ਗੋਲੀਆਂ ਮਸ਼ੀਨਗਨ ਵਾਂਗੂ ਤਾੜ-ਤਾੜ ਕਰਦੀਆਂ ਨਿਕਲੀਆਂ ਅਤੇ ਬਲਵਈ ਅੱਗੇ ਦੀ ਥਾਂ ਡਰ ਦੇ ਮਾਰੇ ਪਿੱਛੇ ਨੂੰ ਜਾਂ ਜਿੱਧਰ ਮੂੰਹ ਆਇਆ ਨੱਸ ਤੁਰੇ। ਇਸ ਪਿਛੋਂ ਦੂਸਰਾ ਫਾਇਰ ਵੀ ਇਕੱਠਿਆ ਦਸਾਂ ਗੋਲੀਆਂ ਦਾ ਹੋਇਆ ਤੇ ਬੱਸ। ਨਹਿਰ ਵਿਚੋਂ ਅਤੇ ਸ਼ੇਰ ਗੜ੍ਹੀਆਂ ਦੀ ਝੰਘੀ ਵਲੋਂ ਸਾਡੇ ਲੋਕੀਂ ਉਹਨਾਂ ਪਿੱਛੇ ਨੱਠ ਭੱਜੇ। ਇਸੇ ਭੀੜ ਵਿਚ ਹੀ ਇਕ ਅਣਜਾਣ ਨੇ ਸਾਡੇ ਵਾਲੇ ਪਾਸਿਓਂ ਇਕ ਹੋਰ ਗੋਲੀ ਚਲਾ ਦਿੱਤੀ। ਜਿਸ ਨਾਲ ਬਹੋੜੂ ਦਾ ਮੋਹਣ ਸਿੰਘ ਜੋ ਬਲਵਈਆਂ ਵੱਲ ਹੱਥ ਕਿਰਪਾਨ ਲਈ ਨੱਸਾ ਜਾ ਰਿਹਾ ਸੀ, ਆਪਣੇ ਹੀ ਬੰਦੂਕਚੀ ਦੀ ਗੋਲੀ ਨਾਲ ਮਾਰਿਆ ਗਿਆ। ਕੁਝ ਲੋਕਾਂ ਮੋਹਣ ਸਿੰਘ ਦੀ ਲਾਸ਼ ਨੂੰ ਚੁੱਕ ਕੇ ਹੈਰਾਨੀ ਅਤੇ ਸੋਗ ਵਿਚ ਮੋੜੇ ਪਾਏ। ਇਹ ਇਸ ਵਾਕੇ ਦੀ ਇਕੋ ਇਕ ਆਹੂਤੀ ਸੀ। ਵੱਡੀ ਸੰਖਿਆ ਵਿਚ ਲੋਕਾਂ ਨੇ ਬਲਵਈਆਂ ਦਾ ਪਿੱਛਾ ਕੀਤਾ ਅਤੇ ਉਹਨਾਂ ਵਿਚੋਂ ਦੋ ਦੌੜੇ ਜਾਂਦੇ ਬਲਵਈਆਂ ਨੂੰ ਮਾਰ ਮੁਕਾਇਆ। ਇਹ ਪੰਜਾਹ ਵਰ੍ਹਿਆਂ ਦਾ ਹਮਲਾਵਰ ਮੇਰੇ ਚਾਚੇ ਦੇ ਸਹੁਰਿਆਂ ਦੇ ਮੂਸਲ ਵਿਚ ਲੁਕ ਗਿਆ। ਜਿਸ ਦਾ ਪਤਾ ਲੱਗ ਗਿਆ ਅਤੇ ਉਸਨੂੰ ਉੱਥੇ ਹੀ ਕਤਲ ਕਰ ਦਿੱਤਾ ਗਿਆ। ਫਿਰ ਕੀ ਸੀ ਜਿਹੜਾ ਮਨੁੱਖ ਵੀ ਪਿੱਛੇ ਮੁੜ ਰਿਹਾ ਉਸਨੂੰ ਵੇਖਦਾ ਆਪਣਾ ਬਰਛਾ, ਨੇਜਾ ਜਾਂ ਤਲਵਾਰ ਉਸ ਮੁਰਦੇ ਦੇ ਖੋਭ ਦਿੰਦਾ ਅਤੇ ਵਡਿਆਈ ਦੱਸਦਾ ਅਤੇ ਲਹੂ ਲਿਬੜਿਆ ਆਪਣਾ ਹਥਲਾ ਹਥਿਆਰ ਦਿਖਾ ਕਹਿੰਦਾ ਕਿ ਉਸਨੇ ਮੂਸਲਵਾਲੇ ਬੰਦੇ ਨੂੰ ਮਾਰਿਆ ਹੈ। ਇਕ ਕਿਆਫੇ ਅਨੁਸਾਰ ਮੋਹਣ ਸਿੰਘ ਅਤੇ ਛੇ ਬਲਵਈ ਇਸ ਘਟਨਾ ਵਿਚ ਮਾਰੇ ਗਏ ਸਨ। ਕੁਝ ਘੋੜੀਆਂ ਅਤੇ ਬੰਦੂਕਾਂ ਵਾਲਿਆਂ ਨੂੰ ਪਿੱਛਾ ਕਰ ਰਹੇ ਲੋਕਾਂ ਨੂੰ ਮੋੜਨ ਲਈ ਭੇਜਿਆ ਗਿਆ। ਫਿਰ ਵੀ ਉਹਨਾਂ ਬੰਗਲਾ ਜੋ ਉਥੋਂ ਇਕ ਮੀਲ ਤੋਂ ਵੱਧ ਹੋਵੇਗਾ ਤੱਕ ਬਲਵਈਆਂ ਦਾ ਪਿੱਛਾ ਕੀਤਾ। ਮੈਂ ਸਭ ਕੁਝ ਆਪਣੀ ਅੱਖੀਂ ਵੇਖਿਆ। ਕੁਝ ਰਾਈਫਲਾਂ ਵਾਲਿਆਂ ਦੀ ਉਥੇ ਕਬਰਾਂ ਵਾਲੇ ਪੁਲ ਤੇ ਡਿਊਟੀ ਲਾ ਸਾਰੇ ਪਿੱਛੇ ਪਰਤ ਆਏ। ਭਾਈਆ ਜੀ ਨੇ ਮੈਨੂੰ ਉਥੇ ਵੇਖ ਲਿਆ ਭਾਵੇਂ ਮੈਂ ਲੁਕਣ ਦੀ ਪੂਰੀ ਕੋਸ਼ਿਸ਼ ਕੀਤੀ। ਪਤਾ ਨਹੀਂ ਹੁਣ ਭਾਈਆ ਜੀ ਇਤਨੇ ਦਿਆਲੂ ਕਿਉਂ ਸਨ ਮੈਨੂੰ ਅਵਾਜ਼ ਮਾਰ ਘੋੜੀ ਪਿੱਛੇ ਬਿਠਾ ਲਿਆ ਅਤੇ ਪਿੰਡ ਲੈ ਆਏ। ਘਰ ਆਣ ਕੇ ਉਸ ਭਾਬੀ ਅਤੇ ਮਾਂ ਨੂੰ ਸਿਰਫ਼ ਏਨੀ ਹੀ ਗੱਲ ਆਖੀ 'ਹੋਰਨਾਂ ਨਾਲ ਅਸੀਂ ਦੋਵੇਂ ਪਿਉ ਪੁੱਤ ਲੁਟੇਰਿਆਂ ਨੂੰ ਨਸਾ ਆਏ ਹਾਂ।' ਮੇਰੀ ਮਾਂ (ਦਾਦੀ) ਨੇ ਮੇਰੀ ਗਿੱਚੀ ਵਿਚ ਪਟੋਕੀ ਮਾਰ ਮੈਨੂੰ ਸਮਝਾਇਆ ਕਿ 'ਮੈਨੂੰ' ਆਪ ਹੁਦਰੀਆਂ ਛੱਡ ਦੇਣੀਆਂ ਚਾਹੀਦੀਆਂ ਹਨ। ਕਿਉਂ ਜੋ ਚੁਫੇਰੇ ਤਾਂ ਅੱਗ ਲੱਗੀ ਹੋਈ ਹੈ ਅਤੇ ਮੈਨੂੰ ਅਕਲ ਤੋਂ ਕੰਮ ਲੈਣਾ ਚਾਹੀਦਾ ਹੈ। ਇਸ ਪਿਛੋਂ ਭਾਈਆ ਜੀ ਰੌੜ ਵਿਚ ਗਏ ਅਤੇ ਜਿੱਥੇ



ਇਕ ਜਵਾਨ ਕੋਲ ਮਾਰਕ 4 ਦੀ ਮਿਲਟਰੀ ਵਾਲੀ ਦਸਾਂ ਗੋਲੀਆਂ ਦੀ ਮੈਗਜ਼ੀਨ ਵਾਲੀ ਰਾਈਫਲ ਸੀ ਅਤੇ ਜੋ ਉਸਨੂੰ ਬਿਸਤਰੇ ਵਿਚ ਬੰਨ੍ਹੀ ਫਿਰਦਾ ਸੀ ਅਤੇ ਮੋਰਚੇ ਤੇ ਨਹੀਂ ਗਿਆ ਸੀ। ਉਸਨੂੰ ਹੋਰਨਾਂ ਨਾਲ ਗਾਲ੍ਹ ਮੰਦਾ ਕਰ ਅਤੇ ਇਹ ਚਿਤਾਵਨੀ ਦੇ ਕੇ ਮੁੜ ਆਏ ਕਿ ਜੇ ਇਸ ਤਰ੍ਹਾਂ ਦੇ ਮੰਦੇ ਵੇਲੇ ਨਾ ਹੁੰਦੇ ਤਾਂ ਉਸਨੂੰ ਗੋਲੀ ਮਾਰ ਦੇਣੀ ਸੀ। 'ਅਸੀਂ ਸਾਰੇ ਸੂਲੀ ਟੰਗੇ ਹੋਏ ਹਾਂ ਅਤੇ ਇਹ ਹਰਾਮੀ ਮਾਂ ਨੂੰ ਬਿਸਤਰੇ ਬੰਨੀਂ ਫਿਰਦਾ ਹੈ।' ਹੋਰ ਬਹੁਤ ਲੋਕਾਂ ਵਲੋਂ ਵੀ ਉਸਨੂੰ ਫਿੱਟ ਲਾਹਨਤਾਂ ਪਾਈਆਂ ਗਈਆਂ ਅਤੇ ਬਹੁਤ ਸਿਆਣੇ ਬੰਦਿਆਂ ਦੇ ਕਹਿਣ ਤੇ ਅਤੇ ਜ਼ਿੰਮਾ ਲੈਣ ਤੇ ਵੀ ਉਸ ਰਾਈਫਲ ਭਾਈਆ ਜੀ ਨੂੰ ਦੇਣੋਂ ਨਾ ਕਰ ਦਿੱਤੀ, ਜੋ ਖ਼ਰਾਬ ਪੁਰਾਣੀ ਰਾਈਫਲ ਅਤੇ ਚਲੇ ਖੋਖੇ ਨੂੰ ਕੱਢਣ ਵਾਲੇ ਗਜ ਨੂੰ ਮੋਢੇ ਨਾਲ ਲਾਈ ਹਾਲਾਤ ਦੇ ਅੰਗ-ਸੰਗ ਸਨ।

ਅਜੇ ਸੂਰਜ ਡੁੱਬਣ ਵਿਚ ਘੰਟਾ ਡੇਢ ਘੰਟਾ ਬਾਕੀ ਸੀ ਕਿ ਫਿਰ ਰੌਲਾ ਪੈ ਗਿਆ ਕਿ ਨਿੱਕੀਆਂ ਥੇਥੀਆਂ ਵਲੋਂ ਹਮਲਾ ਹੋਣ ਵਾਲਾ ਹੈ। ਭਾਈਆ ਜੀ ਉਸ ਰਫ਼ਲ ਵਾਲੇ ਜਵਾਨ ਨੂੰ ਸੱਦ ਕੇ (ਜਿਸ ਕੋਲ ਮਾਰਕ-4 ਫੌਜੀ ਰਾਈਫਲ ਸੀ) ਆਪ ਨਹਿਰ ਦੇ ਪੁਲ ਨੂੰ ਨੱਸ ਗਏ। ਢੋਲ ਦੀ ਅਵਾਜ਼ ਉਸੇ ਪਾਸਿਉਂ ਕਿਤਿਓਂ ਦੂਰੋਂ ਆ ਰਹੀ ਸੀ। ਭਾਈਆ ਜੀ (ਸ਼ਾਇਦ ਇਸ ਸਾਰੀ ਇਕੱਠੀ ਹੋਈ ਮਨੁੱਖਤਾ ਦੀ ਰਾਖੀ ਦੀ ਜ਼ਿੰਮੇਵਾਰੀ ਇਹਨਾਂ ਨੂੰ ਅਤੇ ਇਕ ਹੋਰ ਪੈਨਸ਼ਨੀਆ ਕਪਤਾਨ ਜੋ ਗੱਡਿਆਂ ਨਾਲ ਕਿਸੇ ਦੂਸਰੇ ਪਿੰਡੋਂ ਆਇਆ ਸੀ) ਦੇ ਜ਼ਿੰਮੇ ਸੀ। ਤੋਪਚੀਆਂ ਨੂੰ ਆਖਿਆ ਕਿ ਭਾਵੇਂ ਢੋਲ ਤੇ ਨਿੱਕੀਆਂ ਥੇਥੀਆਂ ਤੋਂ ਕਿਤੇ ਪਰਲੇ ਪਾਸੇ ਦੂਰ ਤੋਂ ਵੱਜ ਰਿਹਾ ਹੈ, ਉਹ ਇਕ-ਇਕ ਫਾਇਰ ਤੋਪਾਂ ਦਾ ਵਾਰੀ-ਵਾਰੀ ਕਰਨ। ਚੋਹਾਂ ਤੋਪਚੀਆਂ ਨੇ ਵਾਰੀ-ਵਾਰੀ ਤੋਪਾਂ ਦੇ ਪਲੀਤੇ ਨੂੰ ਅੱਗ ਲਾਈ ਅਤੇ ਉਹ ਚੱਲੀਆਂ ਵੀ ਪ੍ਰੰਤੂ ਉਹਨਾਂ ਦੇ ਸ਼ਰੱਰੇ ਪੈਲੀ ਡੇਢ ਪੈਲੀ ਤੱਕ ਹੀ ਗਏ ਜਾਪਦੇ ਸਨ। ਇਕ ਤੋਪ ਦੀ ਮਾਰ ਥੱਲੇ ਅਵਾਰਾ ਹੋਈਆਂ ਮੱਝਾਂ ਦਾ ਵੱਗ ਆਇਆ ਜੋ ਤੋਪ ਤੋਂ ਕਿੱਲੇ ਦੀ ਵਿੱਥ ਤੇ ਸੀ। ਉਹਨਾਂ ਵਿਚੋਂ ਇਕ ਮੱਝ ਜੋ ਫਾਇਰ ਦੇ ਬਿਲਕੁਲ ਸਾਹਮਣੇ ਸੀ, ਦੀ ਸਾਰੀ ਹਿੱਕ ਪਾਟ ਗਈ ਅਤੇ ਉਹ ਉਸੇ ਵੇਲੇ ਮਰ ਗਈ। ਪ੍ਰੰਤੂ ਫਿਰ ਵੀ ਭਾਈਆ ਜੀ ਅਤੇ ਕਪਤਾਨ ਤੋਪਾਂ ਦੀ ਕਾਰ-ਕਰਦਗੀ ਨੂੰ ਤਸੱਲੀਬਖਸ਼ ਨਹੀਂ ਮੰਨਦੇ ਸਨ। ਉਹਨਾਂ ਦੀ ਸਮਝ ਤੇ ਸ਼ਾਇਦ ਮਿਲਟਰੀ ਦੀਆਂ ਤੋਪਾਂ ਨਾਲ ਹੀ ਬੱਝੀ ਹੋਈ ਸੀ ਅਤੇ ਇਹ ਪਾਇਪਾਂ ਨੂੰ ਵੱਢ ਕੇ ਬਣਾਈਆਂ ਤੋਪਾਂ ਸਨ। ਢੋਲ ਸ਼ਾਇਦ ਉਹ ਬਲਵਈ ਆਪਣੇ ਡਰ ਦੇ ਮਾਰੇ ਵਜਾ ਰਹੇ ਸਨ ਜਾਂ ਸਾਨੂੰ ਡਰਾਉਣ ਲਈ, ਪ੍ਰੰਤੂ ਇਧਰੋਂ ਹਮਲਾ ਨਾ ਹੋਇਆ। ਇਸੇ ਵੇਲੇ ਚੂਹੇਝਾੜ ਵਾਲੇ ਨਹਿਰ ਦੇ ਪੁਲ ਲਾਗੇ ਖੜ੍ਹੇ ਗੱਡਿਆਂ ਤੇ ਵੀ 50-60 ਜਵਾਨ ਮੁਸਲਮਾਨ ਮੁੰਡਿਆਂ ਨੇ ਹਮਲਾ ਕਰ ਦਿੱਤਾ। ਪਰੰਤੂ ਸਾਡੀ ਰਫਲਾਂ ਵਾਲਿਆਂ ਦੀ ਟੋਲੀ ਦੇ ਉੱਥੇ ਪਹੁੰਚ ਅਤੇ ਇਕ ਦੋ ਫਾਇਰ ਕਰਨ ਤੇ ਉਹ ਦੌੜ ਗਏ। ਦਰਅਸਲ ਉਹ ਡਰਾ ਕੇ ਗੱਡੇ ਲੁੱਟਣਾ ਚਾਹੁੰਦੇ ਪ੍ਰਤੀਤ ਹੁੰਦੇ ਸੀ। ਢੋਲ ਵੱਜਣ ਤੋਂ ਸਿਵਾ ਸਾਰੀ ਰਾਤ ਨਿਰਵਿਗਨ ਲੰਘ ਗਈ। ਹੁਣ ਇਸ ਤਰ੍ਹਾਂ ਜਾਪ ਰਿਹਾ ਸੀ ਕਿ ਪੱਛਮ, ਉੱਤਰ ਅਤੇ ਦੱਖਣ ਵਲੋਂ ਤਿੰਨਾਂ ਪਾਸਿਆਂ ਤੋਂ ਘੇਰਾ ਪਾਇਆ ਜਾ ਰਿਹਾ ਸੀ।

ਕਪਤਾਨ ਕੁਝ ਫੌਜੀਆਂ ਨੂੰ ਨਾਲ ਲੈ ਕੇ ਲੁਹਾਰਾਂ ਦੀ ਦੁਕਾਨ ਤੇ ਰਫਲ ਦੇ ਚੱਲੇ ਹੋਏ ਖੋਖਿਆਂ ਵਿਚ ਫਿਰ ਬਾਰੂਦ ਭਰ ਅੱਗੋ ਸਿੱਕਾ ਲਾ ਸਾਰੀ ਰਾਤ ਗੋਲੀਆਂ ਬਣਾਉਂਦਾ ਰਿਹਾ। ਕਪਤਾਰ ਆਰਮੋਰ ਤੋਂ ਹੀ ਰਿਟਾਇਰ ਹੋਇਆ ਸੀ ਅਤੇ ਉਸ ਗੋਲੀ ਦੇ ਅਗਲੇ ਸਿੱਕੇ ਦਾ ਇਕ ਖਾਂਚਾ ਪਹਿਲਾਂ ਹੀ ਬਣਾਇਆ ਹੋਇਆ ਸੀ ਅਤੇ ਕਾਫੀ ਸਾਰਾ ਬਾਰੂਦ ਉਹ ਉਜੜਨ ਵੇਲੇ ਪਿੰਡੋਂ ਹੀ ਲੈ ਕੇ ਆਇਆ ਸੀ। ਖਾਂਚੇ ਵਿਚ ਸਿੱਕਾ ਪਿਘਲਾ ਕੇ ਪਾ ਦੇਣਾ ਤਾਂ ਜੋ ਗੋਲੀ ਦਾ ਅਗਲਾ ਫਲ ਬਣ ਜਾਵੇ, ਅਤੇ ਬਾਰੂਦ ਨੂੰ ਖੋਖੇ ਵਿਚ ਭਰ ਕੇ ਅੱਗੇ ਫਲ ਰੱਖ ਕੇ ਇਕ ਹੋਰ ਯੰਤਰ ਨਾਲ ਉਸਨੂੰ ਘੁੱਟ ਕੇ ਰਾਈਫਲ ਜਾਂ ਪਿਸਤੌਲ ਦਾ ਰਾਊਂਡ ਬਣ ਜਾਂਦਾ ਸੀ। ਇਸ ਨੇ ਰਾਤੋ-ਰਾਤ ਕਾਫੀ ਗੋਲੀਆਂ ਬਣਾ ਲਈਆਂ ਸਨ ਜਾਂ ਇਸ ਤਰ੍ਹਾਂ ਆਖ ਲਉ ਕਿ ਜਿੰਨੇ ਖੋਖੇ ਉਨੀਆਂ ਹੀ ਗੋਲੀਆਂ ਰਾਤੋ-ਰਾਤ ਬਣ ਗਈਆਂ।

ਸਵਾਣੀਆਂ ਘਰ-ਘਰ ਅੱਜ ਸਾਰਾ ਦਿਨ ਖੋਇਆ ਮਾਰ ਪੰਜੀਰੀ ਬਣਾ, ਮੱਠੀਆਂ ਅਤੇ ਹੋਰ ਨਿਕਸੁੱਕ ਬਣਾ ਪੀਪੇ ਭਰੀ ਜਾ ਰਹੀਆਂ ਸਨ। ਹੁਣ ਅੱਜ ਰਾਤ ਜਾਂ ਸਵੇਰ ਨੂੰ ਤੁਰਨ ਦਾ ਬਿਗਲ ਵੱਜ ਜਾਣ ਵਾਲਾ ਸੀ ਕਿਉਂ ਜੋ ਹੁਣ ਉਥੇ ਹੋਰ ਸਮਾਂ ਨਹੀਂ ਰਿਹਾ ਜਾ ਸਕਦਾ ਸੀ। ਉੱਜੜ ਰਹੇ ਲੋਕਾਂ ਦੇ ਮਨਾਂ ਵਿਚ ਭੁਲੇਰਾਂ ਅਤੇ ਸਾਂਗਲੇ ਦਾ ਕਤਲੇਆਮ ਦਾ ਸਹਿਮ ਭਾਰੂ ਸੀ। ਪਿਛਲੇ ਦਿਨ ਹੀ ਸਭਨਾਂ ਨੇ ਮਾਲ ਡੰਗਰ ਦੇ·ਰੱਸੇ ਖੋਲ੍ਹ ਦਿੱਤੇ ਸਨ ਅਤੇ ਪਿੰਡ ਵਿਚ ਸਭਨਾਂ ਨੇ ਬਹੁਤ ਲੋੜੀਂਦਾ ਸਮਾਨ ਗੱਡਿਆਂ ਤੇ ਲੱਦ ਲਿਆ ਸੀ। ਬਹੁਤੀਆਂ ਸਵਾਣੀਆਂ ਨੇ ਵਾਧੂ ਨਿੱਕੜ-ਸੁੱਕੜ ਜਾਂ ਪਿੰਡ ਦੇ ਗਰੀਬਾਂ (ਕੰਮੀਆਂ) ਨੂੰ ਚੁਕਵਾ ਦਿੱਤਾ ਸੀ ਜਾਂ ਖੂਹਾਂ ਅਤੇ ਛੱਪੜ ਵਿਚ ਸੁੱਟ ਦਿੱਤਾ ਸੀ। ਇਹ ਕਿਹੋ ਜਿਹੀ ਸਾੜ੍ਹਸਤੀ ਸੀ

ਜਿਸਨੇ ਨਹੀਂ ਇਹ ਨਹੀਂ ਵੇਖੀ ਉਸ ਲਈ ਇਹ ਮੰਨਣਾ ਵੀ ਔਖਾ ਹੈ ਕਿ ਇਸ ਤਰ੍ਹਾਂ ਵੀ ਕਦੀ ਇਸ ਹੱਸਦੀ ਵੱਸਦੀ ਭੰਗੜੇ ਪਾਉਂਦੀ ਕੰਨੀਂ ਹੱਥ ਰੱਖ ਕੇ ਢੋਲੇ ਗਾਉਂਦੀ ਪੰਜਾਬ ਦੀ ਧਰਤੀ ਤੇ ਵਾਪਰਿਆ ਹੋਵੇਗਾ। ਮੇਰੀ ਭਾਬੀ ਨੇ ਵੀ ਸਮਾਨ ਦੀਆਂ ਤਿੰਨ ਚਾਰ ਗੰਢਾਂ ਬੰਨ੍ਹੀਆਂ ਅਤੇ ਮੇਰੇ ਚਾਚਿਆਂ-ਤਾਇਆਂ ਦੇ ਗੱਡਿਆਂ ਤੇ ਟਿਕਾ ਦਿੱਤੀਆਂ। ਸਾਡਾ ਆਪਣਾ ਗੱਡਾ ਤੇ ਅਜੇ ਤਰਖਾਣਾਂ ਦੀ ਦੁਕਾਨ ਤੇ ਬਣ ਹੀ ਰਿਹਾ ਸੀ ਜਦੋਂ ਰੌਲੇ ਪੈ ਗਏ। ਇਸ ਲਈ ਸਾਨੂੰ ਆਪਣੇ ਸਕੇ ਸਬੰਧੀਆਂ ਦੇ ਗੱਡਿਆਂ ਦਾ ਹੀ ਆਸਰਾ ਲੈਣਾ ਪੈਣਾ ਸੀ। ਗਾਗਰਾਂ ਦੇਗਬਾਰ ਅਤੇ ਹੋਰ ਕਈ ਚੀਜ਼ਾਂ ਭਾਬੀ ਨੇ ਗੁਰਦੁਆਰੇ ਵਾਲੇ ਖੂਹ ਵਿਚ ਸੁੱਟ ਦਿੱਤੀਆਂ। ਰਸਤੇ ਵਿਚ ਮੱਠੀਆਂ, ਪੰਜੀਰੀ ਅਤੇ ਕੁਝ ਪਿੰਨੀਆਂ ਬਣਾ ਕੇ ਇਕ ਪੀਪਾ ਭਰ ਲਿਆ। ਸਮਾਨ ਲੱਦਣ ਵੇਲੇ ਵੀ ਬੜਾ ਝੰਜਟ ਹੋਇਆ, ਸਾਰਿਆਂ ਹੀ ਆਪਣੇ ਆਪਣੇ ਸਮਾਨ ਨਾਲ ਗੱਡੇ ਭਰ ਲਏ ਸਨ ਅਤੇ ਸਾਡੀਆਂ ਚਾਰ ਪੰਜ ਅਤੇ ਦੋ-ਤਿੰਨ ਸਾਡੀ ਮਾਂ (ਦਾਦੀ) ਦੀਆਂ ਗੰਢਾਂ ਲਈ ਗੱਡਿਆਂ 'ਤੇ ਥਾਂ ਹੀ ਨਹੀਂ ਸੀ। ਭਾਬੀ ਅਤੇ ਮਾਂ ਵਾਰ-ਵਾਰ ਮਿੰਨਤਾਂ ਕਰਨ। ਪਰ ਸਾਡੀਆਂ ਚਾਚੀਆਂ-ਤਾਈਆਂ ਕੀ ਕਰਨ, ਉਹਨਾਂ ਦਾ ਆਪਣਾ ਸਮਾਨ ਹੀ ਗੱਡੇ ਦੀ ਲੱਧਕ ਤੋਂ ਵਾਧੂ ਹੋਇਆ ਪਿਆ ਸੀ। ਭਾਈਆ ਜੀ ਤਾਂ ਲੋਕਾਂ ਦੀ ਸੁਰੱਖਿਆ ਲਈ ਹੀ ਭੱਜ-ਨੱਠ ਵਿਚ ਰੁੱਝੇ ਹੋਏ ਸਨ। ਉਨ੍ਹਾਂ ਇਹ ਆਖ ਆਪਣੀ ਜਾਨ ਛੁਡਵਾ ਲਈ ਕਿ ਜੇ ਕਿਸੇ ਗੱਡੇ ਵਿਚ ਵੀ ਥਾਂ ਨਹੀਂ ਮਿਲਦੀ ਤਾਂ ਖਾਣ ਵਾਲੀਆਂ ਚੀਜ਼ਾਂ ਚੁੱਕ ਚਾਲੇ ਪਾ ਲੈਣੇ। ਅਖ਼ੀਰ ਤਾਇਆ ਜੀ ਧਿਆਨ ਸਿੰਘ ਜੋ ਨਨਕਾਣਾ ਸਾਹਿਬ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਵੀ ਸਨ ਅਤੇ ਪਿੰਡ ਵਿਚ ਹੀ ਨਹੀਂ, ਸਾਰੇ ਇਲਾਕੇ ਵਿਚ ਲੋਕੀਂ ਉਨ੍ਹਾਂ ਦਾ ਬਹੁਤ ਸਤਿਕਾਰ ਕਰਦੇ ਸਨ ਅਤੇ ਸਤਿਕਾਰ ਨਾਲ ਉਹਨਾਂ ਨੂੰ 'ਭਾਈ ਜੀ' ਸੱਦਿਆ ਜਾਂਦਾ ਸੀ, ਨੇ ਆਪ ਸਾਡੀਆਂ ਗੰਢਾਂ ਆਪਣੇ ਅਤੇ ਹੋਰਨਾਂ ਦੇ ਗੱਡਿਆਂ ਵਿਚੋਂ ਕੁਝ ਸਮਾਨ ਲੁਹਾ ਕੇ ਰਖਵਾਈਆਂ। ਭਾਵੇਂ ਗੱਡਿਆਂ ਵਾਲੇ ਸਾਡੇ ਚਾਚੇ-ਚਾਚੀਆਂ, ਤਾਏ-ਤਾਈਆਂ ਨੇ ਇਸ ਦਾ ਬੜਾ ਬੁਰਾ ਮਨਾਇਆ ਪ੍ਰੰਤੂ ਉਨ੍ਹਾਂ ਸਾਹਮਣੇ ਉਨ੍ਹਾਂ ਨੂੰ ਰੋਕਣ ਦੀ ਕਿਸੇ ਦੀ ਜੁਰਅਤ ਨਾ ਪਈ।

ਪੱਕੀ ਤਰ੍ਹਾਂ ਨਹੀਂ ਕਿਹਾ ਜਾ ਸਕਦਾ ਪਰ ਸ਼ਾਇਦ ਇਹ 21 ਅਗਸਤ ਦਾ ਦਿਨ ਸੀ। ਸਵੇਰੇ ਸੂਰਜ ਚੜ੍ਹਦਿਆਂ ਹੀ ਗੱਡੇ ਤੋਰ ਦਿੱਤੇ। ਮੈਂ ਅਜੇ ਸੁੱਤਾ ਹੀ ਸਾਂ ਜਦੋਂ ਭਾਬੀ ਜੀ ਨੇ ਮੈਨੂੰ ਉਠਾਲ ਕੇ ਕੁਝ ਖਾਣ-ਪੀਣ ਲਈ ਦਿੱਤਾ। ਮੈਂ ਹੱਥ ਮੂੰਹ ਧੋ ਪਹਿਲਾਂ ਦੌੜ ਕੇ ਜਾਹਣੇ ਅਤੇ ਈਬੇ ਨੂੰ ਮਿਲਣ ਗਿਆ। ਦੋਹਾਂ ਦੀਆਂ ਮਾਵਾਂ ਨੇ ਮੈਨੂੰ ਘੁੱਟ-ਘੁੱਟ ਜੱਫੀਆਂ ਪਾਈਆਂ। ਮੇਰਾ ਮੂੰਹ ਚੁੰਮਿਆ ਅਤੇ ਅਸੀਸਾਂ ਦਿੱਤੀਆਂ। ਜਾਹਣੇ ਦੇ ਅੱਬਾ ਫਿਰੋਜ਼ਦੀਨ ਨੇ ਵੀ ਮੈਨੂੰ ਘੁੱਟ ਕੇ ਜੱਫੀ ਪਾਈ ਅਤੇ ਸਾਰੇ ਹੀ ਉੱਚੀ-ਉੱਚੀ ਰੋਣ ਲੱਗ ਪਏ। ਫਿਰੋਜ਼ਦੀਨ ਨੇ ਰੋਂਦਿਆਂ ਆਖਿਆ 'ਪੁੱਤ ਜਿੱਥੇ ਜਾਉਗੇ ਆਪਣੀ ਰਾਜ਼ੀ ਖ਼ੁਸ਼ੀ ਦਾ ਚਿੱਠੀ ਪੱਤਰ ਜ਼ਰੂਰ ਪਾਉਣਾ।' ਮੈਂ ਉਨ੍ਹਾਂ ਨੂੰ ਰੋਂਦਿਆਂ ਛੱਡ ਵਾਪਸ ਘਰ ਨੂੰ ਪਰਤ ਆਇਆ। ਘਰ ਵਿਚ ਵੀ ਸਾਰੇ ਉੱਚੀ-ਉੱਚੀ ਰੋਈ ਜਾ ਰਹੇ ਸੀ। ਸ਼ਾਇਦ ਭਾਈਆ ਜੀ ਤੋਂ ਬਿਨਾਂ ਸਾਰੇ ਹੀ ਰੋਈ ਅਤੇ ਹੌਕੇ ਭਰੀ ਜਾ ਰਹੇ ਸਨ। ਘਰ-ਘਰ ਇਹੋ ਹੀ ਹਾਲ ਸੀ। ਮੈਨੂੰ ਪਹਿਲੀ ਵਾਰੀ ਹੀ ਮਹਿਸੂਸ ਹੋਇਆ ਕਿ ਅਸੀਂ ਸਦਾ ਲਈ ਘਰ-ਬਾਰ ਪਿੰਡ ਜ਼ਮੀਨ ਸਭ ਛੱਡ ਕੇ ਜਾ ਰਹੇ ਹਾਂ। ਸ਼ਾਇਦ ਪਹਿਲੀ ਵਾਰ ਹੀ ਮੇਰੇ ਹਿਰਦਿਓਂ ਇਸਨੂੰ ਨਾ ਸਹਿ ਸਕਣ ਵਾਲੀ ਵੇਦਨਾ ਅਤੇ ਪੀੜਾ ਮਹਿਸੂਸ ਹੋਈ ਸੀ। ਇਸ ਪੀੜਾ ਨੇ ਮੇਰਾ ਬੁਰਾ ਹਾਲ ਕੀਤਾ ਅਤੇ ਸਾਰਿਆਂ ਦੇ ਹੌਸਲਾ ਦੇਣ ਦੇ ਬਾਵਜੂਦ ਵੀ ਮੈਂ ਸਾਰਾ ਦਿਨ ਰੋਂਦਾ ਰਿਹਾ ਅਤੇ ਅੱਥਰੂ ਵਗਾਉਂਦਾ ਰਿਹਾ। ਹੋਰ ਤਾਂ ਹੁਣ ਸਭ ਠੀਕ ਸੀ ਪ੍ਰੰਤੂ ਘਰ ਵਿਚ ਪੈਸੇ ਤਾਂ ਸਿਰਫ਼ 6 ਰੁਪਏ ਹੀ ਸਨ। ਅੱਗੇ ਕਿੱਥੇ ਜਾਣਾ ਹੈ, ਕਦੋਂ ਪਹੁੰਚਣਾ ਹੈ, ਕਿਹੜੀਆਂ-ਕਿਹੜੀਆਂ ਮੁਸੀਬਤਾਂ ਦੇ ਨਾਲ ਵਾਹ ਪੈਣਾ ਹੈ ਇਹ ਤਾਂ ਵਿੱਧ ਮਾਤਾ ਨੂੰ ਹੀ ਪਤਾ ਹੋਊ। ਪੈਸੇ ਧੇਲੇ ਵਲੋਂ ਤਾਂ ਜੇਬ ਬਿਲਕੁਲ ਖਾਲੀ। ਭਾਵਾਂ ਉਹ ਭਲੇ ਸਮੇਂ ਸਨ ਅਤੇ ਮਹਿੰਗਾਈ ਦੀ ਮਾਰ ਐਨੀ ਨਹੀਂ ਸੀ ਜਿੰਨੀ ਹੁਣ ਹੈ। ਕਣਕ 10 ਰੁਪਏ ਮਣ, ਗੁੜ 5 ਰੁਪਏ ਅਤੇ ਇਸ ਹਿਸਾਬ ਨਾਲ ਦੂਸਰੀਆਂ ਚੀਜ਼ਾਂ ਵਸਤਾਂ ਦੇ ਮੁੱਲ ਵੀ ਬਹੁਤ ਉੱਚੇ ਨਹੀਂ ਸਨ। ਪਰ ਜੇਬ ਵਿਚ ਤਾਂ ਕੇਵਲ ਸਾਢੇ ਛੇ ਰੁਪਏ ਹੀ ਸਨ। ਮੇਰੇ ਭਾਈਆ ਜੀ ਦਾ ਫੌਜੀਆਂ ਵਾਲਾ ਇਕ ਬੜਾ ਵੱਡਾ ਚਿੱਬ-ਖੜਿੱਬਾ ਟਰੰਕ ਜਿਸਨੂੰ ਭਾਬੀ ਦੇ ਦੱਸਣ ਅਨੁਸਾਰ ਨਿੱਕਿਆਂ ਹੁੰਦਿਆਂ ਮੈਂ ਚਿੱਬ-ਖੜਿੱਬਾ ਕੀਤਾ ਸੀ ਅਤੇ ਜੋ ਹੁਣ ਪੜ੍ਹਾਈ ਲਿਖਾਈ ਦੀਆਂ ਕਾਪੀਆਂ ਕਿਤਾਬਾਂ ਅਤੇ ਹੋਰ ਨਿੱਕਸੁਕ ਰੱਖਣ ਲਈ ਮੇਰੀ ਹੀ ਮਲਕੀਅਤ ਸੀ ਨੂੰ ਖੋਲ੍ਹਿਆ ਗਿਆ। ਉਸ ਵਿਚੋਂ ਫਰੋਲਦਿਆਂ 31 ਰੁਪਏ ਅਤੇ ਇੱਕ ਚਵਾਨੀ ਨਿਕਲੀ। ਇਹ ਤਾਂ ਇਕ ਚਮਤਕਾਰ ਹੀ ਹੋ ਗਿਆ ਸੀ। ਇਹ ਪੈਸੇ ਘਰੋਂ ਸਕੂਲ ਲਈ ਪਰਚੇ ਵਿਚੋਂ ਟਕਾ-ਟਕਾ, ਆਨਾ-ਆਨਾ ਕਰਕੇ ਬਚਾਏ ਹੋਏ ਸਨ। ਉਹਨੀਂ ਦਿਨੀਂ ਸਕੂਲ ਵਾਸਤੇ ਮਾਪਿਆਂ



ਵਲੋਂ ਪੈਸੇ ਦੇਣ ਦਾ ਕੋਈ ਰਿਵਾਜ਼ ਨਹੀਂ ਸੀ। ਸਾਡਾ ਘਰ ਫੌਜੀਆਂ ਦਾ ਹੋਣ ਕਰਕੇ (ਕਿਉਂ ਜੋ ਮੇਰਾ ਬਾਪ ਅਤੇ ਇਕੋ-ਇਕ ਮੇਰਾ ਚਾਚਾ ਦੋਵੇਂ ਫੌਜੀ ਸਨ) ਸ਼ਾਇਦ ਇਹ ਘਰ ਵਾਲਿਆਂ ਵਲੋਂ ਮੇਰੇ ਤੇ ਬਖਸ਼ੀਸ਼ ਜਾਂ ਕੁਝ ਹੋਰ ਸੀ ਜਿਸ ਕਰਕੇ ਮੈਨੂੰ ਆਮ ਹੀ ਆਨਾ-ਦੁਆਨੀ ਮਿਲ ਜਾਇਆ ਕਰਦੇ ਸਨ। ਦੂਸਰਾ ਸਕੂਲ ਪੇਂਡੂ ਸੀ। ਇਸ ਲਈ ਪੈਸੇ ਕਾਹਦੇ ਲਈ ਖਰਚਣੇ ਸਨ, ਉਥੇ ਤੇ ਲੈਣ ਲਈ ਕੋਈ ਹੈ ਹੀ ਨਹੀਂ ਸੀ। ਕਦੀ-ਕਦਾਈਂ ਵਹਿੰਗੀ ਲੈ ਮਰੂੰਡੇ ਫੁੱਲੀਆਂ ਵਾਲੇ ਹੀ ਪਿੰਡਾਂ ਵਿਚ ਫੇਰੀ ਲਾਇਆ ਕਰਦੇ ਸਨ। ਇਸ ਲਈ ਪਾੜ੍ਹਿਆਂ ਨੂੰ ਪੈਸਿਆਂ ਦੀ ਲੋੜ ਤਾਂ ਬਿਲਕੁਲ ਹੀ ਨਹੀਂ ਹੁੰਦੀ ਸੀ। ਕਿਤਾਬਾਂ, ਕਾਪੀਆਂ ਜਾਂ ਕਲਮਾਂ ਪੈਨਸਿਲਾਂ ਮਾਪੇ ਆਪ ਹੀ ਲਿਆ ਦਿੰਦੇ ਹੁੰਦੇ ਸਨ। ਘਰ ਵਾਲੇ ਬੜੇ ਖੁਸ਼ ਹੋਏ। ਭਾਵੇਂ ਇਹ ਕੁਝ ਪਲਾਂ ਲਈ ਹੀ ਹੋਵੇ ਅਤੇ ਸ਼ਾਇਦ ਉਨ੍ਹਾਂ ਨੂੰ ਕੁਝ ਪਲਾਂ ਲਈ ਵਾਪਰ ਰਹੀ ਸਾੜਸਤੀ ਵੀ ਭੁੱਲ ਗਈ ਹੋਵੇ। ਕਿਉਂ ਜੋ ਉਨ੍ਹਾਂ ਨੂੰ ਮੇਰੇ ਕਿਤਾਬਾਂ ਦੇ ਟਰੰਕ ਵਿਚੋਂ ਕਾਰੂੰ ਦਾ ਦੱਬਿਆ ਹੋਇਆ ਖਜ਼ਾਨਾ ਜੋ ਮਿਲ ਗਿਆ ਸੀ ਜਾਂ ਉਨ੍ਹਾਂ ਦੀ ਅਤਿ ਦੀ ਲੋੜ ਵੇਲੇ ਲਾਟਰੀ ਨਿਕਲ ਆਈ ਹੋਵੇ। ਮੇਰੀ ਜ਼ਿੱਦ ਤੇ ਉਨ੍ਹਾਂ ਮੈਨੂੰ ਚਵਾਨੀ ਦੇ ਦਿੱਤੀ। ਮੈਂ ਹੁਣ ਸੋਚਦਾ ਹਾਂ ਭਲਾ ਮੈਂ ਉਸ ਜੱਗੋਂ ਬਾਹਿਰੇ ਸਮੇਂ ਪੈਸੇ ਲੈਣ ਲਈ ਜ਼ਿੱਦ ਕਿਉਂ ਕੀਤੀ ਜਦੋਂ ਘਰ ਵਾਲਿਆਂ ਨੂੰ ਇਕ-ਇਕ ਪੈਸੇ ਦੀ ਲੋੜ ਸੀ। ਫਿਰ ਖ਼ਿਆਲ ਆਉਂਦਾ ਹੈ ਕਿ ਇਹ ਮੇਰੇ ਸੁਭਾਅ ਦਾ ਹੀ ਹਿੱਸਾ ਸੀ ਜਿਸਨੇ ਅਗਲੇ ਸਮਿਆਂ ਵਿਚ ਬੜਾ ਚਿਰ ਮੇਰਾ ਪਿੱਛਾ ਕੀਤਾ। ਉਹ ਚਵਾਨੀ ਵੀ ਪਹਿਲੇ ਦਿਨ ਹੀ ਨਾਲੀ ਲੰਘਦਿਆਂ ਮੇਰੀ ਜੇਬ ਵਿਚੋਂ ਕਿਤੇ ਡਿੱਗ ਪਈ ਸੀ ਅਤੇ ਇਸਦਾ ਪਤਾ ਵੀ ਮੈਨੂੰ ਸੱਚੇ ਸੌਦੇ ਕੈਂਪ ਵਿਚ ਜਾ ਕੇ ਲੱਗਾ। ਹੁਣ ਘਰ ਵਾਲਿਆਂ ਕੋਲ ਸਾਢੇ ਸੈਂਤੀ ਰੁਪਏ ਸਨ ਜਾਂ ਇਸ ਤਰ੍ਹਾਂ ਆਖ ਲਈਏ ਕਿ ਘਰੋਂ ਸਦਾ ਲਈ ਹਿਜ਼ਰਤ ਵੇਲੇ ਮੇਰੇ ਮਾਂ ਪਿਉ ਕੋਲ ਸਾਢੇ ਸੈਂਤੀ ਰੁਪਏ ਦੀ ਪੂੰਜੀ ਸੀ। ਇਹ ਉਸ ਵੇਲੇ ਜਦੋਂ ਇਸ ਅਣਡਿੱਠੇ ਅਣਕਿਆਸੇ ਸੰਕਟਮਈ ਸਮੁੰਦਰ ਵਿਚ ਅਗਲੇ ਕੰਢੇ ਜਾਂ ਮੰਜ਼ਿਲ ਮਕਸੂਦ ਦਾ ਥਹੁ-ਪਤਾ ਹੀ ਨਹੀਂ ਸੀ। ਉਡੀਕ ਕਰ ਰਹੀਆਂ ਬਿਪਤਾਵਾਂ ਦਾ ਤਾਂ ਪਤਾ ਸੀ ਪਰ ਉਨ੍ਹਾਂ ਦੀ ਤੀਬਰਤਾ ਦਾ ਬਿਲਕੁਲ ਕੋਈ ਗਿਆਨ ਨਹੀਂ ਸੀ।

ਮੇਰੀ ਮਾਨਸਿਕ ਅਵਸਥਾ ਦੀ ਬੜੀ ਮਾੜੀ ਹਾਲਤ ਸੀ। ਮੈਂ ਤੁਰਨ ਤੋਂ ਪਹਿਲਾਂ ਆਖਰੀ ਵਾਰ ਸਭ ਕੁਝ ਵੇਖਣਾ ਚਾਹੁੰਦਾ ਸੀ। ਜਾਨੇ, ਈਬੇ ਅਤੇ ਪਿਛੋਂ ਮੰਧ (ਮੁਹੰਮਦ ਅਲੀ) ਨੂੰ ਮਿਲ, ਨਹਿਰ ਦੇ ਪੁਲ ਤੇ ਗਿਆ ਜਿੱਥੇ ਗੱਡਿਆਂ ਅਤੇ ਲੋਕਾਂ ਵਿਚ ਕੂਚ ਕਰਨ ਦੀ ਤਿਆਰੀ ਵਿਚ ਹੱਲਚੱਲ ਸੀ, ਸਕੂਲੋਂ ਹੁੰਦਾ ਘਰ ਪਰਤਿਆ, ਅਤੇ ਘਰੋਂ ਫਿਰ ਆਪਣੀਆਂ ਪੈਲੀਆਂ ਜੋ ਪਿੰਡ ਦੀ ਲਾਲ ਫਿਰਨੀ ਤੇ ਹੀ ਸਨ, ਨੂੰ ਵੇਖਣ ਨੱਸ ਗਿਆ। ਸਭ ਲੋਕਾਂ ਵਾਂਗੂੰ ਮੈਨੂੰ ਵੀ ਨਿਰਾਸ਼ਤਾ ਨੇ ਆਣ ਨੱਪਿਆ। ਬਾਹਰਲਾ ਬੂਹਾ ਨਿਕਲਦਿਆਂ ਹੀ ਸਾਰਿਆਂ ਦੇ ਨਾਲ ਮੇਰੀਆਂ ਵੀ ਧਾਹਾਂ ਨਿਕਲ ਗਈਆਂ ਅਤੇ ਕੁਰਲਾਹਟ ਵਿਚ ਬਦਲ ਗਈਆਂ ਜੋ ਬਾਅਦ ਵਿਚ ਸਫਰ ਵਿਚ ਸਾਰਾ ਹੀ ਦਿਨ ਸਿਸਕੀਆਂ ਦੇ ਰੂਪ ਵਿਚ ਮੇਰੀ ਹਿਕੜੀ, ਗੱਲ੍ਹ ਅੱਖਾਂ ਅਤੇ ਨੱਕ ਥਾਣੀਂ ਵਹਿੰਦੀਆਂ ਰਹੀਆਂ। ਘਰੋਂ ਨਿਕਲਦਿਆਂ ਹੀ ਮੈਨੂੰ ਚੇਤਾ ਆਇਆ ਕਿ ਮੇਰੇ ਜਿੱਤੇ ਹੋਏ ਬੰਟਿਆਂ ਦੀ ਬਹੁਤ ਵੱਡੀ ਸਾਰੀ ਬੋਤਲ ਤੇ ਅੰਦਰ ਹੀ ਰਹਿ ਗਈ ਸੀ। ਮੈਂ ਨੱਸ ਕੇ ਉਹ ਲੈ ਆਇਆ ਅਤੇ ਆਪਣੇ ਤਾਇਆ ਜੀ ਦੇ ਗੱਡੇ ਤੇ ਗਾਢਾਂ ਥੱਲੇ ਧੱਕ ਦਿੱਤੀ। ਭਾਈ ਜੀ ਦਾਦੀ ਜੈਲਦਾਰਨੀ ਨੂੰ ਘਰੋਂ ਲੈ ਕੇ ਗੱਡੇ ਤੇ ਬਿਠਾਉਣ ਗਏ ਹੋਏ ਸਨ। ਆਖ਼ਰੀ ਵਾਰ ਘਰ ਅੰਦਰ ਗਏ ਅਤੇ ਬੜੇ ਹੀ ਉਦਾਸੀ ਦੇ ਹਾਲਤ ਵਿਚ ਰੋਂਦੇ ਹੋਏ ਘਰੋਂ ਬਾਹਰ ਨਿਕਲੇ। ਭਾਈਆ ਜੀ ਨੂੰ ਮੈਂ ਅੱਜ ਤੀਸਰੀ ਵਾਰੀ ਰੋਂਦਿਆਂ ਦੇਖਿਆ ਸੀ। ਪਹਿਲਾਂ ਮੇਰੇ ਤੋਂ 7 ਸਾਲ ਛੋਟੀ ਮੇਰੀ ਭੈਣ ਦੇ ਮਰਨ ਤੇ ਜਦੋਂ ਉਹ ਕਈ ਚਿਰਾਂ ਬਾਅਦ ਛੁੱਟੀ ਆਏ ਸਨ ਅਤੇ ਦੂਜੀ ਵਾਰੀ ਮੇਰੇ ਬਾਬੇ ਦੇ ਸੁਰਗਵਾਸ ਹੋਣ ਵੇਲੇ। ਪ੍ਰੰਤੂ ਅੱਜ ਦਾ ਵਿਰਲਾਪ ਆਪਣੇ ਹੀ ਕਿਸਮ ਦਾ ਸੀ ਜੋ ਸ਼ਾਇਦ ਹਾਲਾਤਾਂ ਵਿਚ ਅਗੇਰੀ ਬਿਪਤਾ, ਘਰੋਂ ਬਾਹਰੋਂ ਪੱਕੀ ਹਿਜ਼ਰਤ ਦੀ ਜਾਣਕਾਰੀ ਦੇ ਨਿਰਦਈ ਅਤੇ ਕੌੜੇ ਅਹਿਸਾਸਾਂ ਨਾਲ ਘੇਰੇ ਜਾਣ ਕਰਕੇ ਹੋਇਆ ਸੀ। ਹਾਲਾਤ ਬੜੇ ਕਰੁਣਾਮਈ ਸਨ। ਕੌਣ ਕਿਸ ਨੂੰ ਦਿਲਾਸਾ ਦੇਵੇ? ਸਾਰੇ ਤਾਂ ਧਾਈਂ ਮਾਰ-ਮਾਰ ਰੋਈ ਜਾਂਦੇ ਸਨ।

ਗੱਡੇ ਹੁਣ ਹੌਲੀ-ਹੌਲੀ ਰੁਮਕ ਰਹੇ ਸਨ। ਭਾਈ ਜੀ ਘੋੜੀ 'ਤੇ ਚੜ੍ਹਨ ਲੱਗੇ ਤੇ ਸਾਡੇ ਪਿੰਡ ਦਾ ਦੁਕਾਨਦਾਰ ਜਿਸ ਦਾ ਨਾਂ ਰਾਮ ਸਿੰਘ ਸੀ ਪਰ ਪਿੰਡ ਦੇ ਬੁੱਢੇ, ਜਵਾਨ, ਮਾਵਾਂ, ਨੂੰਹਾਂ, ਧੀਆਂ ਬੱਚੇ ਸਭ 'ਰਾਮ ਸ਼ਾਹ' ਹੀ ਕਹਿੰਦੇ ਹੁੰਦੇ ਸਨ। ਉਹ ਸੁਭਾਅ ਦਾ ਬੜਾ ਮਿੱਠ ਬੋਲੜਾ ਸੀ, ਉੱਚੀ ਸਾਰੀ ਆਵਾਜ਼ ਮਾਰ ਕੇ ਭਾਈ ਜੀ ਨੂੰ ਕਹਿਣ ਲੱਗਾ 'ਹਵਾਲਦਾਰਾ ਦੁਕਾਨ 'ਤੇ ਅੱਧੀ ਬੋਰੀ ਚੀਨੀ ਦੀ ਪਈ ਹੋਈ ਆ। ਉਹਨੂੰ ਕਿਸੇ ਗੱਡੇ 'ਤੇ ਰੱਖ ਲਈਏ। ਰਾਹ ਵਿਚ ਕਿਤੇ ਦੁੱਖ-ਸੁੱਖ ਵੇਲੇ ਕੰਮ ਆਊ। ਭਾਈਆ ਜੀ ਨੇ ਅੱਖਾਂ ਪੂੰਝਦਿਆਂ ਆਖਿਆ 'ਛੱਡ ਪਰਾਂ ਚਾਚਾ ਜੀ ਜਦੋਂ ਸਭ ਕੁਝ ਇਥੇ ਹੀ ਛੱਡ ਚੱਲੇ ਹਾਂ ਤਾਂ ਚੀਨੀ

ਨੂੰ ਕੀ ਕਰਨਾ ਹੈ।' ਸਾਰੇ ਤਾਂ ਗੱਡੇ ਤੁੰਨ-ਤੁੰਨ ਲੱਦੇ ਹੋਏ ਹਨ। ਕੀਹਦੇ ਗੱਡੇ 'ਤੇ ਚੀਨੀ ਨੂੰ ਰੱਖੀਏ? ਸ਼ਾਹ ਜੀ ਨੇ ਭਾਈਆ ਜੀ ਨੂੰ ਡੋਲਿਆ ਵੇਖ ਕੇ ਫਿਰ ਕਿਹਾ, "ਫੌਜੀਆ ਹੌਸਲਾ ਰੱਖ ਤੂੰ ਤੇ ਦੁਨੀਆਂ ਦੱਖਣ ਘੁੰਮਿਆ ਹੈ, ਤੂੰ ਕਈ ਵਰ੍ਹੇ ਜਰਮਨ ਵਾਲੀ ਜੰਗ ਵੀ ਲੜੀ ਹੈ। ਲੋਕਾਂ ਨੂੰ ਲੁੱਟਦਿਆਂ ਮਰਦਿਆਂ ਭੱਜਦਿਆਂ ਬਰਬਾਦ ਹੁੰਦਿਆ ਵੇਖਿਆ ਹੈ। ਜੇ ਤੂੰ ਹੀ ਹੌਸਲਾ ਢਾਹ ਦਿੱਤਾ ਤਾਂ ਸਾਡੇ ਵਰਗਿਆਂ ਦਾ ਕੀ ਬਣੂੰ? ਦੇਖ ਮੈਂ ਵੀ ਅਜੇ ਮੁੱਛ ਫੁੱਟ ਦੀ ਵਰੇਸ ਵਿਚ ਭਾਊ ਸੂਬਾ ਸਿੰਘ (ਮੇਰਾ ਬਾਬਾ) ਹੁਰਾਂ ਨਾਲ ਖਾਲੀ ਹੱਥੀਂ ਪਿਛਲੇ ਪਿੰਡੋਂ ਇਥੇ ਬਾਰ ਵਸਣ ਵੇਲੇ ਆਇਆ ਸਾਂ ਅਤੇ ਇਥੇ ਹੱਟੀ ਕੱਢ ਲਈ ਸੀ ਅਤੇ ਰੋਟੀ ਪਾਣੀ ਚੱਲਦਾ ਰਿਹਾ। ਹੁਣ ਵੀ 10, 15 ਸੇਲ ਦੀ ਇਕ ਬੁਚਕ ਲੈ ਕੇ ਹੀ ਤੁਰ ਰਿਹਾ ਹਾਂ। ਰੱਬ ਅੱਗੇ ਆਪ ਵਸੀਲਾ ਕਰੂ। ਦੋਵੇਂ ਹੱਥ ਕਾਇਮ ਰਹਿਣ। ਰੱਬ ਤੇ ਆਸਾਂ ਰੱਖ। ਤੇਰੇ ਵਡੇਰੇ ਤੇ ਗੱਡੇ ਅਤੇ ਮਾਲ ਡੰਗਰ ਲੈ ਕੇ ਆਏ ਸੀ। ਤੇਰੇ ਤੇ ਸਾਰਿਆਂ ਨੂੰ ਬੜਾ ਮਾਣ ਏ। ਹੌਂਸਲਾ ਨਾ ਛੱਡ।" ਕੁਝ ਸੋਚ ਕੇ ਭਾਈ ਜੀ ਨੇ ਮੈਨੂੰ ਸੰਬੋਧਨ ਕਰਦਿਆਂ ਆਖਿਆ 'ਹਰਚਰਨ ਜਾ ਭਾਊ ਲਛਮਣ ਸਿੰਘ ਦਾ ਮਾਲੀ ਆਪਣੀ ਹਵੇਲੀ ਵੱਲ ਥੱਲੇ ਬੱਧਾ ਈ ਉਹਨੂੰ ਖੋਲ੍ਹ ਲਿਆ ਨਾਲ ਹੀ ਰਾਮ ਸ਼ਾਹ ਨੂੰ ਸੰਬੋਧਨ ਕਰਦਿਆਂ ਕਿਹਾ, 'ਚਾਚਾ ਜੀ ਮੁੰਡਾ ਮਾਲੀ ਲਿਆਉਂਦਾ ਏ ਤੇ ਇਹਨੂੰ ਨਾਲ ਲੈ ਜਾਉ ਅਤੇ ਮਾਲੀ ਤੇ ਚੀਨੀ ਵਾਲੀ ਬੋਰੀ ਰੱਖ ਲਵੋ। ਤੁਹਾਨੂੰ ਤੇ ਪਤਾ ਹੈ ਕਿ ਮੈਂ ਮੁੰਡਿਆਂ ਨੂੰ ਨਾਲ ਲੈ ਕੇ ਸਾਰੇ ਗੱਡਿਆਂ ਦੀ ਅੱਗੋਂ ਪਿੱਛੋਂ ਰਾਖੀ ਕਰਨੀ ਹੈ। ਇਹ ਕਹਿ ਉਹ ਘੋੜੀ ਤੇ ਬੈਠ ਉਥੋਂ ਚਲੇ ਗਏ। ਮੈਂ ਮਾਲੀ ਨੂੰ ਲੈ ਦੁਕਾਨ ਤੋਂ ਚੀਨੀ ਵਾਲੀ ਬੋਰੀ ਨੂੰ ਖੋਤੀ ਦੀ ਛੱਟ ਵਾਂਗੂੰ ਮਾਲੀ ਦੇ ਪਿੰਡੇ ਤੇ ਦੋਵੀਂ ਪਾਸੀ ਲਟਕਾ ਅਤੇ ਉਸਨੂੰ ਘੋੜੀ ਦੀ ਕਾਠੀ ਤੇ ਤੰਗ ਵਾਂਗੂੰ ਰਾਮਸ਼ਾਹ ਦੀਆਂ ਦੋ ਪੱਗਾਂ ਨਾਲ ਘੁੱਟ ਕੇ ਬੰਨ੍ਹਵਾ ਲਿਆ ਤਾਂ ਜੋ ਬੋਰੀ ਮਾਲੀ ਦੇ ਪਿੰਡੇ ਤੇ ਟਿਕੀ ਰਵੇ। ਮਾਲੀ ਨੂੰ ਨੱਥੋਂ ਫੜ ਘਰ ਵਾਲੇ ਪਾਸੇ ਨੂੰ ਤੁਰ ਆਇਆ। ਠੱਠੀ ਤੋਂ ਗੋਹਾ ਕੂੜਾ ਕਰਨ ਵਾਲੀਆਂ ਕਈ ਸਾਰੀਆਂ ਜ਼ਨਾਨੀਆਂ ਧਾਈਂ ਮਾਰਦੀਆਂ ਸਾਡੇ ਪਰਿਵਾਰ ਨੂੰ ਤੋਰਨ ਆਈਆਂ। ਕਈ ਬਹੁਤ ਉੱਚੀ-ਉੱਚੀ ਵਿਰਲਾਪ ਕਰਦੀਆਂ ਆਖ ਰਹੀਆਂ ਸਨ ਕਿ ਤੁਸੀਂ ਚਲੇ ਚੱਲੇ ਹੋ ਤਾਂ ਸਰਦਾਰੋ ਸਾਡਾ ਕੀ ਬਣੇਗਾ। ਅਸੀਂ ਤਾਂ ਤੁਹਾਡੇ ਆਸਰੇ ਹੀ ਦਿਨ ਕੱਟੀ ਕਰਦੇ ਸਾਂ। ਇਹ ਤਾਂ ਪਰਲੋ ਆ ਗਈ ਹੈ। ਭਾਬੀ ਦੀ ਭੈਣ ਬਣੀ ਕਰਤਾਰੀ (ਜੋ ਸਾਡਾ ਗੋਹਾ ਕੂੜਾ ਕਰਦੀ ਸੀ) ਨੂੰ ਵਿਹੜੇ ਲਿਜਾ ਕੇ ਕਿਹਾ ਜੋ ਜੀ ਕਰਦਾ ਈ ਭੈਣ ਕਰਤਾਰੀਏ ਲੈ ਜਾ ਚੁੱਕ ਕੇ ਪੁੱਤੂ ਭਾਬੀ ਵਾਂਗੂੰ ਹੀ ਕਰਤਾਰੀ ਵੀ ਖਾਲੀ ਹੱਥੀਂ ਧਾਈਂ ਮਾਰਦੀ ਬਾਹਰ ਆ ਗਈ, ਉਸ ਕਿਸੇ ਵੀ ਸ਼ੈਅ ਨੂੰ ਹੱਥ ਨਾ ਲਾਇਆ। ਪਿੰਡ ਦੇ ਸਾਰੇ ਘਰੀਂ ਇਹੋ ਹੀ ਹਾਲ ਸੀ।

ਹੁਣ ਗੱਡੇ ਸਰਕਣੇ ਸ਼ੁਰੂ ਹੋ ਗਏ ਸਨ। ਅਸੀਂ ਸਾਰੇ ਹੀ ਰੋਂਦੇ ਕੁਰਲਾਉਂਦੇ ਵੱਡੇ ਬਜ਼ਾਰ ਥਾਣੀਂ ਅਗਲੇ ਬਿਖੜਿਆਂ ਰਾਹਾਂ ਨੂੰ ਚਾਲੇ ਪਾਏ। ਉਹਨੀਂ ਰਾਹੀਂ ਜਿਹਨਾਂ ਦਾ ਕੋਈ ਥਹੁ ਪਤਾ ਹੀ ਨਹੀਂ ਸੀ ਅਤੇ ਨਾ ਹੀ ਇਹ ਪਤਾ ਸੀ ਕਿ ਅਸਾਂ ਜਾਣਾ ਕਿੱਥੇ ਹੈ? ਕਿਹੜੇ ਰਾਹੀਂ ਜਾਣਾ ਹੈ? ਮੰਜ਼ਿਲੇ-ਮਕਸੂਦ ਬਿਲਕੁਲ ਧੁੰਧਲਾਕੀ ਹੈ। ਸਾਡੀ ਸਾਰਿਆਂ ਦੀ ਹਾਲਤ ਸਮੁੰਦਰੀ ਜਹਾਜ਼ ਵਿਚੋਂ ਡਿੱਗੇ ਯਾਤਰੀਆਂ ਵਰਗੀ ਸੀ। ਜਿੱਥੇ ਜਿਉਂਦੇ ਰਹਿਣ ਦੀ ਤਾਂ ਚਾਹਤ ਸੀ ਪਰ ਚਾਰ ਚੁਫੇਰੇ ਸਮੁੰਦਰ ਦਾ ਨੀਲਾ ਪਾਣੀ ਅਤੇ ਉਸ ਵਿਚ ਅਨੇਕਾਂ ਮਨੁੱਖ ਮਾਰੂ ਜੀਵ-ਜੰਤੂ। ਗੱਡਿਆਂ ਦਾ ਸਰਕਣਾ ਨਗਾਰੇ ਦੀ ਚੋਟ ਅਤੇ ਬੋਲੇ ਸੋ ਨਿਹਾਲ ਨਾਲ ਸ਼ੁਰੂ ਹੋਇਆ। ਪਤਾ ਨਹੀਂ ਇਹ 'ਸੋ ਨਿਹਾਲ' ਕਾਹਦਾ ਸੀ ਜਦੋਂ ਸਭ ਕੁਝ ਛੱਡ ਛੁਡਾ ਕੇ ਦੇਸ ਨਿਕਾਲਾ ਹੋ ਰਿਹਾ ਸੀ ਅਤੇ ਅੱਗੇ ਕਿੱਥੇ ਜਾਣਾ ਹੈ, ਸਾਡੀ ਮੰਜ਼ਿਲ ਕਿੱਥੇ ਹੈ,ਕੋਈ ਪਤਾ ਨਹੀਂ ਸੀ। ਫਿਰ ਵੀ ਅਚੇਤ ਵਿਚ 'ਸੋ ਨਿਹਾਲ ਸੱਤ ਸ੍ਰੀ ਅਕਾਲ' ਦੇ ਜੈਕਾਰੇ ਛੱਡੇ ਗਏ। ਸਾਡਾ ਘਰ ਪਿੰਡ ਦੇ ਲਹਿੰਦੇ ਵੱਲ ਸੀ ਅਤੇ ਅਸਾਂ ਸਾਰਾ ਪਿੰਡ ਲੰਘ ਚੜ੍ਹਦੇ ਵੱਲ ਨੂੰ ਜਾਣਾ ਸੀ। ਪਿੰਡ ਲੰਘਦਿਆਂ ਮੈਂ ਹਰ ਘਰ ਨੂੰ ਬੜੇ ਗਹੁ ਅਤੇ ਹਸਰਤ ਨਾਲ ਵੇਖ ਰਿਹਾ ਹਾਂ। ਅੱਖਾਂ ਵਿਚੋਂ ਚੋ ਰਹੇ ਅੱਥਰੂਆਂ ਕਾਰਨ ਹਰ ਸ਼ੈਅ ਧੁੰਦਲੀ ਹੀ ਦਿਸਦੀ ਸੀ। ਪਿੰਡੋਂ ਬਾਹਰ ਵਾਲੇ ਪਾਸੇ ਨੂਰੇ ਤੇਲੀ ਅਤੇ ਖੇਰੂ ਮੋਚੀ ਦਾ ਘਰ ਸੀ। ਜੋ ਆਪ ਤਾਂ ਮਰ ਚੁੱਕੇ ਸਨ ਪਰ ਉਨ੍ਹਾਂ ਦਾ ਪਰਿਵਾਰ ਸਾਡੀ ਹਿਜ਼ਰਤ ਨੂੰ ਵੇਖ ਧਾਈਂ ਮਾਰ-ਮਾਰ ਰੋ ਰਹੇ ਸਨ।

ਅਚਨਚੇਤ ਗੱਡੇ ਖਲੋ ਗਏ ਜਿਵੇਂ ਵੱਡੇ ਸ਼ਹਿਰਾਂ ਵਿਚ ਟ੍ਰੈਫਿਕ ਜਾਮ ਹੋ ਜਾਂਦਾ ਹੈ, ਇਸ ਤਰ੍ਹਾਂ ਹੀ ਹੋਇਆ। ਇਹ ਸਭ ਕੁਝ ਕਿਉਂ ਖੜੋ ਗਿਆ ਕੋਈ ਪਤਾ ਨਹੀਂ। ਅੰਤ ਨੂੰ ਪਤਾ ਲੱਗ ਕਿ 20-25 ਗੱਡੇ ਲੰਘਣ ਪਿੱਛੋਂ ਪਹੇ ਜੋ ਮੀਂਹ ਕਰਕੇ ਗਿੱਲਾ ਸੀ ਵਿਚ ਖੋਭਾ ਹੋ ਗਿਆ ਸੀ ਅਤੇ ਅੱਗੇ ਬਲਦ ਅਤੇ ਗੱਡੇ ਜ਼ਮੀਨ ਵਿਚ ਖੁੱਭਦੇ ਗਏ ਸਨ। ਇਸ ਲਈ ਹੁਣ ਇਸ ਰਾਹ ਅੱਗੇ ਜਾਣਾ ਔਖਾ ਸੀ। ਲੋਕਾਂ ਨੇ ਘਰਾਂ ਵਿਚੋਂ ਲੱਕੜ ਦੇ ਫੱਟੇ ਅਤੇ ਇੱਟਾਂ ਵੱਟੇ ਲਿਆ ਕੇ ਪਹੇ ਵਿਚ ਸੁੱਟੇ ਪੁੱਤੂ ਫਿਰ ਵੀ ਦਸ ਕੁ ਗੱਡੇ ਹੀ ਹੋਰ ਬੜੀ ਮੁਸ਼ਕਿਲ ਨਾਲ ਉਹ ਜਿਲ੍ਹਣ ਲੰਘ ਸਕੇ ਅਤੇ ਫਿਰ ਰਾਹ ਬੰਦ ਹੋ ਗਿਆ। ਬਹੁਤ ਵੱਡੀ ਗਿਣਤੀ



ਵਿਚ ਗੱਡੇ ਉਥੇ ਹੀ ਛੱਡਣੇ ਪਏ ਅਤੇ ਲੋਕੀਂ ਖਾਲੀ ਹੱਥੀਂ ਇਕ ਅੱਧ ਗੱਠੜੀ ਸਿਰ ਤੇ ਚੁੱਕ ਅੱਗੇ ਨੂੰ ਤੁਰ ਪਏ। ਜ਼ਮੀਨਾਂ ਅਤੇ ਸਾਮਾਨ ਤਾਂ ਉਹ ਪਹਿਲਾਂ ਹੀ ਪਿੰਡੀਂ ਥਾਏਂ ਛੱਡ ਆਏ ਸਨ ਅਤੇ ਜੋ ਲੋੜੀਂਦਾ ਸਾਮਾਨ ਗੱਡਿਆਂ 'ਤੇ ਲੱਦੇ ਉਹ ਲੈ ਕੇ ਆਏ ਸਨ, ਉਹ ਇਥੇ ਨਾਲੀ ਵਾਲੀ ਜਿੱਲ੍ਹਣ ਦੀ ਭੇਟ ਚੜ੍ਹ ਗਿਆ। ਬਹੁਤੇ ਲੋਕਾਂ ਆਪਣੇ ਗੱਡੇ ਹੌਲੇ ਕਰਨ ਲਈ ਆਪਣਾ ਸਮਾਨ ਥੱਲੇ ਸੁੱਟ ਦਿੱਤਾ ਤਾਂ ਜੁ ਹੌਲੇ ਭਾਰ ਨਾਲ ਇਹ ਜਿੱਲ੍ਹਣ ਦੀ ਮੁਸੀਬਤ ਨੂੰ ਲੰਘ ਸਕਣ ਅਤੇ ਬਾਕੀ ਰਹਿੰਦੇ ਗੱਡਿਆਂ ਦਾ ਰਾਹ ਬਦਲਕੇ ਡਿਪਟੀ ਵਾਲੀ ਥਾਣੀ ਚਾਲੇ ਪਾਏ ਗਏ। ਇਸ ਨਾਲ ਦੋ ਕੋਹਾਂ ਦਾ ਵਲ ਪੈਂਦਾ ਸੀ ਪਰ ਬਾਕੀ ਗੱਡੇ ਸੁਰੱਖਿਅਤ ਨਾਲੀ ਅਤੇ ਲਾਗਦੀ ਜਿਲ੍ਹਣ ਲੰਘ ਗਏ। ਮੈਂ ਵੀ ਮਾਲੀ ਦੀ ਨੱਥ ਫੜੀ ਨਾਲੀ ਅਤੇ ਉਸ ਤੋਂ ਪਹਿਲਾਂ ਟਿੱਬੇ ਵਾਲੀ ਜਿੱਲ੍ਹਣ ਤੋਂ ਨਿਕਲਣ ਦਾ ਰਾਹ ਲੱਭ ਰਿਹਾ ਸਾਂ। ਮੇਰੇ ਤਾਇਆਂ ਚਾਚਿਆਂ ਦੇ ਵੀ ਕੁਝ ਗੱਡੇ ਉਥੇ ਹੀ ਰਹਿ ਗਏ ਅਤੇ ਸਾਡਾ ਵੀ ਲੱਦਿਆ ਹੋਰ ਸਾਰਾ ਸਮਾਨ ਉਥੇ ਹੀ ਰਹਿ ਗਿਆ। ਭਾਬੀ ਨੇ ਸਿਰਫ਼ ਇਕ ਗੰਢ ਜਿਸ ਵਿਚ ਦੋ ਕੰਬਲ ਇਕ ਸਟੋਪ ਅਤੇ ਹੋਰ ਦੋ ਤਿੰਨ ਚੀਜ਼ਾਂ ਸਨ, ਸਿਰ ਤੇ ਚੁੱਕ ਲਈ ਅਤੇ ਛੋਟਾ ਬੱਚਾ (ਇਕਬਾਲ) ਜੋ ਉਸ ਵੇਲੇ 9 ਮਹੀਨਿਆਂ ਦਾ ਸੀ, ਢਾਕੇ ਲਾ ਕੇ ਇਕ ਖਾਲ ਦੀ ਵੱਟੋ-ਵੱਟ ਪਏ ਅੱਗੇ ਤੁਰ ਪਈ। ਉਹ ਮਸਾਂ ਪੈਲੀ ਕੁ ਵਾਟ ਤੁਰੀ ਸੀ ਕਿ ਉਸਦੇ ਘੁੰਡ ਕੱਢੇ ਕਾਰਨ ਉਹਦਾ ਵੱਟ ਤੋਂ ਪੈਰ ਤਿਲਕ ਗਿਆ ਅਤੇ ਉਹ ਗੰਢ ਅਤੇ ਬਾਲ ਸਮੇਤ ਲੱਕ ਤੱਕ ਭੌਂ ਵਿਚ ਖੁੱਭ ਗਈ। ਘੁੰਡ ਉਸ ਤਾਇਆ ਜੀ ਧਿਆਨ ਸਿੰਘ ਤੋਂ ਕੱਢਿਆ ਹੋਇਆ ਸੀ। ਜੋ ਅੱਗੇ-ਅੱਗੇ ਜਾ ਰਹੇ ਸਨ। ਮੈਂ ਵੀ ਮਾਲੀ ਅਤੇ ਆਪਣੇ ਛੋਟੇ ਭਰਾ ਬਲਦੇਵ ਜੋ ਉਸ ਵੇਲੇ ਤਿੰਨ ਸਾਲ ਦਾ ਸੀ ਅਤੇ ਜਿਸਨੂੰ ਮਾਲੀ ਦੀ ਪਿੱਠ ਤੇ ਬਿਠਾ ਲਿਆ ਹੋਇਆ ਸੀ, ਨੂੰ ਲੈ ਕੇ ਉਨ੍ਹਾਂ ਦੇ ਪਿੱਛੇ-ਪਿੱਛੇ ਜਾ ਰਿਹਾ ਸਾਂ। ਤਾਇਆ ਜੀ ਨੇ ਲੱਕੋਂ ਫੜ ਭਾਬੀ ਨੂੰ ਬਾਹਰ ਕੱਢਿਆ। ਭਾਬੀ ਦੇ ਸਾਰੇ ਹੀ ਕੱਪੜੇ ਗਿੱਲੀ ਮਿੱਟੀ ਨਾਲ ਲਿੱਬੜ ਗਏ ਸਨ। ਉਹਨੇ ਛੇਤੀ ਨਾਲ ਸਭ ਤੋਂ ਪਹਿਲਾਂ ਘੁੰਢ ਕੱਢਣ ਦਾ ਯਤਨ ਕੀਤਾ। ਪਰ ਤਾਇਆ ਜੀ ਨੇ ਉਹਨੂੰ ਆਖਿਆ 'ਗੁਰਨਾਮ ਕੌਰੇ ਤੂੰ ਬਾਲ ਨੂੰ ਚੁੱਕੇ, ਘੁੰਡ ਹੁਣ ਰਹਿਣ ਦੇ ਪਤਾ ਨਹੀਂ ਅੱਗੇ ਅਸਾਂ ਕਿਹੜੀਆਂ-ਕਿਹੜੀਆਂ ਔਕੜਾਂ ਦਾ ਸਾਹਮਣਾ ਕਰਨਾ ਹੈ ਨਹੀਂ ਤਾਂ ਫਿਰ ਤੂੰ ਤਿਲਕੇਗੀ।' ਭਾਬੀ ਜੀ ਨੇ ਬਾਲੇ ਨੂੰ ਢਾਕੇ ਲਾਇਆ ਅਤੇ ਸਿਰ 'ਤੇ ਰੱਖ ਅੱਗੇ ਨੂੰ ਚਾਲੇ ਪਾ ਦਿੱਤੇ। ਮੈਂ ਮਾਲੀ ਨੂੰ ਪਿੱਛੇ ਮੋੜ ਹੋਰ ਰਾਹ ਥਾਣੀਂ ਜਿੱਲ੍ਹਣ ਵਾਲਾ ਰਾਹ ਪਾਰ ਕੀਤਾ। ਹੁਣ ਵਾਹਵਾ ਦਿਨ ਚੜ੍ਹ ਆਇਆ ਸੀ ਅਤੇ ਗਰਮੀ ਅਤੇ ਹੁੱਸੜ ਹੋ ਗਿਆ ਸੀ। ਮਾਲੀ ਵੀ ਘਰਕਣ ਲੱਗ ਪਿਆ ਸੀ। ਉਹ ਗਰਮੀ ਕਰਕੇ ਤੰਗ ਵੀ ਕਰ ਰਿਹਾ ਸੀ। ਮੈਂ ਇਕ ਹੱਥ ਮਾਲੀ ਦੀ ਨੱਥ ਫੜੀ ਹੋਈ ਸੀ ਅਤੇ ਦੂਸਰੇ ਨਾਲ ਮਾਲੀ ਉੱਤੇ ਬੈਠੇ ਆਪਣੇ ਛੋਟੇ ਭਰਾ ਬਲਦੇਵ ਦੀ ਲੱਤ ਤਾਂ ਜੋ ਕਿਤੇ ਉਹ ਥੱਲੇ ਨਾ ਡਿੱਗ ਪਵੇ। ਸੜਕ ਸ਼ੇਖ ਵਾਲੇ ਤੋਂ ਲਾਗੇ ਦੀ ਲੰਘਦੀ ਜਰਨੈਲੀ ਸੜਕ ਜੋ ਖਾਨਗਾਹ ਡੋਗਰਾਂ ਤੋਂ ਨਨਕਾਣਾ ਸਾਹਿਬ ਅਤੇ ਅੱਗੇ ਜਾਂਦੀ ਸੀ ਤੇ ਸਾਨੂੰ ਰੁਕਣ ਲਈ ਕਿਹਾ ਗਿਆ ਤਾਂ ਜੋ ਨਾਲੀ ਅਤੇ ਜਿੱਲ੍ਹਣ ਵਾਲੀ ਬਿਪਤਾ ਨਾਲ ਖਿੰਡੇ ਪੁੰਡੇ ਲੋਕ ਅਤੇ ਥੋੜ੍ਹੇ ਬਹੁਤ ਬਚੇ ਹੋਏ ਗੱਡੇ ਇਕੱਠੇ ਹੋ ਸਕਣ। ਘੰਟੇ ਤੋਂ ਪਿੱਛੋਂ ਫਿਰ ਅੱਗੇ ਨੂੰ ਚਾਲੇ ਪਾ ਗਏ। ਹੁਣ ਗਰਮੀ ਅਤੇ ਹੁੰਮਸ ਸਿਖ਼ਰਾਂ ਤੇ ਸੀ। ਆਪਣੇ ਪਿੰਡੋਂ ਦੋ-ਤਿੰਨ ਕੋਹ ਦੀ ਵਿੱਥ 'ਤੇ ਜਦੋਂ ਅਸੀਂ ਸੇਠਵਾਲੇ ਕੋਲੋਂ ਦੀ ਲੰਘ ਰਹੇ ਸਾਂ ਤਾਂ ਘਰਕਦਾ ਹੋਇਆ ਮਾਲੀ ਪੂਰਾ ਜ਼ੋਰ ਲਾ ਕੇ ਛੱਪੜ ਵਿਚ ਵੜ ਗਿਆ। ਮੈਂ ਪੂਰੇ ਜ਼ੋਰ ਨਾਲ ਉਸਦੀ ਨੱਥ ਵੀ ਖਿੱਚੀ ਅਤੇ ਇਸੇ ਹੀ ਖਿੱਚੋਤਾਣੀ ਵਿਚ ਬਲਦੇਵ ਵੀ ਮਾਲੀ ਤੋਂ ਥੱਲੇ ਡਿੱਗ ਪਿਆ। ਮਾਲੀ ਮੈਨੂੰ ਵੀ ਛੱਪੜ ਵਿਚ ਖਿੱਚ ਕੇ ਲੈ ਗਿਆ। ਮਾਲੀ ਦੀ ਪਿੱਠ ਤੇ ਲੱਦੀ ਖੰਡ ਵਾਲੀ ਬੋਰੀ ਵੀ ਭਿੱਜ ਗਈ। ਬੜੇ ਔਖੇ ਹੋ ਕੇ ਮਾਲੀ ਨੂੰ ਛੱਪੜ ਵਿਚੋਂ ਬਾਹਰ ਕੱਢਿਆ। ਲੋਕ ਜਿਨ੍ਹਾਂ ਦੀਆਂ ਰੋ-ਰੋ ਅੱਖਾਂ ਲਾਲ ਹੋਈਆਂ ਸਨ, ਇਹ ਵੇਖ ਕੁਝ ਸਮੇਂ ਲਈ ਆਪਣੇ ਆਪ ਵਾਪਰ ਰਹੇ ਸਾਰੇ ਕੌਤਕ ਭੁੱਲ ਗਏ ਅਤੇ ਖਿੜ-ਖਿੜ ਹੱਸਣ ਲੱਗ ਪਏ। ਕਈਆਂ ਵਾਜਾਂ ਮਾਰ-ਮਾਰ ਮੈਨੂੰ ਟਿੱਚਰਾਂ ਵੀ ਕੀਤੀਆਂ। ਕਈ ਉੱਚੀ ਉੱਚੀ ਕਹਿ ਰਹੇ ਸਨ "ਹਵਾਲਦਾਰ ਦੇ ਮੁੰਡੇ ਨੇ ਛਬੀਲ ਲਾਈ ਹੈ। ਛੇਤੀ ਕਰੋ ਪੀ ਲਉ। ਮੈਂ ਇਸ ਸਾਕੇ ਕਰਕੇ ਬਹੁਤ ਡਰ ਰਿਹਾ ਸਾਂ ਕਿ ਮੈਨੂੰ ਬੁਰਾ ਭਲਾ ਆਖਿਆ ਜਾਵੇਗਾ। ਕਿਉਂ ਜੋ ਮੈਂ ਮਾਲੀ ਨੂੰ ਵੀ ਸੰਭਾਲ ਨਹੀਂ ਸੀ ਸਕਿਆ। ਬੋਰੀ ਮਾਲੀ ਦੀ ਪਿੱਠ ਤੋਂ ਖੋਲ੍ਹ ਅਤੇ ਛੋਟੇ ਭਰਾ ਨੂੰ ਉਸ ਉੱਤੇ ਲੱਦ ਅੱਗੇ ਨੂੰ ਚਾਲੇ ਪਾਏ। ਦੁਪਹਿਰ ਵੇਲੇ ਗੱਡੇ ਅਤੇ ਪੈਦਲ ਲੋਕ ਜੋ ਹੁਣ ਇਕ ਕਾਫਲਾ ਬਣ ਚੁੱਕਿਆ ਸੀ, ਕੜਿਆਲ ਪਹੁੰਚਿਆ। ਕੜਿਆਲ ਵਿਰਕ ਸਿੱਖ ਜੱਟਾਂ ਅਤੇ ਮੁਸਲਮਾਨਾਂ ਦੀ ਸਾਂਝੀ ਗੋਤ ਦਾ ਦਰਮਿਆਨਾ ਪਿੰਡ ਸੀ। ਸਾਡਾ ਕਾਫਲਾ ਉਥੇ ਅਪੜਨ ਤੋਂ ਪਹਿਲਾਂ ਹੀ ਸਿੱਖ ਉਥੋਂ ਜਾ ਚੁੱਕੇ ਸਨ ਅਤੇ ਹੁਣ ਉਥੇ ਸਿਰਫ਼ ਮੁਸਲਮਾਨ ਵਿਰਕ ਹੀ ਪਿੰਡ ਵਿਚ ਸਨ। ਕਾਫਲੇ ਨੇ ਇਥੇ ਰੋਟੀ ਖਾਣ ਦਾ ਪ੍ਰੋਗਰਾਮ ਬਣਾਇਆ। ●

# ਰਾਜਨੀਤਕ ਨਾਵਲ 'ਭਾਊ' ਇਕ ਆਲੋਚਨਾਤਮਕ ਅਧਿਐਨ

ਬੋਧ ਸਿੰਘ ਘੁੰਮਣ

ਸ੍ਰੀ ਦਰਸ਼ਨ ਸਿੰਘ ਵਲੋਂ ਲਿਖਿਆ ਗਿਆ ਨਾਵਲ 'ਭਾਊ' ਇਕ ਅਜਿਹੇ ਕਮਿਊਨਿਸਟ ਆਗੂ, ਕਰਮ ਸਿੰਘ ਕਿਰਤੀ, ਦੀ ਕਾਰਜਸ਼ੈਲੀ ਦੀ ਕਹਾਣੀ ਹੈ, ਜੋ ਕੁੱਲ ਹਿੰਦ ਮਾਰਕਸੀ ਪਾਰਟੀ ਦਾ ਮੁੱਖ ਸਕੱਤਰ ਦੱਸਿਆ ਗਿਆ ਹੈ। ਲੇਖਕ ਅਨੁਸਾਰ ਇਹ ਕਹਾਣੀ 29 ਫਰਵਰੀ 2004 ਨੂੰ ਭਾਰਤ 'ਚ ਆਮ ਚੋਣਾਂ ਦਾ ਐਲਾਨ ਹੋਣ ਦੇ ਸਮੇਂ ਤੋਂ ਲੈ ਕੇ 13 ਮਈ 2004 ਨੂੰ ਉਹਨਾਂ ਚੋਣਾਂ ਦੇ ਨਤੀਜੇ ਨਿਕਲਣ ਤੱਕ ਦੇ ਸਮੇਂ ਭਾਵ 10 ਕੁ ਹਫਤਿਆਂ ਦੀ ਕਹਾਣੀ ਹੈ। ਇਨ੍ਹਾਂ ਚੋਣਾਂ ਅੰਦਰ, 88 ਵਰ੍ਹਿਆਂ ਦੇ ਇਸ ਰਾਜਨੀਤੀਵਾਨ ਦੀਆਂ ਸਰਗਰਮੀਆਂ ਦਾ ਵਰਨਣ ਹੈ, ਜਿਹਨਾਂ ਨਾਲ ਉਹ ਆਪਣੇ 'ਉਦਮ', 'ਮਿਹਨਤ' ਤੇ 'ਕਾਬਲੀਅਤ' ਸਦਕਾ ਅਜਿਹਾ ਜੋੜ-ਤੋੜ ਕਰਦਾ ਹੈ ਕਿ ਅਸੰਭਵ ਨੂੰ ਸੰਭਵ ਬਣਾ ਦਿੰਦਾ ਹੈ। ਦੇਸ਼ ਅੰਦਰ 5 ਵਰ੍ਹਿਆਂ ਤੱਕ ਰਾਜ ਕਰ ਚੁੱਕੀ ਭੱਗਵੀਂ ਪਾਰਟੀ ਦੁਬਾਰਾ ਸੱਤਾ ਹਥਿਆਉਣ ਲਈ ਯਤਨ ਕਰ ਰਹੀ ਸੀ; ਐਪਰ ਲੇਖਕ ਅਨੁਸਾਰ, ਸਿਆਸਤ ਦੇ ਇਸ 'ਪਿਤਾਮੇ'/'ਰਿਸ਼ੀ'/'ਗੁਰਦੇਵ'/'ਕਿੰਗ ਮੇਕਰ' ਤੇ 'ਭਾਰਤੀ ਸਿਆਸਤ ਦੇ ਮਹਾਂ-ਘੁਲਾਟੀਏ' ਨੇ ਐਸੇ 'ਦਾਅ ਪੇਚ' ਘੜੇ, ਐਸਾ ਧੋਬੀ ਪਟਕਾ ਮਾਰਿਆ ਕਿ ਇਕੱਲੇ ਨੇ ਭੱਗਵੀਂ ਪਾਰਟੀ (ਬੀ.ਜੇ.ਪੀ.) ਨੂੰ ਹਰਾ ਦਿੱਤਾ ਤੇ ਰਾਸ਼ਟਰ ਪਾਰਟੀ (ਕਾਂਗਰਸ ਪਾਰਟੀ) ਦੀ ਅਗਵਾਈ ਵਾਲੇ ਮੋਰਚੇ ਨੂੰ ਜਿਤਾ ਕੇ ਦੇਸ਼ ਦੀ ਗੱਦੀ 'ਤੇ ਬਿਠਾ ਦਿੱਤਾ। ਇਹ ਰਾਜਸੀ ਕਰਾਮਾਤ ਉਸ ਨੇ 10 ਹਫਤਿਆਂ ਵਿਚ 'ਦਿਨ ਰਾਤ ਕੰਮ ਕਰਕੇ' ਕਰ ਵਿਖਾਈ। ਨਾਵਲ ਵਿਚ ਪਿੱਛਲਝਾਤ (Flash Back) ਰਾਹੀਂ ਇਸ ਕਮਿਊਨਿਸਟ ਆਗੂ ਦੇ ਪਿਛਲੇ ਜੀਵਨ ਨਾਲ ਸਬੰਧਤ ਕਈ ਅਹਿਮ ਪੱਖਾਂ ਤੇ 'ਪ੍ਰਾਪਤੀਆਂ' ਨੂੰ ਵੀ ਵਿਖਾਇਆ ਗਿਆ ਹੈ।

ਇਸ ਨਾਵਲ ਦੇ ਮੁੱਖ ਪਾਤਰ ਅਤੇ ਹੋਰ ਸਾਰੇ ਪਾਤਰਾਂ ਤੇ ਰਾਜਨੀਤਕ ਪਾਰਟੀਆਂ/ਧਿਰਾਂ ਆਦਿ ਦੇ ਨਾਂਅ ਤਾਂ ਭਾਵੇਂ ਮਨੋਕਲਪਿਤ ਹਨ, ਪ੍ਰੰਤੂ ਇਸ ਦੇ ਬਾਵਜੂਦ ਹਰ ਪਾਤਰ ਹੀ ਇਕ ਜਾਣੇ ਪਛਾਣੇ ਸਿਆਸਤਦਾਨ ਨੂੰ ਰੂਪਮਾਨ ਕਰਦਾ ਦਿਖਾਈ ਦਿੰਦਾ ਹੈ ਅਤੇ ਬਹੁਤੀਆਂ ਹਾਲਤਾਂ ਵਿਚ ਲੋਕ-ਮਨਾਂ ਉੱਪਰ ਉਹਨਾਂ ਦੇ ਬਣੇ ਹੋਏ ਅਕਸ ਨੂੰ ਵੱਡੀ ਹੱਦ ਤੱਕ ਪ੍ਰਤੀਬਿੰਬਤ ਕਰਦਾ ਹੈ। ਕਈ ਘਟਨਾਵਾਂ ਵੀ ਹਕੀਕਤਾਂ ਨਾਲ ਮੇਲ ਖਾਂਦੀਆਂ ਹਨ। ਇਸ ਤਰ੍ਹਾਂ ਇਸ ਨਾਵਲ ਦਾ ਪਲਾਟ ਰਾਜਸੀ ਹੋਣ ਦੇ ਨਾਲ ਨਾਲ ਇਤਿਹਾਸਕ ਮੁਹਾਂਦਰੇ ਵਾਲਾ ਵੀ ਹੈ। ਇਹੋ ਕਾਰਨ ਹੈ ਕਿ ਸਾਹਿਤਕ ਹਲਕਿਆਂ ਤੋਂ ਇਲਾਵਾ ਇਸ ਦੀ ਚਰਚਾ ਰਾਜਨੀਤਕ ਹਲਕਿਆਂ ਵਿਚ ਵੀ ਛਿੜ ਪਈ ਹੈ। ਇਸ ਲਈ ਅਸੀਂ ਇਸ ਚਰਚਾ ਦਾ ਨੋਟਿਸ ਲੈਂਦੇ ਹੋਏ ਇਸ ਨਾਵਲ ਦੀ ਆਲੋਚਨਾਤਮਕ ਸਮੀਖਿਆ ਕਰਨੀ ਜ਼ਰੂਰੀ ਸਮਝਦੇ ਹਾਂ ਅਤੇ ਮਾਰਕਸਵਾਦੀ ਸੰਸਾਰ ਦਰਿਸ਼ਟੀਕੋਨ ਅਨੁਸਾਰ ਸਾਹਿਤ ਦੀਆਂ ਸਥਾਪਤ ਹੋ ਚੁੱਕੀਆਂ ਪਰਖ ਕਸਵੱਟੀਆਂ ਦੀ ਰੌਸ਼ਨੀ ਵਿਚ ਇਹ ਸਮੀਖਿਆ ਕਰਨ ਦਾ ਸਨਿਮਰ ਯਤਨ ਕਰ ਰਹੇ ਹਾਂ।

ਮਾਰਕਸਵਾਦ-ਲੈਨਿਨਵਾਦ ਅਨੁਸਾਰ ਸਾਹਿਤ ਸਮਾਜਕ ਚੇਤਨਤਾ ਦਾ ਇਕ ਰੂਪ ਹੈ; ਉਹ ਰੂਪ ਜਿਸ ਵਿਚ ਸਮਾਜਕ ਯਥਾਰਥ ਦੇ ਗਿਆਨ ਨੂੰ ਠੋਸ ਅਨੁਭਵੀ ਬਿੰਬਾਂ ਵਿਚ ਬੋਲੀ ਦੇ ਮਾਧਿਅਮ ਰਾਹੀਂ ਚਿਤਰਿਆ ਜਾਂ ਪੇਸ਼ ਕੀਤਾ ਜਾਂਦਾ ਹੈ। ਸਮਾਜਕ ਚੇਤਨਤਾ ਸਮਾਜਕ ਹੋਂਦ ਤੋਂ ਨਿਰਧਾਰਤ ਹੁੰਦੀ ਹੈ। ਅਜੇਹੀ ਸਮਾਜਕ ਚੇਤਨਤਾ ਸਮਾਜਕ ਯਥਾਰਥ ਨੂੰ ਪ੍ਰਭਾਵਤ ਵੀ ਕਰਦੀ ਹੈ ਭਾਵ ਇਹ ਸਮਾਜਕ ਪ੍ਰਗਤੀ ਵਿਚ ਸਹਾਇਕ ਜਾਂ ਬਾਧਕ ਬਣਦੀ ਹੈ ਅਤੇ ਇਸ ਤਰ੍ਹਾਂ ਅਗਾਂਹਵਧੂ ਜਾਂ ਪਿਛਾਂਹਖਿੱਚੂ ਹੋ ਨਿਬੜਦੀ ਹੈ। ਇਸ ਤਰ੍ਹਾਂ ਸਾਹਿਤ ਜੋ ਸਮਾਜਕ ਚੇਤਨਤਾ ਦਾ ਇਕ ਰੂਪ ਹੈ, ਸਮਾਜਕ ਯਥਾਰਥ ਤੋਂ ਨਿਰਧਾਰਤ ਵੀ ਹੁੰਦਾ ਹੈ ਅਤੇ ਇਸਨੂੰ ਪ੍ਰਭਾਵਤ ਵੀ ਕਰਦਾ ਹੈ। ਅਗਾਂਹਵਧੂ ਸਾਹਿਤ ਜਿੱਥੇ ਸਮਾਜਕ ਪ੍ਰਗਤੀ ਲਈ ਸਹਾਇਕ ਬਣਦਾ ਹੈ ਉੱਥੇ ਪਿਛਾਂਹਖਿੱਚੂ ਸਾਹਿਤ, ਸਮਾਜਕ ਪ੍ਰਗਤੀ ਲਈ ਬਾਧਕ ਬਣਦਾ ਹੈ। ਜਮਾਤੀ ਸਮਾਜ ਵਿਚ ਸਮਾਜਕ ਪ੍ਰਗਤੀ ਦੀ ਮੁੱਖ ਚਾਲਕ ਸ਼ਕਤੀ ਜਮਾਤੀ ਸੰਘਰਸ਼ ਦੇ



ਵਿਚਾਰਧਾਰਕ, ਆਰਥਕ ਅਤੇ ਰਾਜਨੀਤਕ ਤਿੰਨ ਰੂਪ ਹੁੰਦੇ ਹਨ, ਜਿਹਨਾਂ ਵਿਚੋਂ ਰਾਜਨੀਤਕ ਰੂਪ ਨੂੰ ਪ੍ਰਧਾਨ ਰੂਪ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਜੇ ਸਾਹਿਤ ਨੇ ਆਪਣਾ ਬਣਦਾ ਤੇ ਸਾਰਥਕ ਰੋਲ ਨਿਭਾਉਣਾ ਹੈ ਤਾਂ ਇਸਨੂੰ ਸਮਕਾਲੀਨ ਜਮਾਤੀ ਸੰਘਰਸ਼ ਦਾ ਸੰਦ ਬਣਨਾ ਹੀ ਹੋਵੇਗਾ।

ਜਮਾਤੀ ਸਮਾਜ ਵਿਚ ਸਾਹਿਤ ਕਦਾਚਿੱਤ ਨਿਰਪੱਖ ਨਹੀਂ ਹੋ ਸਕਦਾ। ਇਸ ਲਈ 'ਸਾਹਿਤਕ ਨਿਰਪੱਖਤਾ', 'ਕਲਾ ਕਲਾ ਲਈ' ਅਤੇ 'ਰਾਜਨੀਤੀ ਤੋਂ ਨਿਰਲੇਪਤਾ' ਆਦਿ ਦੇ ਨਾਅਰੇ ਫਰਾਡੀ ਹਨ, ਧੋਖਾ ਤੇ ਨਿਰਾ ਛਲਾਵਾ ਹਨ।

ਨਾਵਲਾਂ, ਨਾਟਕਾਂ ਤੇ ਕਹਾਣੀਆਂ ਵਿਚ ਕਿਸੇ ਨਿਸ਼ਚਿਤ ਸਮਾਜ ਦੀਆਂ ਭਿੰਨ ਭਿੰਨ ਜਮਾਤਾਂ ਵਿਚਲੇ ਜਮਾਤੀ ਸੰਘਰਸ਼ ਦੌਰਾਨ ਉਭਰੇ ਇਹਨਾਂ ਜਮਾਤਾਂ ਦੇ ਕਿਰਦਾਰ ਨੂੰ ਉਹਨਾਂ ਦੇ ਪ੍ਰਤੀਨਿੱਧ ਪਾਤਰਾਂ ਰਾਹੀਂ ਪੇਸ਼ ਕੀਤਾ ਜਾਂਦਾ ਹੈ। ਕਿਸੇ ਵੀ ਜਮਾਤ ਦਾ ਪ੍ਰਤੀਨਿੱਧ ਪਾਤਰ ਉਹ ਹੋਵੇਗਾ ਜੋ ਉਸ ਜਮਾਤ ਦੀ ਵੱਡੀ ਬਹੁਗਿਣਤੀ ਵਾਲੇ ਵਿਅਕਤੀਆਂ ਦੇ ਲੱਛਣਾਂ ਦਾ ਸਾਕਾਰ ਰੂਪ ਹੋਵੇ ਨਾ ਕਿ ਉਹ ਉਸ ਜਮਾਤ ਦੀ ਮਾਮੂਲੀ ਘੱਟ ਗਿਣਤੀ ਦੇ ਵਿਅਕਤੀਆਂ ਦੇ ਲੱਛਣਾਂ ਦਾ ਪ੍ਰਗਟਾਵਾ ਕਰਦਾ ਹੋਵੇ। ਸਾਹਿਤਕਾਰ ਭਿੰਨ ਭਿੰਨ ਜਮਾਤਾਂ ਤੇ ਪ੍ਰਤੀਨਿੱਧ ਪਾਤਰ ਉਸਾਰਨ ਲਈ Inductive Logic ਵਰਤ ਕੇ ਵਿਗਿਆਨਕ ਸਧਾਰਨੀਕਰਨ ਕਰਦਾ ਹੈ। ਸਪੱਸ਼ਟ ਹੈ ਕਿ ਜੇ ਉਸਨੇ ਸਮਾਜਕ ਯਥਾਰਥ ਦਾ ਸਹੀ ਚਿਤਰਨ ਕਰਨਾ ਹੈ ਤਾਂ ਉਸ ਲਈ ਕੇਵਲ ਫਲੈਟ ਪਾਤਰਾਂ ਦੀ ਉਸਾਰੀ ਕਰਨੀ ਜ਼ਰੂਰੀ ਹੈ। ਇਸ ਲਈ ਅਗਾਂਹਵਧੂ ਸਾਹਿਤਕਾਰ ਭਿੰਨ ਭਿੰਨ ਜਮਾਤਾਂ ਦੇ ਹਮੇਸ਼ਾਂ ਫਲੈਟ ਪਾਤਰ ਹੀ ਉਸਾਰੇਗਾ, ਰਾਊਂਡ ਪਾਤਰ ਨਹੀਂ। ਰਾਊਂਡ ਪਾਤਰ ਤੋਂ ਭਾਵ ਹੈ ਉਹ ਪਾਤਰ ਜਿਹੜਾ ਕਿ ਭਿੰਨ ਭਿੰਨ ਜਮਾਤਾਂ ਦੇ ਲੱਛਣਾਂ ਦਾ ਪ੍ਰਗਟਾਵਾ ਕਰੇ ਤੇ ਉਸ ਵਿਚ ਭਾਰੂ ਲੱਛਣ ਕਿਸੇ ਵੀ ਜਮਾਤ ਦੇ ਨਾ ਦਿਸਣ। ਪਰ ਸਮਾਜਕ ਯਥਾਰਥ ਇਸ ਤਰ੍ਹਾਂ ਨਹੀਂ ਹੈ, ਕਿਉਂਕਿ ਸਮਾਜ ਦੀ ਜਮਾਤਾਂ ਵਿਚ ਵੰਡ ਹੋਣ ਦਾ ਅਰਥ ਹੈ ਕਿ ਸਮਾਜ ਵਿਚਲੇ ਵਿਅਕਤੀਆਂ ਦੇ ਕਈ ਵੱਡੇ ਗਰੁੱਪ ਸਾਂਝੇ ਲੱਛਣ ਰੱਖਦੇ ਹਨ। ਇਸ ਲਈ ਜਿਸ ਲੇਖਕ ਨੇ ਸਮਾਜਕ ਯਥਾਰਥ ਨੂੰ ਤਰੋੜ ਮਰੋੜ ਕੇ ਪੇਸ਼ ਕਰਨਾ ਹੈ ਕੇਵਲ ਉਹ ਹੀ ਰਾਊਂਡ ਪਾਤਰ ਉਸਾਰੇਗਾ ਅਤੇ ਇਸ ਤਰ੍ਹਾਂ ਕਰਨ ਵਾਲਾ ਸਾਹਿਤਕਾਰ ਨਿਸ਼ਚੇ ਹੀ ਪਿਛਾਂਹਖਿੱਚੂ ਸਾਹਿਤਕਾਰ ਹੋ ਨਿਬੜੇਗਾ।

ਹੁਣ, ਇੱਥੇ ਅਸੀਂ ਇਹ ਵੇਖਣ ਦਾ ਯਤਨ ਕਰ ਰਹੇ ਹਾਂ ਕਿ ਇਹ ਨਾਵਲ ਇਨ੍ਹਾਂ ਪਰਖ-ਕਸੌਟੀਆਂ 'ਤੇ ਕਿਵੇਂ ਉਤਰਦਾ ਹੈ? ਕੀ ਉਸ ਵੱਲੋਂ ਸਿਰਜਿਆ ਗਿਆ ਕੇਂਦਰੀ ਪਾਤਰ ਆਪਣੀ ਜਮਾਤ ਦਾ ਪ੍ਰਤੀਨਿੱਧ ਪਾਤਰ ਹੈ? ਕੀ ਨਾਵਲਕਾਰ ਵਲੋਂ ਸਿਰਜਿਆ ਗਿਆ ਮੁੱਖ ਪਾਤਰ ਕਰਮ ਸਿੰਘ ਕਿਰਤੀ ਜਿਸਨੂੰ ਉਹ ਕੁਲ ਹਿੰਦ ਮਾਰਕਸੀ ਪਾਰਟੀ ਦਾ ਮੁੱਖ ਸਕੱਤਰ ਦੱਸਦਾ ਹੈ, ਦਾ ਖਾਸਾ, ਕਿਰਦਾਰ ਤੇ ਪਹੁੰਚ ਕਮਿਊਨਿਸਟਾਂ ਵਾਲੀ ਹੈ? ਇਹ ਨਾਵਲ ਆਪਣੇ ਪਾਠਕਾਂ ਨੂੰ ਅਤੇ ਸਮਾਜਕ ਪ੍ਰਗਤੀ ਦੇ ਸੰਘਰਸ਼ 'ਚ ਜੁੱਟੇ ਹੋਏ ਲੱਖਾਂ ਲੋਕਾਂ ਨੂੰ ਕੀ ਸੰਦੇਸ਼ ਦਿੰਦਾ ਤੇ ਕਿਸ ਗੱਲ ਲਈ ਪ੍ਰੇਰਦਾ ਹੈ? ਹਿੰਦੀ ਨਾਵਲ ਸਾਹਿਤ ਦੇ ਪਿਤਾਮਾ ਅਤੇ ਅੱਤ ਦੇ ਦਿਆਨਤਦਾਰ ਤੇ ਸਫਲ ਲੇਖਕ ਮੁਨਸ਼ੀ ਪ੍ਰੇਮ ਚੰਦ ਨੇ ਇਕ ਥਾਂ ਦਰਜ ਕੀਤਾ ਹੋਇਆ ਹੈ ਕਿ, ***"ਅਸੀਂ ਸਾਹਿਤ ਨੂੰ ਕੇਵਲ ਮਨ ਪ੍ਰਚਾਵੇ 'ਤੇ ਵਿਲਾਸਤਾ ਦੀ ਚੀਜ਼ ਨਹੀਂ ਸਮਝਦੇ। ਸਾਡੀ ਕਸੌਟੀ 'ਤੇ ਕੇਵਲ ਉਹੀ ਸਾਹਿਤ ਖਰਾ ਉਤਰੇਗਾ ਜਿਸ ਵਿਚ ਉੱਚ ਚਿੰਤਨ ਹੋਵੇ, ਆਜ਼ਾਦੀ ਦੀ ਭਾਵਨਾ ਹੋਵੇ, ਸੁੰਦਰਤਾ ਦਾ ਸਾਰ ਹੋਵੇ, ਸਿਰਜਣ ਦੀ ਆਤਮਾ ਹੋਵੇ, ਜਿੰਦਗੀ ਦੇ ਸੱਚ ਦਾ ਗਿਆਨ ਹੋਵੇ... ਜਿਹੜਾ ਸਾਡੇ ਵਿਚ ਗਤੀ, ਸੰਘਰਸ਼ ਤੇ ਬੇਚੈਨੀ ਪੈਦਾ ਕਰੇ ਸੁਲਾਵੇ ਨਾ, ਕਿਉਂਕਿ ਹੋਰ ਜ਼ਿਆਦਾ ਸੌਣਾ ਮੌਤ ਦਾ ਲੱਛਣ ਹੈ।"*** ਇਸ ਰੌਸ਼ਨੀ ਵਿਚ 'ਭਾਊ' ਦਾ ਮੁਲੰਕਣ ਕਰਕੇ ਹੀ ਕਿਸੇ ਸਹੀ ਸਿੱਟੇ 'ਤੇ ਪੁੱਜਿਆ ਜਾ ਸਕਦਾ ਹੈ।

'ਭਾਊ' ਵਿਚ ਕੇਂਦਰੀ ਪਾਤਰ ਵਜੋਂ ਸਿਰਜੇ ਗਏ ਇਸ ਅਖਾਉਤੀ ਕਮਿਊਨਿਸਟ ਨੇਤਾ ਦੇ ਕਿਰਦਾਰ ਨੂੰ, ਜਿਵੇਂ ਇਹ ਨਾਵਲ ਵਿਚ ਉਭਰਦਾ ਹੈ, ਚਾਰ ਮੁੱਖ ਰੂਪਾਂ ਵਿਚ ਪੇਸ਼ ਕੀਤਾ ਜਾ ਸਕਦਾ ਹੈ :

**ਪਹਿਲਾ; ਪਾਰਟੀ ਤੋਂ ਬਾਹਰ ਤੇ ਅੰਦਰ ਵੀ ਸਾਜਸ਼ੀ ਤੇ ਸੌਦੇਬਾਜੀ ਕਰਨ ਵਾਲਾ ਦਲਾਲ ਕਿਰਦਾਰ ਜਿਹੜਾ ਕਿ ਪੁਲਸ, ਸਰਮਾਏਦਾਰਾਂ ਅਤੇ ਸਨੱਅਤਕਾਰਾਂ ਤੋਂ ਵੱਡੀਆਂ ਰਕਮਾਂ ਲੈਣ ਨੂੰ ਵਾਜਬ ਠਹਿਰਾਉਂਦਾ ਹੈ।**

ਲੇਖਕ ਅਨੁਸਾਰ ਕਰਮ ਸਿੰਘ ਕਿਰਤੀ ਨੂੰ "....ਦੇਸ਼ ਦੇ ਵੱਡੇ ਵੱਡੇ ਲੀਡਰ ਮਿਲਣ ਆਉਂਦੇ ਸਨ। ਤਰ੍ਹਾਂ ਤਰ੍ਹਾਂ ਦੀਆਂ ਗੋਂਦਾ ਗੁੰਦੀਆਂ ਜਾਂਦੀਆਂ ਸਨ। ਸੌਦੇ ਹੁੰਦੇ ਸਨ।" *(ਸਫਾ-1)*

"....ਕਿਰਤੀ ਜਾਣਦਾ ਸੀ, ਸਿਆਸਤ ਦੀ ਗੱਡੀ ਡੀਜ਼ਲ ਨਾਲ ਚਲਦੀ ਏ। ਕਿਸੇ ਨਾ ਕਿਸੇ ਨੂੰ ਉਹਦਾ ਪੰਪ ਲਾਉਣਾ ਹੀ ਹੁੰਦਾ ਏ। ਆਪਣੀ ਪਾਰਟੀ ਲਈ ਇਹ ਪੰਪ ਆਪ ਕਿਰਤੀ ਨੇ ਲਾਇਆ ਹੋਇਆ ਸੀ।" *(ਸਫਾ-60)*

"ਏਸ ਪੰਪ ਸਦਕਾ ਵੀ ਕਿਰਤੀ ਦੀ ਆਪਣੀ ਪਾਰਟੀ 'ਚ ਭੱਲ ਸੀ।" *(ਸਫਾ-60)*

'ਕਿਰਤੀ' ਕਮਿਊਨਿਸਟਾਂ ਵਾਂਗ ਜਨਤਕ ਉਗਰਾਹੀ 'ਚ ਵਿਸ਼ਵਾਸ ਨਹੀਂ ਰੱਖਦਾ ਤੇ ਮੋਟੀਆਂ ਸਾਮੀਆਂ ਤੋਂ ਮੋਟੀਆਂ ਰਕਮਾਂ ਦੇ ਰੂਪ ਵਿਚ ਪੈਸੇ ਲੈਂਦਾ ਹੈ। ਪੈਸੇ ਦੇ ਸਰੋਤਾਂ ਬਾਰੇ ਪੁੱਛਣ 'ਤੇ ਬੜੇ 'ਮਾਣ' ਨਾਲ ਆਖਦਾ

ਹੈ :

"ਵੇਖ ਭਾਈ, ਮੇਰਾ ਕੋਈ ਪੱਕਾ ਬੈਂਕ ਨਹੀਂ ਹੁੰਦਾ। ਟੁਰਦਾ ਫਿਰਦਾ ਬੈਂਕ ਏ।" *(ਸਫਾ 78)*

ਕਿਰਤੀ 'ਫੰਡਾਂ' ਲਈ ਵੱਡੇ ਵੱਡੇ ਧਨਾਢਾਂ ਤੇ ਸੱਨਅਤਕਾਰਾਂ ਤੋਂ ਬਲੈਕ ਮਨੀ ਉਗਰਾਉਂਦਾ ਹੈ ਅਤੇ ਇਹ ਪੈਸੇ ਦਿੱਲੀ 'ਚ ਉਸ ਕੋਲੋਂ ਆਪਣਾ ਕੰਮ ਕਰਵਾਉਣ ਗਏ ਪੁਲਸ ਅਫਸਰ ਰਾਹੀਂ ਹੀ ਉਹ ਚੰਡੀਗੜ੍ਹ ਪਾਰਟੀ ਦਫਤਰ ਭੇਜਦਾ ਹੈ। ਅਜਿਹਾ 'ਕਾਰਨਾਮਾ' ਕਦੇ ਕਿਸੇ ਨੇ ਸੁਣਿਆ ਨਹੀਂ ਹੋਣਾ।

ਲੇਖਕ 'ਕਿਰਤੀ' ਵਲੋਂ ਲਏ ਜਾਂਦੇ ਇਸ ਕਾਲੇ ਧੰਨ ਦੇ ਸਰੋਤਾਂ ਵਿਚ ਸਨਅੱਤਕਾਰਾਂ, ਦੇਸ਼ ਦੇ ਗ੍ਰਹਿ ਮੰਤਰਾਲੇ ਅਤੇ ਪੰਜਾਬ ਪੁਲਸ ਦੇ ਸ਼ਾਮਲ ਹੋਣ ਦੀ ਗੱਲ ਕਰਦਾ ਕਰਦਾ ਇਸ ਦਾ ਸਰੋਤ ਕਈ ਪ੍ਰਧਾਨ ਮੰਤਰੀਆਂ ਦਾ ਨਿਵਾਸ ਸਥਾਨ ਵੀ ਦੱਸਦਾ ਹੈ। ਉਹ ਇਹ ਵੀ ਦੱਸਦਾ ਹੈ ਕਿ ਕਿਰਤੀ ਢੇਰ ਚਿਰ ਤੋਂ ਇਸ ਤਰ੍ਹਾਂ ਦੇ ਪੈਸੇ ਇਕੱਠਾ ਕਰਦਾ ਆ ਰਿਹਾ ਸੀ। ਲੇਖਕ ਅਨੁਸਾਰ ਮਾਰਕਸੀ ਪਾਰਟੀ ਦੇ ਕੁੱਲ ਹਿੰਦ ਖਜਾਨਚੀ ਮੇਘ ਰਾਜ ਖੋਸਲੇ ਨੂੰ ਜਦੋਂ ਕਿਰਤੀ ਵਲੋਂ ਇਕ ਸਨਅੱਤਕਾਰ ਰਾਹੀਂ ਭੇਜੇ ਗਏ ਬੇਹਿਸਾਬ ਧਨ ਦੇ ਸਰੋਤ ਦਾ ਪਤਾ ਲੱਗਾ ਤਾਂ ਉਸ ਨੇ ਖੁਦਕੁਸ਼ੀ *(ਸਫਾ-168-169)*ਕਰ ਲਈ ਸੀ।

ਅਕਾਲੀ ਲੀਡਰ 'ਔਝਲੇ' ਨਾਲ 'ਕਿਰਤੀ' ਦੀਆਂ ਮੀਟਿੰਗਾਂ ਸਦਾ ਹੀ ਚੋਰੀ ਤੇ ਗੁਪਤ ਹੁੰਦੀਆਂ ਹਨ। ਇਕ ਕਮਿਊਨਿਸਟ ਕਿਹੜੀ ਗੱਲ ਆਪਣੀ ਪਾਰਟੀ ਤੋਂ ਲੁਕਾ ਕੇ ਰੱਖ ਸਕਦਾ ਹੈ?

"ਔਝਲੇ ਨਾਲ ਪਹਿਲੀਆਂ ਮੀਟਿੰਗਾਂ ਵਾਂਗ ਅੱਜ ਦੀ ਮੀਟਿੰਗ ਵੀ ਨਜ਼ਰੋਂ ਉਹਲੇ ਰੱਖੀ ਗਈ ਸੀ। ਹਨੇਰਾ ਪਏ। ਮੀਟਿੰਗ 'ਚ ਸਿਰਫ ਦੋਹਾਂ ਨੇ ਹੋਣਾ ਸੀ।" *(ਸਫਾ-193)*। ਪਾਰਟੀ ਦੀ ਪੰਜਾਬ ਇਕਾਈ ਦਾ ਸਕੱਤਰ ਵੀ ਮੀਟਿੰਗ ਵਿਚ ਸ਼ਾਮਲ ਨਹੀਂ ਕੀਤਾ; ਬਾਹਰ ਹੀ ਬੈਠਾ ਉਡੀਕਦਾ ਰਿਹਾ।

'ਕਿਰਤੀ' ਕਾਲੇ ਧੰਨ ਨੂੰ ਹਰ ਧੰਦੇ ਲਈ ਵਰਤਦਾ ਹੈ, ਇੱਥੋਂ ਤੱਕ ਕਿ ਅਕਾਲੀਆਂ ਦੇ ਇਕ ਧੜੇ ਦੀ ਵੀ ਚੋਣਾਂ ਵਿਚ ਆਪਣੇ ਹਿੱਤਾਂ ਦੀ ਪੂਰਤੀ ਲਈ ਕਾਲੇ ਧੰਨ ਰਾਹੀਂ ਮਦਦ ਕਰਨ ਦੀ ਗੱਲ ਸਾਹਮਣੇ ਆਉਂਦੀ ਹੈ। ਅਕਾਲੀ ਲੀਡਰ 'ਔਝਲਾ' ਰਾਤ ਸਮੇਂ ਕੀਤੀ ਇਸ ਗੁਪਤ ਸਾਜਸ਼ੀ ਮੀਟਿੰਗ ਵਿਚ ਕਿਰਤੀ ਨੂੰ ਆਖਦਾ ਹੈ :

"ਕਰਮ ਸਿੰਹੁ, ਇਕ ਗੱਲ ਹੋਰ ਵੇਖ ਲਈਂ ਜ਼ਰੂਰ। ਹਰ ਹਲਕੇ 'ਚ ਇਕ ਗਰਮ ਦਲੀਆ ਅਕਾਲੀ ਉਮੀਦਵਾਰ ਜ਼ਰੂਰ ਹੋਵੇ। ਪਤਾ ਲੱਗੈ, ਉਹ ਪੈਸਿਓਂ ਥੁੜੇ ਹੋਏ ਨੇ। ਉਹਨਾਂ ਦੀ ਮਦਦ ਕਰਾ ਕਿਤੋਂ। ਮੈਂ ਵੀ ਕਰ ਰਿਹਾਂ।" *(ਸਫਾ-196)*

**'ਕਿਰਤੀ' ਦੇ ਕਿਰਦਾਰ ਦਾ ਦੂਜਾ ਰੂਪ ਹੈ : ਪਾਰਟੀ ਅੰਦਰ ਕੁੱਝ ਮੈਂਬਰਾਂ/ਕਾਰਕੁੰਨਾਂ ਨਾਲ ਗੁਟਬੰਦੀ ਕਰਨੀ ਤੇ ਆਪਣਾ ਧੜਾ ਬਨਾਉਣਾ; ਕਾਡਰ ਨੂੰ ਬੁਰਜਵਾ ਢੰਗਾਂ ਨਾਲ ਡੀਲ ਕਰਨਾ ਤੇ ਉਹਨਾਂ ਨੂੰ ਨਿੱਜ ਲਈ ਵਰਤਣਾ।**



ਕਿਰਤੀ ਦਾ "...ਜ਼ਿੰਦਗੀ ਭਰ ਦਾ ਅਜ਼ਮਾਇਆ ਪਰਖਿਆ ਇਹ ਸਿਧਾਂਤ ਕੰਮ ਕਰਦਾ ਸੀ ਕਿ ਹਰ ਨਾਜ਼ੁਕ ਥਾਂ 'ਤੇ ਕੋਈ ਆਪਣਾ ਬੰਦਾ ਹੋਣਾ ਚਾਹੀਦਾ ਏ। ਉਹਨੇ ਪਾਰਟੀ 'ਚ ਹਰ ਪੌੜੀ 'ਤੇ, ਏਸ ਤਰ੍ਹਾਂ ਦੇ ਆਪਣੇ ਬੰਦੇ ਰੱਖੇ ਹੋਏ ਸਨ। ਏਸੇ ਤਰ੍ਹਾਂ ਦੂਜੀਆਂ ਪਾਰਟੀਆਂ 'ਚ ਵੀ ਉਹਦੇ ਬੰਦੇ ਸਨ। ਇਹਨਾਂ ਬੰਦਿਆਂ ਨੂੰ ਉਹ ਵਸ ਲੱਗਦੇ ਹਮੇਸ਼ਾਂ ਹੀ ਖੁਸ਼ ਰੱਖਦਾ ਸੀ। ਸਰਕਾਰੇ ਦਰਬਾਰੇ ਵੀ ਉਹਦੇ ਆਪਣੇ ਬੰਦੇ ਸਨ। ਇਹ ਬੰਦੇ ਉਹਦਾ ਕੁੱਝ ਰੁਕਣ ਨਹੀਂ ਸਨ ਦਿੰਦੇ।" *(ਸਫਾ -3)*

ਪਾਰਟੀ ਅੰਦਰ ਗੁੱਟਬਾਜ਼ੀ ਦੇ ਕੈਂਸਰ ਬਾਰੇ ਇਸ ਅਖੌਤੀ ਕਮਿਊਨਿਸਟ ਦੇ ਵਿਚਾਰ ਵੇਖੋ : ਪਾਰਟੀ ਦੀ ਬਿਹਾਰ ਇਕਾਈ ਵਿਚਲੀ ਧੜੇਬੰਦੀ ਤੋਂ ਪ੍ਰੇਸ਼ਾਨ ਹੋਏ ਮੇਜਰ ਪ੍ਰਤਾਪ ਸਿਨਹਾਂ ਨੂੰ ਉਹ ਧਰਵਾਸਾ ਦੇਣ ਲਈ ਗੁਟਬੰਦੀ ਦਾ ਪਾਠ ਪੜ੍ਹਾਉਂਦਾ ਹੈ :

"ਪ੍ਰਤਾਪ ਇਹੋ ਜਿਹੀ ਗੱਲ ਨਹੀਂ ਕਿ ਬਦਲਾਂ ਬਿਨਾਂ ਮੀਂਹ ਕਿਉਂ ਵਰ੍ਹੇ। ਪਾਰਟੀ 'ਚ ਗੁੱਟ ਤਾਂ ਬਣਦੇ ਹੀ ਹੁੰਦੇ ਨੇ। ਇਹ ਸਾਡਾ ਕੇਂਦਰਵਾਦ ਉਹਨਾਂ ਨੂੰ ਥੋੜ੍ਹੇ ਚਿਰ ਲਈ ਨਰਮ ਜ਼ਰੂਰ ਪਾ ਦਿੰਦੈ। ਪਰ ਗੁੱਟ ਤਾਂ ਆਪਣੀ ਥਾਂ ਪੱਕੇ ਰਹਿੰਦੇ ਨੇ। ਤੂੰ ਦੱਸ, ਕਮਿਊਨਿਸਟਾਂ 'ਚ ਗੁੱਟ ਕਦੋਂ ਨਹੀਂ ਸਨ ਹੁੰਦੇ? .... ਸਾਡੀ ਪਾਰਟੀ 'ਚ ਤਾਂ ਹਮੇਸ਼ਾਂ ਹੀ ਰਹੇ ਨੇ। ਹਰ ਬਹੁਗਿਣਤੀ ਪਹਿਲਾਂ ਘੱਟ ਗਿਣਤੀ ਹੁੰਦੀ ਏ। ਏਥੇ ਕਮਿਊਨਿਸਟ ਪਾਰਟੀ 'ਚ ਵੰਡੇ ਜਾਣ ਤੋਂ ਪਹਿਲਾਂ ਅਸੀਂ ਮਾਰਕਸੀਏ ਵੀ ਗੁੱਟ ਹੁੰਦੇ ਸਾਂ, ਜਿਹੜਾ ਰਾਸ਼ਟਰ ਪਾਰਟੀ (ਭਾਵ ਕਾਂਗਰਸ ਪਾਰਟੀ) ਦਾ ਵਿਰੋਧ ਕਰਦਾ ਸੀ। 1964 'ਚ ਅਸਾਂ ਆਪਣੀ ਵੱਖਰੀ ਪਾਰਟੀ ਬਣਾ ਲਈ। ਹੁਣ ਅਸੀਂ ਮੂਲ ਪਾਰਟੀ ਨਾਲੋਂ ਬੱਡੇ ਹਾਂ। ਹੁਣ ਅੱਗੋਂ ਸਾਡੇ ਵੀ ਗੁੱਟ ਨੇ। ਹੁਣ ਤੈਨੂੰ ਆਪਣੇ ਪੰਜਾਬ ਦੀ ਗੱਲ ਦੱਸਾਂ। ਉੱਥੇ ਮੈਂ ਇਕ ਪੜ੍ਹੇ ਲਿਖੇ ਦਲਿਤ ਨੂੰ ਪਾਰਟੀ ਦਾ ਮੁੱਖ ਸਕੱਤਰ ਬਣਾ ਦਿੱਤਾ। ਅਖੀਰ ਉਹਨੇ ਮੇਰੇ ਵਿਰੁੱਧ ਹੀ ਗੁੱਟ ਬਣਾ ਲਿਆ। ਜੇ ਕੋਈ ਸਿਧਾਂਤ ਦਾ ਨੁਕਤਾ ਨਾ ਲੱਭਾ ਤਾਂ ਉਹਨੇ ਮੇਰੇ ਤੌਰ ਤਰੀਕੇ, ਪਾਰਟੀ ਲਈ ਮੇਰੇ ਫੰਡ ਇਕੱਠੇ ਕਰਨ ਦੇ ਢੰਗ ਤਰੀਕੇ ਨੂੰ ਮੁੱਦਾ ਬਣਾ ਲਿਆ। .... ਤੇਰੀ ਬਿਹਾਰ ਪਾਰਟੀ ਦਾ ਵੀ ਇਹੋ ਹਾਲ ਏ। ਪਾਰਟੀ ਚਲਦੀ ਹੀ ਇੰਜ ਏ।" *(ਸਫਾ -72)*

ਏਥੇ ਹੀ ਬਸ ਨਹੀਂ, ਉਸ ਦੀ ਕਾਡਰ ਪਾਲਸੀ ਬਾਰੇ ਪਹੁੰਚ ਵੇਖੋ :

" .... ਸਾਂਝੀ ਪਾਰਟੀ ਵੇਲੇ ਪੰਜਾਬ 'ਚ ਚੰਗੀ ਗੁੱਟਬੰਦੀ ਹੁੰਦੀ ਸੀ। ਮੈਂ ਮੁੱਖ ਸਕੱਤਰ ਹੁੰਦਾ ਸਾਂ। ਮੇਰਾ ਧੜਾ ਗ਼ਾਲਬ ਧੜਾ ਸੀ। ਪਰ ਮੈਂ ਕਦੀ ਵੀ ਆਪਣੇ ਮੁਖਾਲਫਾਂ ਦਾ ਮਾੜਾ ਨਾ ਕੀਤਾ। ਕਿਸੇ ਦਾ ਰਾਹ ਨਾ ਰੋਕਿਆ। ਜੋ ਕਿਸੇ ਕਰਨਾ ਚਾਹਿਆ ਕਰਨ ਦਿੱਤਾ। ਸਾਡੇ ਇਕ ਸੀਨੀਅਰ ਸੂਬਾ ਕਮੇਟੀ ਮੈਂਬਰ ਨੂੰ ਦਿੱਲੀ ਘੁੰਮਣ ਤੇ ਐਮਬੈਸੀਆਂ ਦੇ ਗੇੜੇ ਕੱਢਣ ਦਾ ਸ਼ੌਕ ਹੁੰਦਾ ਸੀ। ਮੈਂ ਉਹਨੂੰ ਓਸੇ ਕੰਮ 'ਤੇ ਲਾ ਦਿੱਤਾ।" *(ਸਫਾ -73)*

ਜਦੋਂ 'ਸ਼ਰਤ ਬਾਬੂ' ਸਿਹਤ ਦੇ ਆਧਰ 'ਤੇ ਪੋਲਿਟ ਬਿਊਰੋ ਦੀ ਮੈਂਬਰੀ ਛੱਡਣ ਦੀ ਗੱਲ 'ਕਿਰਤੀ' ਨਾਲ ਕਰਦਾ ਹੈ ਤਾਂ ਇਹ ਜੁਗਾੜਵਾਦੀ ਗੁੱਟਬੰਦਕ ਉਸ ਨੂੰ ਆਖਦਾ ਹੈ :

"ਅਜੇ ਨਾ ਛੱਡੀਂ। ਲੋੜ ਏ ਤੇਰੀ। ਉਦੋਂ ਤੱਕ ਜ਼ਰੂਰ ਰਹੀਂ, ਜਦੋਂ ਤੱਕ ਮੈਂ ਹਾਂ। ਮੈਨੂੰ ਪੀ.ਆਰ. (ਇਕ ਹੋਰ ਸੀਨੀਅਰ ਪੋਲਿਟ ਬਿਊਰੋ ਮੈਂਬਰ) ਜਿਹੇ ਬੰਦਿਆਂ ਤੇ ਭਰੋਸਾ ਨਹੀਂ। ਬੜੇ ਕਿਤਾਬੀ ਬੰਦੇ ਨੇ। ਪੁਰਾਣੇ ਮਤਿਆਂ ਦੇ ਗੁਲਾਮ।" *(ਸਫਾ -151)*

'ਕਿਰਤੀ' ਜਿਹੜੇ ਢੰਗ ਪਾਰਟੀ ਤੋਂ ਬਾਹਰਲੇ ਬੰਦਿਆਂ ਨੂੰ ਡੀਲ ਕਰਨ ਲਈ ਵਰਤਦਾ ਹੈ, ਉਹ ਹੀ ਭ੍ਰਿਸ਼ਟ ਢੰਗ ਉਹ ਆਪਣੀ ਪਾਰਟੀ ਅੰਦਰਲੇ ਕਾਮਰੇਡਾਂ ਨੂੰ ਡੀਲ ਕਰਨ ਲਈ ਸ਼ੁਰੂ ਤੋਂ ਹੀ ਵਰਤਦਾ ਆਇਆ ਹੈ। ਇਸ ਤੋਂ ਵੱਡਾ ਕਹਿਰ ਹੋਰ ਕੀ ਹੋ ਸਕਦਾ ਹੈ :

" .... ਪਾਰਟੀ ਅੰਦਰਲੀ ਔਕਾਤ ਦਾ ਬੜਾ ਥੋੜ੍ਹਾ ਮੁੱਲ ਹੁੰਦਾ ਸੀ। ਕਈ ਵਾਰੀ ਘਿਉ ਦੀ ਪੀਪੀ ਨਾਲ ਹੀ ਸਰ ਜਾਂਦਾ ਸੀ। ਜਾਂ ਛੋਟਾ ਮੋਟਾ ਵਜ਼ੀਫਾ, ਛੋਟੀ ਮੋਟੀ ਨੌਕਰੀ ਦਵਾ ਦਈਦਾ ਸੀ। ਸਕੂਲਾਂ ਕਾਲਜਾਂ 'ਚ ਮੁੰਡਿਆਂ-ਕੁੜੀਆਂ ਦਾ ਦਾਖਲਾ ਕਰਾ ਦਈਦਾ ਸੀ। ਹੋਰ ਨਹੀਂ ਤਾ ਪਾਰਟੀ ਵਿਚ ਹੀ ਛੋਟਾ ਮੋਟਾ ਅਹੁਦਾ ਦਵਾ ਦਈਦਾ ਸੀ। ਕਿਰਤੀ ਨੂੰ ਯਾਦ ਆਇਆ, ਸ਼ੁਰੂ ਸ਼ੁਰੂ 'ਚ ਵੀ, ਜਦੋਂ ਅਜੇ

ਉਹ ਪੰਜਾਬ ਹੀ ਹੁੰਦਾ ਸੀ, ਔਕਾਤ ਦੀ ਇਹ ਪਛਾਣ ਉਹਦੇ ਬੜੇ ਕੰਮ ਆਉਂਦੀ ਸੀ। ਜਿਸ ਮੀਟਿੰਗ 'ਚ ਉਹਦੀ ਚੰਡਾਈ ਹੋ ਸਕਦੀ ਸੀ, ਉਸ 'ਚ ਉਹ ਖਾਣ ਪੀਣ ਦਾ ਪ੍ਰਬੰਧ ਬਹੁਤ ਚੰਗਾ ਕਰਾ ਦਿੰਦਾ ਸੀ। ਉਹ ਵੇਖਦਾ, ਢਿੱਡ ਭਰੇ ਕਾਮਰੇਡਾਂ ਦੀ ਨੁਕਤਾਚੀਨੀ 'ਚ ਬਹੁਤ ਜ਼ੋਰ ਨਹੀਂ ਸੀ ਰਹਿੰਦਾ।" *(ਸਫਾ 238)*

**'ਕਿਰਤੀ' ਦਾ ਤੀਜਾ ਲੱਛਣ ਜਿਹੜਾ ਇਸ ਨਾਵਲ ਵਿਚ ਉਭਰਦਾ ਹੈ, ਉਹ ਹੈ, ਵਿੱਅਕਤੀਵਾਦ, ਹਊਮੈਂ, ਸ਼ੇਖੀਖੋਰੀ, ਫੂਕ ਛੱਕਣੀ, ਸਵੈ-ਲਿਸ਼ਕਾਉਣਾ, ਜੋੜ-ਤੋੜ ਤੇ ਚਲਾਕੀ 'ਤੇ ਨਿਰਭਰ ਕਰਨਾ ਅਤੇ ਵਿਰੋਧੀ ਜਮਾਤ ਨਾਲ ਤੇ ਉਸ ਦੇ ਲੀਡਰਾਂ ਨਾਲ ਯਾਰੀਆਂ ਪਾਲਣਾ। ਨਾਵਲ 'ਚੋਂ 'ਕਿਰਤੀ' ਦੇ ਇਹਨਾਂ 'ਗੁਣਾਂ' ਨੂੰ ਰੂਪਮਾਨ ਕਰਦੀਆਂ ਅਣਗਿਣਤ ਟੂਕਾਂ ਦਿੱਤੀਆਂ ਜਾ ਸਕਦੀਆਂ ਹਨ, ਐਪਰ ਏਥੇ ਅਸੀਂ ਕੁੱਝ ਕੁ ਉਦਾਹਰਣਾਂ ਹੀ ਦੇਣੀਆਂ ਚਾਹੁੰਦੇ ਹਾਂ।**

ਵਿਅਕਤੀਵਾਦ ਤੇ ਹਊਮੈਂ ਦੀ ਝਲਕ ਵੇਖੋ :

ਕਿਰਤੀ "...ਸੋਚਦਾ ਸੀ ਕਿ ਜੇ ਉਹ ਬਹਿ ਗਿਆ ਤਾਂ ਉਸਦੀ ਪਾਰਟੀ ਬਹਿ ਜਾਏਗੀ। ਸਾਰਾ ਦੇਸ਼ ਬਹਿ ਜਾਏਗਾ, ਲੋਕਾਂ ਦਾ ਕੀ ਬਣੇਗਾ?" *(ਸਫਾ-8)*

ਰਿਸ਼ਤੇਦਾਰ ਦੀ ਬਦਲੀ ਕਰਾਉਣ ਆਏ ਆਪਣੇ ਇਕ ਗਰਾਈਂ ਨੂੰ ਉਹ ਕਹਿੰਦਾ ਹੈ : "ਉਹ ਤਕਲੀਫ ਕਾਹਦੀ, ਯਾਰ! ਤੂੰ ਤਾਂ ਮੇਰਾ ਛੋਟੇ ਹੁੰਦਿਆਂ ਦਾ ਆੜੀ ਏਂ। ਕਹੇਂ ਤਾਂ ਹੁਣੇ ਚੀਫ ਮਨਿਸਟਰ ਨੂੰ ਕਹਿ ਦੇਨਾਂ। ਉਹ ਕਿਹੜੇ ਬਾਗ ਦੀ ਮੂਲੀ ਏ। ਏਥੇ ਈ ਫਿਰਦਾ ਸੀ ਕੁੱਝ ਦਿਨ ਪਹਿਲਾਂ। ਆਇਆ ਸੀ। ਏਥੇ ਹੀ ਬੈਠਾ ਸੀ। ਏਸੇ ਕੁਰਸੀ 'ਤੇ। ਕਹਿੰਦਾ ਸੀ ਮੈਡਮ ਨੂੰ ਕਹੋ, ਮੈਨੂੰ ਬਖਸ਼ ਦੇਵੇ। ਐਤਕੀਂ ਝਬਾਲ ਨੂੰ ਲੋਕ ਸਭਾ ਦੀ ਸੀਟ ਦੇ ਦੇਵੇ। ਜਿਤਾ ਦਿਆਂਗੇ ਉਹਨੂੰ।" *(ਸਫਾ 13)*

ਅੱਗੋਂ ਹੋਰ ਵੇਖੋ-ਉਹ ਉਸਨੂੰ ਕਹਿੰਦਾ ਹੈ : "ਵੇਖਿਆ ਈ, ਭਾਗ ਸਿੰਹੁ। ਏਥੇ ਤਾਂ ਸਾਰਾ ਦਿਨ ਇੰਜ ਹੀ ਚਲਦੈ। ਲਾਮ ਲੱਗੀ ਰਹਿੰਦੀ ਏ। ਫੋਨਾਂ ਦੀ ਮਾਰੋ ਮਾਰ ਏ। ਬੰਦੇ ਵੀ ਘੱਟ ਨਹੀਂ ਆਉਂਦੇ। ਕੋਈ ਨਾ ਕੋਈ ਮੂੰਹ ਚੁੱਕੀ ਟੁਰੀ ਆਉਂਦੈ। ਕੱਲ੍ਹ ਇਕ ਜਣਾ ਲੁਧਿਆਣਿਓਂ ਆਇਆ। ਕਹਿੰਦਾ ਸੀ, ਮੈਨੂੰ ਵਾਇਸ ਚਾਂਸਲਰ ਲੁਆ ਦਿਓ, ਪਟਿਆਲੇ ਥਾਂ ਖਾਲੀ ਏ। ਅੱਜ ਸਵੇਰੇ ਕੋਈ ਗਵਰਨਰ ਲੱਗਣ ਆਇਆ ਸੀ। ਕੱਲ੍ਹ ਕੋਈ ਆਊ ਤੇ ਕਹੂ ਕਾਮਰੇਡ ਜੀ ਮੈਨੂੰ ਐਂਬੈਸਡਰ ਲੁਆ ਦਿਓ ਕਿਸੇ ਦੇਸ਼। ਮੈਂ ਇਹਨਾਂ ਸਾਰਿਆਂ ਨੂੰ ਕਹਿਨਾਂ, "ਭਾਈ ਮੇਰੀ ਕਿਹੜੀ ਹਕੂਮਤ ਏ? ਰਾਜ ਤਾਂ ਭਗਵਿਆਂ ਦੈ। ਉਹਨਾਂ ਕੋਲ ਜਾਓ। ਸੁਣ ਕੇ ਕਿਸੇ ਨੂੰ ਵੀ ਅਤਬਾਰ ਨਹੀਂ ਆਉਂਦਾ। ਅੱਗੋਂ ਕਹਿੰਦੇ, "ਕਾਮਰੇਡ ਜੀ ਤੁਹਾਡੀ ਮਰਜ਼ੀ ਤੋਂ ਬਿਨਾਂ ਦੇਸ਼ 'ਚ ਪੱਤਾ ਨਹੀਂ ਹਿਲਦਾ। ਤੁਸੀਂ ਸਭ ਕੁੱਝ ਕਰਾ ਸਕਦੇ ਹੋ।" ਅਸਲ 'ਚ ਮੇਰੇ ਤੋਂ ਇਕੇਰਾਂ ਗਲਤੀ ਹੋ ਗਈ। ਪਿਛਲੀ ਸਾਂਝੀ ਸਰਕਾਰ ਵੇਲੇ ਮੈਂ ਕਿਸੇ ਨੂੰ ਰਾਤੋ ਰਾਤ ਵਜੀਰ ਲਗਵਾ ਦਿੱਤਾ। ਓਸ ਪਿਛੋਂ ਮੈਨੂੰ ਹਰ ਕੋਈ ਬੁੱਤੀਆਂ ਪਾਉਣ ਲੱਗ ਪਿਆ। ਲੋਕਾਂ ਲਾਈਨਾਂ ਲਾ ਲਈਆਂ ਨੇ। ਸੱਚ ਪੁੱਛੋਂ ਤਾਂ ਅੱਜਕਲ ਸਿਆਸਤ 'ਚ ਰਹਿ ਹੀ ਇਹ ਕੁੱਝ ਗਿਐ। ਬਸ ਕੰਮ ਕਰਾਓ ਲੋਕਾਂ ਦੇ। ਹੋਰ ਕੁੱਝ ਨਹੀਂ। ਕੋਈ ਨਹੀਂ ਪੁੱਛਦਾ ਤੁਹਾਡੀ ਪਾਰਟੀ ਦੀ ਪਾਲਸੀ ਕੀ ਏ? ਸਿਧਾਂਤ ਕੀ ਏ? ਬਿਚਾਰਧਾਰਾ ਕੀ ਏ? ਬਸ, ਕੰਮ ਕਰਾਓ ਤੇ ਚੋਣਾਂ ਲੜੋ। ਬਾਕੀ ਸਭ ਛੁੱਟੀ....।"*(ਸਫਾ-14)*

'ਕਿਰਤੀ' ਬੜੇ ਮਾਣ ਨਾਲ ਕਹਿੰਦਾ ਹੈ ਕਿ-".... ਮੇਰੀ ਟਹੁਰ ਇਹ ਵੇ ਕਿ ਅੱਜ ਮੇਰੇ ਘਰ ਸਲਾਹਵਾਂ ਕਰਨ ਉਹ ਔਰਤ ਆ ਰਹੀ ਏ ਜਿਹੜੀ ਕੁੱਝ ਮਹੀਨਿਆਂ 'ਚ ਦੇਸ਼ ਦੀ ਪ੍ਰਧਾਨ ਮੰਤਰੀ ਬਣ ਸਕਦੀ ਏ। ਏਸ ਤੋਂ ਪਹਿਲਾਂ ਇਕ ਪ੍ਰਧਾਨ ਮੰਤਰੀ ਮੈਂ ਥਾਪ ਚੁੱਕਾ ਹਾਂ। ਇਕ ਨਹੀਂ ਦੋ ਹੀ ਸਮਝੋ। ਇਕ ਦੀ ਥਾਂ ਬਣਾ ਕੇ ਮੈਂ ਬਾਹਰ ਚਲਾ ਗਿਆ ਸੀ ਤੇ ਉਹਦੇ ਕੁਰਸੀ 'ਤੇ ਬਹਿਣ ਦੀ ਖ਼ਬਰ ਮੈਨੂੰ ਉੱਥੇ ਮਿਲੀ ਸੀ। ਅੱਜ ਛੋਟੇ ਵੱਡੇ ਸਿਆਸਤਦਾਨ ਮੇਰੀਆਂ ਦਲ੍ਹੀਜਾਂ ਘਸਾਂਦੇ ਨੇ ...। *(ਸਫਾ-24)*

"ਸੱਸ (ਇੰਦਰਾ ਗਾਂਧੀ-ਲੇਖਕ) ਨੇ ਉਹੋ ਕੁੱਝ ਕੀਤਾ ਜੋ ਮੈਂ ਉਹਨੂੰ ਕਿਹਾ। ਮਜੇ ਦੀ ਗੱਲ ਏ ਕਿ ਮੈਂ ਦੂਜੇ ਫਰੀਕ ਦਾ ਸਾਂ। ਮੇਰੀ ਪਾਰਟੀ ਦੀ ਸਮੁੱਚੀ ਸਿਆਸਤ ਉਹਦੀ ਪਾਰਟੀ ਦੀ ਸਿਆਸਤ ਦੇ



ਵਿਰੋਧ ਤੇ ਖੜੀ ਸੀ। ....ਫੇਰ ਵੀ ਉਹ ਮੇਰੀ ਸਲਾਹ ਲੈਂਦੀ ਸੀ ਤੇ ਉਸ ਉੱਤੇ ਅਮਲ ਕਰਦੀ ਸੀ। ਹੁਣ ਵਾਲੀ ਮੈਡਮ (ਸੋਨੀਆਂ ਗਾਂਧੀ-ਲੇਖਕ) ਵੀ ਆਪਣੀ ਸੱਸ ਦੀ ਹੀ ਪੜ੍ਹਾਈ ਹੋਈ ਏ। ਉਹਨੇ ਵੀ ਸਾਰਾ ਕੁੱਝ ਮੇਰੇ ਤੇ ਛੱਡ ਦੇਣੈ, ਉਹਨੇ ਕਹਿਣੈ, 'ਕਾਮਰੇਡ ਕਿਰਤੀ, ਆਪ ਸੰਭਾਲੀਏ ਇਸ ਕੋ। ਮੁਝੇ ਕੁੱਝ ਨਹੀਂ ਸੂਝਤਾ।" *(ਸਫਾ-29)*

ਇਹੋ ਕਾਰਨ ਹੈ ਕਿ ਮੁੱਖ ਵਿਰੋਧੀ ਬੁਰਜ਼ਵਾ ਲੈਂਡਲਾਰਡ ਪਾਰਟੀ ਦੀ ਨੇਤਾ, ਕਿਰਤੀ ਨੂੰ ਆਖਦੀ ਹੈ, "ਕਾਮਰੇਡ ਕਿਰਤੀ, ਹਮ ਆਪ ਕੀ ਪਾਰਟੀ ਕੋ ਪਰਾਈ ਨਹੀਂ ਸਮਝਤੇ। ਜੋ ਆਪ ਕਹੇਂਗੇ, ਕਰੇਂਗੇ।" *(ਸਫਾ-54)*

ਅਤੇ "ਕਾਮਰੇਡ ਕਿਰਤੀ ਮੈਂ ਆਪ ਕੀ ਅਭਾਰੀ ਹੂੰ। ਆਪ ਰਾਸ਼ਟਰ ਪਾਰਟੀ ਕੇ ਹਿੱਤੋਂ ਕਾ ਧਿਆਨ ਹਮ ਸੇ ਭੀ ਅੱਛਾ ਰਖਤੇ ਹੈਂ।" *(ਸਫਾ-55)*

ਜਦੋਂ 'ਕਿਰਤੀ' ਦਾ ਪੋਤਰਾ ਉਸ ਨੂੰ ਦੱਸਦਾ ਹੈ ਕਿ ਉਹਦਾ ਹੋਣ ਵਾਲਾ ਸਹੁਰਾ ਮਨਜੀਤ ਸਿੰਘ ਰਾਸ਼ਟਰੀ ਬੈਂਕ ਦਾ ਡਾਇਰੈਕਟਰ ਹੈ ਤਾਂ ਉਹ ਆਖਦਾ ਹੈ :

"ਹੱਛਾ, ਹੱਛਾ! ਯਾਦ ਆ ਗਿਐ। ਪਿੱਛੋਂ ਅੰਬਰਸਰ ਦਾ ਕਿਹਾ ਈ ਨਾ? ਇਕ ਬਾਰੀ ਮੈਂ ਸਿਫਾਰਸ਼ ਕੀਤੀ ਸੀ ਉਹਦੀ। ਮੈਂ ਹੀ ਲਗਵਾਇਆ ਸੀ ਉਹਨੂੰ ਏਸ ਬੈਂਕ ਦਾ ਡਾਇਰੈਕਟਰ। ਓਦੋਂ ਸਾਡੇ ਸਾਂਝੇ ਮੋਰਚੇ ਦੀ ਸਰਕਾਰ ਹੁੰਦੀ ਸੀ।" *(ਸਫਾ 99)*

ਅਤੇ, ਪੋਤਰੇ ਦੀ ਮੰਗੇਤਰ ਵਲੋਂ ਵਿਆਹ 'ਤੇ ਪ੍ਰਧਾਨ ਮੰਤਰੀ ਦੇ ਆਉਣ ਬਾਰੇ ਪੇਸ਼ ਕੀਤੀ ਗਈ ਇੱਛਾ ਦੀ ਪੂਰਤੀ ਲਈ ਕਿਰਤੀ ਦੇ ਸ਼ਬਦ ਵੇਖੋ :

"ਉਹ ਤਾਂ ਭਾਈ ਆ ਹੀ ਜਾਊ।"...."ਬੁਲਾ ਲਾਂਗੇ ਸੂ, ਉਹਦੀ ਫੋਟੋ ਵੀ ਖਿਚਵਾ ਦਿਆਂਗੇ, ਉਹਦੇ ਨਾਲ ਪੰਜ ਦਸ ਮੁੱਖ ਮੰਤਰੀ ਵੀ ਪਹੁੰਚ ਜਾਣਗੇ। ਮਹਾਂਰਾਸ਼ਟਰਾ ਦਾ ਵੀ ਆ ਜਾਊ, ਜਿੱਥੇ ਉਹਦਾ ਘਰ ਏ। ਹੋਰ ਦੱਸ। ਕਹੇਂ ਤਾਂ ਦੋ ਚਾਰ ਗਬਰਨਰ ਵੀ ਬੁਲਾ ਲਈਏ।" *(ਸਫਾ 100)*

ਜਦੋਂ ਭਗਵੰਤ ਸਿੰਘ ਧਾਲੀਵਾਲ, ਪੰਜਾਬ ਦਾ ਇਕ ਬੁਰਜ਼ਵਾ ਤਿਕੜਮਬਾਜ ਲੀਡਰ ਜੋ ਉਸ ਦੇ ਪਰਵਾਰ ਦਾ ਹੀ ਮੈਂਬਰ ਬਣ ਗਿਆ ਹੈ, ਅੱਤ ਦੀ ਨੇੜਤਾ ਰੱਖਦਾ ਹੈ ਅਤੇ ਉਸਨੂੰ ਪਾਪਾ ਜੀ ਕਹਿ ਕੇ ਸੰਬੋਧਨ ਕਰਦਾ ਹੈ, ਕਿਰਤੀ ਨੂੰ ਘਰ ਮਿਲਦਾ ਹੈ ਤਾਂ ਕਿਰਤੀ ਉਸ ਨੂੰ ਬਿਨਾ ਲੋੜ ਹੀ ਦੱਸਦਾ ਹੈ :

"....ਪਤਾ ਈ, ਜਿਸ ਕੁਰਸੀ 'ਤੇ ਹੁਣ ਤੂੰ ਬੈਠਾ ਏਂ; ਉਹਦੇ 'ਤੇ ਕੱਲ੍ਹ ਸ਼ਰਤ ਬਾਬੂ ਬੈਠਾ ਸੀ।" *(ਸਫਾ 153)*

ਭਾਵੇਂ ਮਾਰਕਸੀ ਪਾਰਟੀ ਦੀ ਪੰਜਾਬ ਇਕਾਈ ਇਸ ਧਾਲੀਵਾਲ ਨੂੰ ਪਸੰਦ ਨਹੀਂ ਕਰਦੀ। ਐਪਰ ਇਸ ਦੇ ਬਾਵਜੂਦ ਵੀ, 'ਕਿਰਤੀ' ਦਾ ਉਸ ਦੇ ਸਿਰ ਤੇ ਹੱਥ ਮਜ਼ਬੂਤੀ ਨਾਲ ਟਿਕਿਆ ਹੋਇਆ ਹੈ ਅਤੇ ਉਹ ਉਸ ਨਾਲ ਅੱਤ ਨੇੜਲੇ ਸੰਬੰਧ ਕਾਇਮ ਰੱਖਦਾ ਹੈ। ਧਾਲੀਵਾਲ ਖ਼ੁਦ ਆਖਦਾ ਹੈ :

"ਭਾਪਾ-ਜੀ ਅਜੇ ਉਹਦੇ ਨਾਲ (ਮਾਰਕਸੀ ਪਾਰਟੀ ਪੰਜਾਬ ਦੇ ਸੂਬਾ ਸਕੱਤਰ ਨਾਲ-ਲੇਖਕ) ਗੱਲ ਨਾ ਕਰਨਾ। ਐਵੇਂ ਭਾਨੀ ਮਾਰੇਗਾ। ਪਾਰਟੀ ਵਾਲੇ ਮੇਰਾ ਪੱਖ ਨਹੀਂ ਪੂਰਦੇ। ਜਿਸ ਤਰ੍ਹਾਂ ਤੁਸੀਂ ਮੇਰੇ ਸਿਰ 'ਤੇ ਹੱਥ ਰੱਖਿਆ ਹੋਇਐ, ਉਹਨਾਂ ਨੂੰ ਸੁਖਾਂਦਾ ਨਹੀਂ।" *(ਸਫਾ 156)*

ਸਰਮਾਏਦਾਰ-ਜਗੀਰਦਾਰ ਜਮਾਤਾਂ ਨਾਲ, ਉਨ੍ਹਾਂ ਦੇ ਲੀਡਰਾਂ ਨਾਲ ਇਕ ਹਕੀਕੀ ਕਮਿਊਨਿਸਟ ਨੂੰ ਜਮਾਤੀ ਨਫਰਤ ਹੋਣੀ ਲਾਜ਼ਮੀ ਹੈ, ਪਰ ਮਾਰਕਸੀ ਪਾਰਟੀ ਦੇ ਇਸ ਕੁੱਲ ਹਿੰਦ ਸਕੱਤਰ ਨੂੰ ਇਹਨਾਂ ਜਮਾਤਾਂ ਤੇ ਉਹਨਾਂ ਦੇ ਲੀਡਰਾਂ ਨਾਲ ਮੋਹ ਤੇ ਯਾਰੀ ਹੋਣ ਦਾ ਮਾਣ ਹੈ। ਉਹ ਫੂਕ ਛੱਕਦਾ ਹੋਇਆ ਆਖਦਾ ਹੈ :

"ਮੈਡਮ ਕਮਾਲ ਦੀ ਔਰਤ ਏ। ਸਾਡੇ ਏਥੇ ਘਰ ਆਈ ਸੀ। ਆਹ ਨਾਲ ਵਾਲੇ ਕਮਰੇ 'ਚ ਬੈਠੀ ਰਹੀ। ਕੋਈ ਸ਼ੱਕ-ਸ਼ੁਬਾ ਨਹੀਂ ਸੀ। ਕੋਈ ਸੰਗ ਨਹੀਂ ਸੀ। ਕੋਈ ਤਕੱਲਫ ਨਹੀਂ ਸੀ। ਆਪਣੀ ਗੱਲ ਪੂਰੇ

ਬਿਸ਼ਬਾਸ ਨਾਲ ਕਹਿੰਦੀ ਰਹੀ ਤੇ ਪੂਰੇ ਬਿਸ਼ਬਾਸ ਨਾਲ ਮੇਰੀ ਵੀ ਸੁਣਦੀ ਰਹੀ। ਸਮਝਣਾ ਸਿਖਣਾ ਚਾਹੁੰਦੀ ਸੀ। ਬੜੀ ਸਿਆਣੀ ਏ।" *(ਸਫਾ -211)*

ਉਹ ਜਮਾਤੀ ਭਿਆਲੀ ਦੀ ਲਾਈਨ ਦਾ ਪੱਕਾ ਅਨੁਆਈ ਹੈ ਅਤੇ ਆਪਣੀ ਪਾਰਟੀ ਦੀ ਸਰਕਾਰ 'ਚ ਸ਼ਮੂਲੀਅਤ ਦੇ ਹੱਕ 'ਚ ਇਹ ਦਲੀਲ ਦਿੰਦਾ ਹੈ ਕਿ ਵਜਾਰਤ 'ਚ ਸ਼ਾਮਲ ਹੋਣ ਨਾਲ ਹੀ ਪਾਰਟੀ ਦਾ ਦੇਸ਼ ਪੱਧਰ 'ਤੇ ਪ੍ਰਸਾਰ ਹੋ ਸਕੇਗਾ। ਇਸ ਸੰਦਰਭ ਵਿਚ ਉਹ ਇਕ ਸਵਾਲ ਦੇ ਜਵਾਬ ਵਿਚ ਆਖਦਾ ਹੈ :

"ਜਿੱਥੋਂ ਤੱਕ ਮੇਰੀ ਆਪਣੀ ਜਾਤੀ ਰਾਇ ਏ, ਮੈਂ ਚਾਹਵਾਂਗਾ ਕਿ ਸਾਡੀ ਪਾਰਟੀ ਤੇ ਸਾਡੇ ਹੋਰ ਸਾਥੀ ਏਸ ਸਰਕਾਰ ਬਿੱਚ ਸ਼ਾਮਲ ਹੋਣ। ਮੈਂ ਸਮਝਦਾ ਹਾਂ ਏਸ ਤਰ੍ਹਾਂ ਸਾਨੂੰ ਆਪਣੇ ਦੋ ਤਿੰਨ ਸੂਬਿਆਂ ਦੇ ਸ਼ਿਕੰਜੇ ਵਿਚੋਂ ਬਾਹਰ ਨਿਕਲਣ ਵਿਚ ਮਦਦ ਮਿਲੇਗੀ।" *(ਸਫਾ-213)*

'ਕਿਰਤੀ' ਪਾਰਲੀਮਾਨੀ ਜੁਗਾੜਵਾਦੀ ਹੈ। ਉਹ ਮਾਰਕਸਵਾਦ ਨੂੰ ਜੀਵਨ ਤੋਂ ਵੱਖਰਾ ਦੱਸਦਾ ਹੈ ਤੇ 'ਠੋਸ ਸਥਿੱਤੀ' ਦੇ ਪਰਦੇ ਹੇਠ ਜੁਗਾੜਵਾਦ ਤੇ ਮੌਕਾਪ੍ਰਸਤੀ ਲਈ ਆਧਾਰ ਤਿਆਰ ਕਰਦਾ ਤੇ ਪਰਚਾਰਦਾ ਹੈ।

ਜਦੋਂ ਉਹ ਆਪਣੇ ਬਗਲਬੱਚੇ ਤੇ ਉਸ ਨੂੰ ਪਾਪਾ ਕਹਿ ਕੇ ਬੁਲਾਣ ਵਾਲੇ ਧਾਲੀਵਾਲ ਦੀ ਦੋ ਲੱਖ ਤੋਂ ਵੀ ਵੱਧ ਵੋਟਾਂ ਲੈਣ ਦੀ ਖਬਰ ਸੁਣਦਾ ਹੈ ਤਾਂ ਖੁਸ਼ੀ ਵਿਚ ਉਛਲਦਾ ਆਪਣੀ ਪਤਨੀ ਨੂੰ ਆਖਦਾ ਹੈ :

ਅਬਤਾਰ ਕੁਰੇ, ਆਹ ਵੇਖ, ਆਪਣਾ ਭੱਗਾ ਕਿੰਨੇ ਬੋਟ ਲੈ ਗਿਐ। ਦੋ ਲੱਖ ਤੋਂ ਵੀ ਵੱਧ....।" *(ਸਫਾ 250)*

**'ਕਿਰਤੀ' ਦਾ ਚੌਥਾ ਲੱਛਣ ਹੈ, ਸਿਰੇ ਦੀ ਮੌਕਾਪ੍ਰਸਤ ਪਾਰਲੀਮਾਨੀ ਜੁਗਾੜਵਾਦੀ ਪਹੁੰਚ; ਮਾਰਕਸਵਾਦੀ ਸੰਸਾਰ ਦ੍ਰਿਸ਼ਟੀਕੋਣ 'ਚ ਭਰੋਸਾ ਨਾ ਹੋਣਾ ਅਤੇ ਬੁਰਜ਼ਵਾ ਰਾਜਸੱਤਾ ਨੂੰ ਆਪਣੀ ਰਾਜਸੱਤਾ ਸਮਝ ਕੇ ਫੰਕਸ਼ਨ ਕਰਨਾ।**

'ਕਿਰਤੀ' ਕਮਿਊਨਿਸਟ ਅਖਵਾਉਂਦਾ ਹੈ, ਪਾਰਟੀ ਦਾ ਕੁਲ ਹਿੰਦ ਮੁੱਖ ਸਕੱਤਰ ਵੀ ਹੈ, ਪਰ ਆਪਣੇ ਵਾਕਫਕਾਰਾਂ, ਨਿੱਜੀ ਹਮਦਰਦਾਂ, ਸੁਨੇਹੀਆਂ, ਰਿਸ਼ਤੇਦਾਰਾਂ ਤੇ ਪਰਵਾਰ ਦੇ ਮੈਂਬਰਾਂ ਨੂੰ ਬਾਹਰ ਵਿਦੇਸ਼ਾਂ ਵਿਚ ਭੇਜਣ ਦਾ ਬੰਦੋਬਸਤ ਕਰਦਾ ਹੈ ਅਤੇ ਆਪਣੇ ਪਰਵਾਰ ਦੇ ਮੈਂਬਰਾਂ ਨੂੰ ਕਮਿਊਨਿਸਟ ਸਿਆਸਤ ਤੋਂ ਲਾਂਭੇ ਰੱਖਣਾ ਚਾਹੁੰਦਾ ਹੈ ਕਿਉਂਕਿ ਉਸ ਦੀ ਸੋਚ ਹੈ, "....ਸਿਆਸਤ ਬੜਾ ਕੁਵੱਲਾ ਕਸਬ ਏ, ਇਹਦੇ ਚੋਂ ਕੁਝ ਨਹੀਂ ਲੱਭਦਾ। ਬਸ ਸੱਚੀ ਝੂਠੀ ਤਸੱਲੀ ਹੀ ਮਿਲ ਸਕਦੀ ਏ। ਪਰਵਾਰ ਦੇ ਇਕੋ ਬੰਦੇ ਨੂੰ ਹੀ ਏਸ 'ਚ ਪੈਣਾ ਚਾਹੀਦੈ। ਬਾਕੀਆਂ ਨੂੰ ਹੋਰ ਕੰਮ ਕਰਨੇ ਚਾਹੀਦੇ ਨੇ। ਅਜਿਹੇ ਕੰਮ ਜਿਹੜੇ ਸੌਖੇ ਹੋਣ ਤੇ ਜਿਨ੍ਹਾਂ ਚੋਂ ਕੁੱਝ ਨਿਕਲੇ।" *(ਸਫਾ-27)*

ਮੁੱਖ ਵਿਰੋਧੀ ਪਾਰਟੀ ਦੀ ਲੀਡਰ 'ਮੈਡਮ' ਬਾਰੇ ਕਿਰਤੀ ਫੂਕ ਛੱਕਦੇ ਹੋਏ ਆਖਦਾ ਹੈ:

"ਹਾਂ ਭਾਈ ਮੈਡਮ ਆਈ ਸੀ ਕੱਲ੍ਹ ਘਰ। ਸਾਰੀਆਂ ਗੱਲਾਂ ਹੋਈਆਂ ਉਹਦੇ ਨਾਲ। ਬੜੀ ਸਿਆਣੀ ਔਰਤ ਏ। ਸਾਰਾ ਕੁੱਝ ਉਹਦਾ ਉਂਗਲਾਂ 'ਤੇ ਏ। ਮੇਰੀ ਗਲ ਸੁਣਦੀ ਰਹੀ। ਜਬਾਬ 'ਚ ਉਹਨੇ ਇਕ ਲਫਜ਼ ਵੀ ਵਾਧੂ ਨਹੀਂ ਬੋਲਿਆ।" *(ਸਫਾ-63)*

ਰਾਸ਼ਟਰੀ ਜਨਤਾ ਦਲ ਦੇ ਮੁੱਖੀ ਬਾਰੇ, ਉਹ ਆਪਣੇ ਇਕ ਪੁਰਾਣੇ ਸਾਥੀ ਕੈਪਟਨ ਸਿਨਹਾ ਨੂੰ ਆਖਦਾ ਹੈ :

"ਚਲੋ ਕਰਨੇ ਹਾਂ ਗੱਲ ਉਹਦੇ ਨਾਲ ਵੀ। ਬੜਾ ਮੰਨਦੈ ਮੈਨੂੰ। ਅੱਜ ਦਫਤਰ ਫ਼ੋਨ ਆਇਆ ਸੀ ਉਹਦਾ। ਕਹਿੰਦਾ ਸੀ, ਮਹਾਂਪੁਰਸ਼ੋ, ਚਰਨ ਸਪਰਸ਼ ਦਾ ਅਬਸਰ ਦਿਓ!" *(ਸਫਾ 71)*

ਬਿਹਾਰ, ਯੂ.ਪੀ., ਤਾਮਲਨਾਡੂ, ਆਂਧਰਾ ਪ੍ਰਦੇਸ਼ ਤੇ ਪੰਜਾਬ ਦੀਆਂ ਖੇਤਰੀ ਸਰਮਾਏਦਾਰ-ਜਗੀਰਦਾਰ ਪਾਰਟੀਆਂ ਦੀਆਂ ਚੋਣ ਪ੍ਰਾਪਤੀਆਂ ਤੋਂ ਉਹ ਬਹੁਤ ਪ੍ਰਭਾਵਤ ਹੈ ਅਤੇ ਰਸ਼ਕ ਕਰਦਾ ਹੈ ਕਿ ਇਹ ਪਾਰਲੀਮਾਨੀ ਲਾਹੇ ਉਸਦੀ ਪਾਰਟੀ ਨੂੰ ਵੀ ਮਿਲਣ।



ਉਹ ਸੋਚਦਾ ਹੈ : "ਇਹ ਗਿੱਦੜਸਿੰਙੀ ਸਾਨੂੰ ਕਿਉਂ ਨਹੀਂ ਲੱਭੀ। ਅਸੀਂ ਸੰਨ 1925 ਤੋਂ ਲੱਗੇ ਹੋਏ ਹਾਂ।.... ਫੇਰ ਵੀ ਲੋਕ ਸਾਡੇ ਪਿੱਛੇ ਨਹੀਂ ਲੱਗੇ ਅਜੇ ਤੱਕ ਦੇਸ਼ ਭਰ 'ਚ ਸਾਨੂੰ ਸਿਰਫ ਸੌ ਵਿਚੋਂ ਪੰਜ ਵੋਟ ਹੀ ਮਿਲਦੇ ਨੇ।" *(ਸਫਾ-112)*

'ਕਿਰਤੀ' ਮਹਿਸੂਸ ਕਰਦਾ ਹੈ ਕਿ : "....ਜੇ ਅਸੀਂ ਇਸ ਦੇਸ਼ 'ਚ ਅਗੇ ਵਧਣਾ ਏ, ਸਾਨੂੰ ਇਹ ਗਿੱਦੜਸਿੰਙੀ ਲੱਭਣੀ ਪਏਗੀ। ਪਰ ਲੱਭੀਏ ਕਿੱਥੋਂ? **ਸਿਧਾਂਤ ਤੇ ਵਿਚਾਰਧਾਰਾ ਦੇ ਜਿਹੜੇ ਖੋਪੇ ਸਾਡੀਆਂ ਅੱਖਾਂ 'ਤੇ ਚੜ੍ਹੇ ਹੋਏ ਨੇ, ਉਹਨਾਂ ਚੋਂ ਸਾਨੂੰ ਇਹ ਦਿਸ ਹੀ ਨਹੀਂ ਸਕਦੀ।** ਬਾਲ ਗੋਪਾਲ ਜਿਹੇ ਸਿਆਸਤਦਾਨਾਂ ਨੇ ਜਾਤਪਾਤ ਦੀਆਂ, ਧਰਮ ਦੀਆਂ, ਇਲਾਕੇ ਦੀਆਂ, ਬੋਲੀ ਦੀਆਂ ਐਨਕਾਂ ਪਾਈਆਂ ਹੋਈਆਂ ਨੇ। ਸਾਡੇ ਨੱਕਾਂ 'ਤੇ ਇਹ ਐਨਕਾਂ ਨਹੀਂ ਠਹਿਰ ਸਕਦੀਆਂ।" *(ਸਫਾ-112)*

ਮਾਰਕਸੀ ਨੇਤਾ ਸ਼ਰਤ ਬਾਬੂ ਨੂੰ 1995 'ਚ ਬੁਰਜ਼ਵਾ ਪਾਰਟੀਆਂ ਦੀ ਮਦਦ ਨਾਲ ਪ੍ਰਧਾਨ ਮੰਤਰੀ ਬਨਾਉਣ ਦੀ ਤਜ਼ਵੀਜ਼ ਦੇ ਕੇਂਦਰੀ ਕਮੇਟੀ ਵਿਚ ਰੱਦ ਹੋ ਜਾਣ 'ਤੇ ਕਿਰਤੀ ਪਾਰਟੀ ਦੀ ਪੋਲਿਟ ਬਿਊਰੋ, ਕੇਂਦਰੀ ਕਮੇਟੀ ਤੇ ਰਾਜਸੀ ਮਤਿਆਂ ਨੂੰ ਕੋਸਦਾ ਹੈ ਤੇ ਉਹਨਾਂ ਨੂੰ ਨਖਿੱਧ ਸਮਝਣ ਲੱਗ ਪੈਂਦਾ ਹੈ। ਉਹ ਕਹਿੰਦਾ ਹੈ :

"....ਬੇਖ, ਉਦੋਂ ਸ਼ਰਤ ਬਾਬੂ ਪ੍ਰਧਾਨ ਮੰਤਰੀ ਬਣਨ ਨੂੰ ਤਿਆਰ ਸੀ। ਮੈਂ ਪਾਰਟੀ ਦਾ ਮੁੱਖ ਸਕੱਤਰ ਸਾਂ। ਮੈਂ ਵੀ ਉਹਨੂੰ ਬਨਾਣਾ ਚਾਹੁੰਦਾ ਸਾਂ। ਅਸੀਂ ਮਾਮਲਾ ਪੋਲਿਟ ਬਿਊਰੋ ਅੱਗੇ ਰੱਖਿਆ। ਪੋਲਿਟ ਬਿਊਰੋ ਭੰਬਲਭੂਸੇ 'ਚ ਪੈ ਗਿਆ। ਕਿਸੇ ਨਿਰਣੇ 'ਤੇ ਨਾ ਪਹੁੰਚ ਸਕਿਆ। ਮਾਮਲਾ ਕੇਂਦਰੀ ਕਮੇਟੀ ਅੱਗੇ ਲਿਆਂਦਾ ਗਿਆ। ਉੱਥੇ ਥੋੜੇ ਜਿਹੇ ਵੋਟਾਂ ਨਾਲ ਸੁਝਾਅ ਰੱਦ ਹੋ ਗਿਆ। ਗੱਲ ਖਤਮ ਹੋ ਗਈ।" *(ਸਫਾ-130)*

"....ਜਿਹੜੇ ਏਸ ਸੁਝਾਅ ਦੇ ਵਿਰੋਧੀ ਸਨ, ਉਹ ਪਾਰਟੀ ਦਾ ਇਕ ਮਤਾ ਕੱਢ ਲਿਆਏ, ਜਿਹੜਾ 1967 'ਚ ਪਾਸ ਕੀਤਾ ਗਿਆ ਸੀ। ਇਹ ਓਸ ਵੇਲੇ ਦੀ ਸਥਿਤੀ ਦਾ ਮਤਾ ਸੀ। ਹੁਣ ਸਥਿਤੀ ਹੋਰ ਸੀ, ਪਰ ਮਤਾ ਉਹੀਓ ਸੀ। ਬਦਲਿਆ ਨਹੀਂ ਸੀ ਗਿਆ। ਏਸ ਲਈ ਅਜੇ ਲਾਗੂ ਸੀ....।" *(ਸਫਾ-130)*

'ਕਿਰਤੀ' ਦਾ ਨਾ ਤਾਂ ਮਾਰਕਸਵਾਦ ਵਿਚ ਭਰੋਸਾ ਹੈ ਤੇ ਨਾ ਹੀ ਆਪਣੇ ਪਾਰਟੀ ਪ੍ਰੋਗਰਾਮ, ਯੁੱਧਨੀਤੀ ਅਤੇ ਰਾਜਨੀਤਕ ਮਤਿਆਂ 'ਚ, ਉਹ ਸ਼ਰਤ ਬਾਬੂ ਦੀਆਂ ਕਿਹੜੀਆਂ ਖੂਬੀਆਂ ਨੂੰ ਉਤਮ ਦੱਸਦਾ ਹੈ :

"....ਤੂੰ ਕਮਿਊਨਿਸਟਾਂ ਦੀ ਰਵਾਇਤੀ ਤਸਵੀਰ ਬਦਲ ਦਿੱਤੀ ਏ। ਜੋ ਤੂੰ ਏ ਲੋਕ ਕਮਿਊਨਿਸਟਾਂ ਨੂੰ ਉਂਝ ਨਹੀਂ ਚਿਤਵਦੇ। ਤੂੰ ਸਾਫ ਸੁਥਰੇ, ਕਲਫ ਲਗੇ, ਇਸਤਰੀ ਕੀਤੇ ਕੱਪੜੇ ਪਾਉਣੈ, ਜਿਹੜੇ ਕਮਿਊਨਿਸਟਾਂ ਲਈ ਓਪਰੇ ਸਮਝੇ ਜਾਂਦੇ ਨੇ। ਪਰ ਤੂੰ ਪਾਉਣੈ। ਸ਼ਰਾਬ ਪੀਣੀ ਚੰਗੀ ਨਹੀਂ ਸਮਝੀ ਜਾਂਦੀ, ਪਰ ਤੂੰ ਰੋਜ਼ ਸ਼ਾਮੀ ਆਪਣੀ ਸਕਾਚ ਤੇ ਸੋਡਾ ਪੀਣੈ। ਕਮਿਊਨਿਸਟਾਂ ਲਈ ਵਾਧੂ ਸੈਰਾਂ ਤੇ ਛੁੱਟੀਆਂ ਚੰਗੀਆਂ ਨਹੀਂ ਸਮਝੀਆਂ ਜਾਂਦੀਆਂ, ਪਰ ਤੂੰ ਹਰ ਸਾਲ ਗਰਮੀਆਂ 'ਚ ਯੂਰਪ ਜਾਨੈ। ਤੇਰਾ ਪੁੱਤਰ ਕੋਈ ਫਕੜ ਬਾਬੂ ਨਹੀਂ, ਸਨੱਅਤਕਾਰ ਏ। ਪੈਸੇ ਵਾਲੈ। ਉਹਨੇ ਬਹੁਤਾ ਪੈਸਾ ਬਣਾਇਆ ਭੀ ਉਦੋਂ ਏ ਜਦੋਂ ਤੂੰ ਮੁੱਖ ਮੰਤਰੀ ਦੀ ਗੱਦੀ ਤੇ ਹੁੰਦਾ ਸੈਂ। ਉਹਦੇ ਦੋ ਚਾਰ ਸਕੈਂਡਲ ਵੀ ਹੋਏ ਨੇ। ਪਰ ਫਿਰ ਭੀ ਕਮਿਊਨਿਸਟ ਦੇ ਤੌਰ 'ਤੇ ਤੇਰੀ ਮਾਨਤਾ ਨਹੀਂ ਘਟੀ। ਲੋਕਾਂ ਨੂੰ ਤੇਰੇ ਬਰਗਾ ਕਮਿਊਨਿਸਟ ਚੰਗਾ ਲੱਗਣ ਲੱਗ ਪਿਐ....।" *(ਸਫਾ-148)*

ਏਸੇ ਸੰਦਰਭ ਵਿਚ 'ਕਿਰਤੀ' ਪਾਰਟੀ ਅੰਦਰ ਆਪਣੇ ਵਿਰੁੱਧ ਲੱਗੇ ਦੂਸ਼ਨਾਂ ਦੀ ਕੋਈ ਪਰਵਾਹ ਨਹੀਂ ਕਰਦਾ :

"....ਸਾਡੀ ਆਪਣੀ ਪਾਰਟੀ 'ਚ ਬੜੇ ਅਜਿਹੇ ਲੋਕ ਨੇ ਜਿਹੜੇ ਕਹਿੰਦੇ ਨੇ, ਸੱਤਾ 'ਚ ਰਹਿਣ ਲਈ ਮੈਂ ਕੁੱਝ ਭੀ ਕਰ ਸਕਨਾਂ। ਮੈਂ ਬੇਕਿਰਕ ਹਾਂ। ਬੇਤਰਸ ਹਾਂ। ਕਾਮਰੇਡਾਂ ਨੂੰ ਵਰਤਨਾਂ। ਪੈਸਾ 'ਕੱਠਾ

ਕਰਨਾਂ। ਪਤਾ ਨਹੀਂ ਕਿੱਥੋਂ-ਕਿੱਥੋਂ। ਪਤਾ ਨਹੀਂ ਕਿੱਥੇ ਪਾਨਾਂ। ਏਸ ਦੂਸ਼ਨ ਨੂੰ ਬੜੇ ਲੋਕ ਮੰਨਦੇ ਨੇ। ਜੇ ਮੈਂ ਉਹਨਾਂ ਦੀ ਸੁਣਾ ਤਾਂ ਬਹਿ ਜਾਂ।" *(ਸਫਾ-149)*

'ਕਿਰਤੀ' ਸਮੂਹਕ ਫੰਕਸ਼ਨਿੰਗ ਨੂੰ ਟਿੱਚ ਸਮਝਦਾ ਹੈ, ਉਹ ਆਪਣੀ ਮਰਜੀ ਨਾਲ ਹੀ ਕਿਸੇ ਨੂੰ ਕੇਂਦਰੀ ਕਮੇਟੀ 'ਚ ਪੁਆਇਆ ਦੱਸਦਾ ਹੈ ਤੇ ਕਿਸੇ ਨੂੰ ਪ੍ਰਾਂਤ ਦਾ ਸਕੱਤਰ ਬਨਾਇਆ ਦੱਸਦਾ ਹੈ। ਪਰ ਜੇ ਕੋਈ ਵੀ ਉਸਦੀ ਨੁਕਤਾਚੀਨੀ ਕਰੇ ਤਾਂ ਉਸ ਪਿੱਛੇ ਹੱਥ ਧੋ ਕੇ ਪੈ ਜਾਂਦਾ ਹੈ। ਉਹ ਕਹਿੰਦਾ ਹੈ :

" .... ਪੰਜਾਬ 'ਚ ਸਾਡੀ ਪਾਰਟੀ ਵੱਧ ਨਹੀਂ ਸੀ ਰਹੀ। ਮੈਂ ਸੋਚਿਆ ਜੱਟਾਂ ਦਾ ਗ਼ਲਬਾ ਰਿਹੈ, ਏਸ ਕਰਕੇ। ਮੈਂ ਇਕ ਛੀਬਿਆਂ ਦੇ ਪੜ੍ਹੇ-ਲਿਖੇ ਮੁੰਡੇ ਨੂੰ ਸੂਬਾ ਸਕੱਤਰ ਲਵਾ ਦਿੱਤਾ। ਪਾਰਟੀ ਫੇਰ ਭੀ ਨਾ ਵਧੀ, ਪਰ ਉਹ ਮੁੰਡਾ ਖੂਬ ਵਧਿਆ। ਵੱਧ ਕੇ ਮੇਰੇ ਨਾਲ ਆਢਾ ਲਾ ਬੈਠਾ। ਕਹੇ, ਮੈਂ ਪਾਰਟੀ ਪੁਲਸ ਦੇ ਪੈਸੇ ਨਾਲ ਚਲਾਨਾਂ। ਬੜੀ ਭੰਡੀ ਕੀਤੀ ਉਹਨੇ ਮੇਰੀ।। ਅਸੀਂ ਉਹਨੂੰ ਪਾਰਟੀ ਚੋਂ ਕੱਢ ਦਿੱਤਾ।" *(ਸਫਾ 149)*

ਸ਼ਰਤ ਬਾਬੂ ਬਾਰੇ, ਜੋ ਕਿਰਤੀ ਅਨੁਸਾਰ ਹਮੇਸ਼ਾਂ ਉਸ ਨਾਲ ਹੀ ਖਲੋਂਦਾ ਹੈ, ਗੱਲ ਕਰਦਿਆਂ ਇਕ ਕਮਿਊਨਿਸਟ ਲੀਡਰ ਦੀਆਂ ਖੂਬੀਆਂ ਉਹ ਇਸ ਤਰ੍ਹਾਂ ਦੱਸਦਾ ਹੈ :

"ਸਾਰੀਆਂ ਖੂਬੀਆਂ ਸੂ। ਪਰੋਲਤਾਰੀ ਲੀਡਰਾਂ ਵਾਲੀਆਂ ਵੀ ਤੇ ਬੁਰਜ਼ਵਾ ਲੀਡਰਾਂ ਵਾਲੀਆਂ ਵੀ। ਤਦੇ ਤਾਂ ਉਹਨੂੰ ਹਰ ਕੋਈ ਚਾਹੁੰਦੈ।.... ਪੰਜਾਬ 'ਚ ਵੀ ਮੇਰਾ ਸੱਚਾ ਨਹੀਂ ਲੱਭਦਾ। ਜੋ ਮੇਰੇ ਨਾਲ ਚੱਲੇ ਸਨ, ਉਹ ਨਹੀਂ ਰਹੇ। ਜਿਹੜੇ ਦੋ ਚਾਰ ਰਹਿ ਵੀ ਗਏ ਨੇ, ਉਹ ਸੀ.ਪੀ.ਆਈ. 'ਚ ਨੇ।" *(ਸਫਾ-153)*

'ਕਿਰਤੀ' ਦਾ 'ਮਾਰਕਸਵਾਦੀ' ਸਿਧਾਂਤ ਵੀ ਆਪਣਾ ਹੀ ਘੜਿਆ ਹੋਇਆ ਹੈ। ਚੋਣਾਂ ਵਿਚ ਰਾਸ਼ਟਰ ਪਾਰਟੀ ਦੀ ਨੇਤਾ ਮੈਡਮ ਵਲੋਂ ਮਾਰਕਸੀ ਪਾਰਟੀ ਲਈ ਪੰਜਾਬ 'ਚ ਇਕ ਸੀਟ ਛੱਡਣ ਦੀ ਹਾਂ ਬਾਰੇ, ਕਿਰਤੀ ਪੰਜਾਬ ਇਕਾਈ ਦੇ ਸਕੱਤਰ ਨੂੰ ਭਰੋਸਾ ਦਿੰਦਾ ਹੋਇਆ ਆਖਦਾ ਹੈ :

"ਪਾਲਿਆ ਐਮੇਂ ਫਿਕਰ ਨਾ ਕਰ। ਮੈਡਮ ਦਾ ਵਾਇਦਾ ਪੱਕਾ ਏ। ਉਹ ਪੱਛਮ ਦੀ ਏ। ਸਾਡੇ ਸਿਆਸਤਦਾਨਾਂ ਵਰਗੀ ਨਹੀਂ।" *(ਸਫਾ-162)*

ਉਸ ਨੂੰ ਮੈਡਮ ਵਿਚ ਸਾਰੇ ਗੁਣ ਲੱਭਦੇ ਹਨ, ਉਸ ਅਨੁਸਾਰ ਉਹ ਦੇਸ਼ ਦੇ ਹਿੱਤਾਂ ਦਾ ਪੂਰਾ ਧਿਆਨ ਰੱਖਦੀ ਹੈ :

"ਛੱਡ ਸਾਲਬੇ, .... ਆਹ ਕੋਈ ਏਡੀ ਗੱਲ ਨਹੀਂ। ਮੈਡਮ ਬੜੇ ਵੱਡੇ ਦਿੱਲ ਵਾਲੀ ਏ। ਛੋਟੀਆਂ-ਛੋਟੀਆਂ ਗੱਲਾਂ ਦਿਲ ਨੂੰ ਨਹੀਂ ਲਾਉਂਦੀ। ਮਾੜਾ ਚੰਗਾ ਯਾਦ ਨਹੀਂ ਰੱਖਦੀ। ਪਾਰਟੀ ਤੇ ਦੇਸ਼ ਦਾ ਹਿੱਤ ਬੇਖਦੀ ਏ।" *(ਸਫਾ-188)*

ਸੀ.ਪੀ. ਆਈ ਤੇ ਮਾਰਕਸੀ ਪਾਰਟੀ ਦੇ ਇਕੱਠੀਆਂ ਹੋਣ ਬਾਰੇ ਸਵਾਲ ਪੁੱਛਣ 'ਤੇ ਉਸ ਦਾ ਜਵਾਬ ਵੇਖੋ :

" ....ਅਮਲੀ ਤੌਰ 'ਤੇ ਅਸੀਂ ਦੋਵੇਂ ਕਮਿਊਨਿਸਟ ਪਾਰਟੀਆਂ ਇਕੋ ਹਾਂ। ਸਾਰਾ ਕੁੱਝ ਆਪਸੀ ਸਲਾਹਵਾਂ ਤੇ ਸੰਮਤੀ ਨਾਲ ਕਰਦੇ

ਹਾਂ। ਇਹ ਲੋੜ ਮਹਿਸੂਸ ਨਹੀਂ ਹੁੰਦੀ ਕਿ ਅਸੀਂ ਆਪੋ 'ਚ ਲੀਣ ਹੋ ਜਾਈਏ ....।" *(ਸਫਾ -210)*

ਹੋਰ ਦੇਖੋ "ਤੁਸੀਂ ਸਮਝੋ, ਅਸੀਂ ਇਕੋ ਹੀ ਪਾਰਟੀ ਹਾਂ। .... ਪੰਜਾਬ 'ਚ ਸਾਡਾ ਸੂਬਾ ਸਕੱਤਰ ਤੇ ਸੀ.ਪੀ.ਆਈ. ਦਾ ਸੂਬਾ ਸਕੱਤਰ ਸ਼ਾਮੀਂ ਇਕੱਠੇ ਬਹਿਕੇ ਪੂਰੀ ਬੋਤਲ ਸ਼ਰਾਬ ਦੀ ਪੀਂਦੇ ਨੇ। ਹਮ ਪਿਆਲਾ ਨੇ।" *(ਸਫਾ-210)*

ਉਪਰੋਕਤ ਦਰਜ ਅਨੇਕਾਂ ਹਵਾਲਿਆਂ ਦੇ ਆਧਾਰ 'ਤੇ ਅਸੀਂ ਇਹ ਦਰਿੜਤਾ ਪੂਰਬਕ ਕਹਿ ਸਕਦੇ ਹਾਂ ਕਿ ਕਰਮ ਸਿੰਘ ਕਿਰਤੀ ਇਕ ਕਮਿਊਨਿਸਟ ਪਾਤਰ ਦੇ ਤੌਰ 'ਤੇ ਨਹੀਂ ਉਭਰਦਾ ਅਤੇ ਉਹ ਮਾਰਕਸਵਾਦੀ ਸਿਧਾਂਤ ਤੇ ਅਮਲ ਦੇ ਪੈਰੋਕਾਰਾਂ ਦਾ ਪ੍ਰਤੀਨਿੱਧ ਪਾਤਰ ਨਹੀਂ ਹੈ। ਉਹ ਪਾਰਟੀ



ਤੋਂ ਬਾਹਰ ਤੇ ਅੰਦਰ ਵੀ ਸਾਜਸ਼ੀ ਤੇ ਸੌਦੇਬਾਜ ਦਲਾਲ, ਪਾਰਟੀ ਵਲੋਂ ਨਿਰਧਾਰਤ ਸਪੱਸ਼ਟ ਲਿਖਤੀ ਸੇਧਾਂ ਅਨੁਸਾਰ ਜਨਤਕ ਉਗਰਾਹੀ ਕਰਨ ਦੇ ਉਲਟ ਜਾ ਕੇ ਪੁਲਸ, ਸਰਮਾਏਦਾਰਾਂ ਤੇ ਸਨਅੱਤਕਾਰਾਂ ਆਦਿ ਤੋਂ ਵੱਡੀਆਂ ਵੱਡੀਆਂ ਰਕਮਾਂ ਉਗਰਾਉਣ ਵਾਲਾ, ਪਾਰਟੀ ਅੰਦਰ ਆਪਣਾ ਧੜਾ ਤੇ ਗੁੱਟਬੰਦੀ ਬਨਾਉਣ ਨੂੰ ਸਹੀ ਦੱਸ ਕੇ ਇਸ 'ਤੇ ਅਮਲ ਕਰਨ ਵਾਲਾ, ਪਾਰਟੀ ਕਾਮਰੇਡਾਂ ਨੂੰ ਬੁਰਜ਼ਵਾ ਢੰਗਾਂ (ਲਾਲਚ ਤੇ ਵੱਢੀ ਆਦਿ) ਰਾਹੀਂ ਡੀਲ ਕਰਨ ਵਾਲਾ; ਹਉਮੈ, ਸਵੈਸਿਧੀ, ਜੋੜ-ਤੋੜ ਤੇ ਚਲਾਕੀ 'ਤੇ ਨਿਰਭਰ ਕਰਨ ਵਾਲਾ ਇਕ ਬੁਰਜ਼ਵਾ ਸੁਧਾਰਵਾਦੀ ਲੀਡਰ ਹੈ, ਜਿਸ ਨੂੰ ਲੁਟੇਰੀਆਂ ਜਮਾਤਾਂ ਤੇ ਉਸ ਦੇ ਲੀਡਰਾਂ ਨਾਲ ਕੋਈ ਜਮਾਤੀ ਨਫਰਤ ਨਹੀਂ ਸਗੋਂ ਉਨ੍ਹਾਂ ਨਾਲ ਨੇੜਤਾ 'ਤੇ ਮਾਣ ਹੈ। ਨਾਵਲ ਅਨੁਸਾਰ ਉਹ ਨਿਰੋਲ ਪਾਰਲੀਮਾਨੀ ਤੇ ਮੌਕਾਪ੍ਰਸਤ ਪਹੁੰਚ ਅਪਨਾਉਣ ਵਾਲੇ, ਵਿਅਕਤੀਵਾਦੀ ਤਿਕੜਮਬਾਜ, ਜੁਗਾੜਵਾਦੀ, ਮਾਰਕਸਵਾਦੀ ਸੰਸਾਰ ਦ੍ਰਿਸ਼ਟੀਕੋਣ 'ਚ ਕੋਈ ਭਰੋਸਾ ਨਾ ਰੱਖਣ ਵਾਲੇ ਅਤੇ ਪਾਰਟੀ ਦੀ ਯੁੱਧਨੀਤੀ ਨੂੰ ਥੋੜਚਿਰੇ, ਵਕਤੀ ਤੇ ਨਿੱਜੀ ਲਾਭਾਂ ਦੀ ਪੂਰਤੀ ਖਾਤਰ ਦਾਅਪੇਚਾਂ ਦੇ ਅਧੀਨ ਰੱਖਣ ਜਾਂ ਕੁਰਬਾਨ ਕਰਨ ਵਾਲੇ ਅਤੀ ਘਿਰਨਾਜਨਕ ਅਨਸਰ ਵਜੋਂ ਉਭਰਦਾ ਹੈ। ਉਹ ਕਮਿਊਨਿਸਟ ਚੋਲਾ ਪਾ ਕੇ ਪੂਰੀ ਤਰ੍ਹਾਂ ਬੇਅਸੂਲੀਆਂ ਤੇ ਮੌਕਾਪ੍ਰਸਤ ਪੁਜੀਸ਼ਨਾਂ ਲੈਂਦਾ ਹੈ ਅਤੇ ਅਵਸਥਾਵਾਂ ਦਾ ਨਿਰਸਿਧਾਂਤੀਕਰਨ ਕਰਨ ਲਈ ਸਿਰਤੋੜ ਯਤਨ ਕਰਦਾ ਹੈ। ਉਹ ਇਕ ਸਿੱਕੇਬੰਦ ਭੇਖੀ ਸੁਧਾਰਵਾਦੀ ਲੱਗਦਾ ਹੈ ਜਿਹੜਾ ਕਿ ਪਾਰਟੀ ਦੀਆਂ ਸਮੁੱਚੀਆਂ ਸਰਗਰਮੀਆਂ ਨੂੰ ਕੇਵਲ ਚੁਣਾਵੀ ਕੰਮਾਂ ਕਾਰਾਂ ਤੱਕ ਹੀ ਸੀਮਤ ਰੱਖਦਾ ਹੈ ਅਤੇ ਇਸ ਪੱਕੀ ਧਾਰਨਾ ਦਾ ਹੈ ਕਿ ਪਾਰਟੀ ਦਾ ਵਿਕਾਸ ਕੇਵਲ ਚੁਣਾਵੀ ਗੰਢ- ਤੁਪ ਤੇ ਮੌਕਾਪ੍ਰਸਤੀ 'ਤੇ ਆਧਾਰਤ ਜੋੜਤੋੜ ਰਾਹੀਂ ਕੁੱਝ ਸੀਟਾਂ ਪ੍ਰਾਪਤ ਕਰਕੇ ਹੀ ਯਕੀਨੀ ਬਨਾਇਆ ਜਾ ਸਕਦਾ ਹੈ। ਉਹਦੇ ਨਕਸ਼ ਇਕ ਕਮਿਊਨਿਸਟ ਦੇ ਨਕਸ਼ ਕਦਾਚਿੱਤ ਨਹੀਂ ਹਨ ਸਗੋਂ ਇਹ ਤਾਂ ਕਮਿਊਨਿਸਟ ਲਹਿਰ ਅੰਦਰ ਦੁਸ਼ਮਣ ਦੇ ਘੁਸਪੈਠੀਏ ਵਜੋਂ ਦਾਖ਼ਲ ਹੋ ਚੁੱਕੇ ਵਿਰੋਧੀ ਜਮਾਤ ਦੇ ਬੰਦੇ ਵਜੋਂ ਉਭਰਦੇ ਹਨ। ਇਸ ਪੱਖੋਂ ਉਹਦੇ ਨਕਸ਼ ਸੋਵੀਅਤ ਯੂਨੀਅਨ ਨੂੰ ਖੇਰੂ-ਖੇਰੂ ਕਰਨ ਦੀ ਸਾਜਿਸ਼ ਰਚਣ ਦਾ ਕੁਕਰਮ ਕਰਨ ਵਾਲੇ ਮਿਖਾਈਲ ਗੋਰਬਾਚੇਵ ਤੇ ਉਸਦੇ ਜੁੰਡੀਦਾਰ ਏ. ਸ਼ਾਵਰਦਨਾਦਜ਼ੇ ਨਾਲ ਮਿਲਦੇ ਹਨ। ਭਾਰਤੀ ਇਨਟੈਲੀਜੈਂਸ ਦੇ ਸਾਬਕਾ ਜਾਇੰਟ ਡਾਇਰੈਕਟਰ Maloy Krishna Dhar ਵਲੋਂ ਲਿਖੀ 'Open Secrets' ਵਿਚ ਮਾਰਕਸੀ ਪਾਰਟੀ ਦੇ ਇਕ ਉੱਚ-ਨੇਤਾ ਦੇ ਚਿੱਤਰੇ ਖਤਰਨਾਕ ਨਕਸ਼ਾਂ ਨਾਲ ਉਸਦੇ ਨਕਸ਼ ਮਿਲਦੇ ਲੱਗਦੇ ਹਨ। ਨਾਵਲ ਵਿਚ ਵਰਨਣ ਕੀਤੇ ਦਸ ਹਫਤਿਆਂ ਦੌਰਾਨ ਉਹ ਆਪਣੀ ਪਾਰਟੀ ਦਾ ਕੋਈ ਕੰਮ ਕਰਦਾ ਉੱਕਾ ਹੀ ਦਿਖਾਈ ਨਹੀਂ ਦਿੰਦਾ ਸਗੋਂ ਆਪਣੇ ਦਫਤਰ ਜਾਂ ਘਰ ਵਿਚ ਉਮਰੋਂ ਢਲ ਚੁੱਕੀ ਵੇਸਵਾ ਵਾਂਗਰ, ਆਪਣੇ ਗਾਹਕਾਂ-ਬੁਰਜ਼ਵਾ ਲੀਡਰਾਂ-ਦੇ ਆਉਣ ਦੀ ਉਡੀਕ ਕਰਦਾ ਦਰਵਾਜੇ ਜਾਂ ਗੇਟ ਵੱਲ ਅੱਖਾਂ ਜਮਾਈ ਰੱਖਦਾ ਹੈ। ਜਦੋਂ ਕੋਈ ਨਵਾਂ 'ਗਾਹਕ' ਆ ਕੇ ਬੈਠਦਾ ਹੈ ਤਾਂ ਉਹ ਉਸ ਨੂੰ ਮਾਣ ਨਾਲ ਦੱਸਦਾ ਹੈ ਕਿ ਕੱਲ੍ਹ ਫਲਾਣਾ ਫਲਾਣਾ ਵੀ ਆਇਆ ਸੀ ਤੇ ਇਸੇ ਕੁਰਸੀ ਤੇ ਬੈਠਾ ਸੀ। ਕੀ ਬੁਰਜ਼ਵਾਜੀ ਦਾ ਅਜਿਹਾ ਗੰਦ ਤੇ ਹਨੇਰਾ ਢੋਹਣਾ ਇਕ ਕਮਿਊਨਿਸਟ ਕਿਰਦਾਰ ਹੈ? ਨਹੀਂ, ਕਦਾਚਿੱਤ ਨਹੀਂ, ਸਗੋਂ ਅਜਿਹਾ ਕਿਰਦਾਰ ਤੇ ਕਾਰਜਸ਼ੈਲੀ ਕਮਿਊਨਿਸਟ ਨੈਤਿਕਤਾ 'ਤੇ ਨਮੋਸ਼ੀ, ਬਦਨਾਮੀ ਤੇ ਕਲੰਕ ਦਾ ਚਿੰਨ੍ਹ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਨਾਵਲਕਾਰ ਦਾ ਇਹ ਨਾਵਲ ਲਿਖਣ ਦਾ ਉਦੇਸ਼ ਕੀ ਹੈ। ਕੀ ਉਸਨੇ ਕਰਮ ਸਿੰਘ ਕਿਰਤੀ ਦੇ ਰੂਪ ਵਿਚ ਕੁਲ ਹਿੰਦ ਮਾਰਕਸੀ ਪਾਰਟੀ ਦੀ ਸਿਖਰ ਦੀ ਲੀਡਰਸ਼ਿਪ ਵਿਚ ਦਾਖ਼ਲ ਹੋ ਚੁੱਕੇ ਵਿਰੋਧੀ ਜਮਾਤ ਦੇ ਇਕ ਬੰਦੇ ਨੂੰ ਬੇਨਕਾਬ ਕਰਕੇ ਉਸ ਪ੍ਰਤੀ ਨਫਰਤ ਪੈਦਾ ਕਰਨ ਦਾ ਕੰਮ ਕੀਤਾ ਹੈ? ਤਾਂ ਜੋ ਹਕੀਕੀ ਕਮਿਊਨਿਸਟ ਤੇ ਆਮ ਲੋਕ ਅਜਿਹੇ ਬਹੁਰੂਪੀਏ ਕਿਰਦਾਰ 'ਤੇ ਥੂਹ-ਥੂਹ ਕਰਨ ਅਤੇ ਅਜਿਹੇ ਅਨਸਰਾਂ ਦੀ ਨਿਸ਼ਾਨਦੇਹੀ ਕਰਕੇ ਇਹਨਾਂ ਨੂੰ ਕਮਿਊਨਿਸਟ ਪਾਰਟੀਆਂ ਤੇ ਲੋਕ ਸਫਾਂ ਚੋਂ ਨਿਖੇੜਨ। ਕੀ ਉਸ ਦਾ ਉਦੇਸ਼ ਇਹ ਗੈਰ-ਕਮਿਊਨਿਸਟ ਪਹੁੰਚਾਂ ਦੱਸਕੇ ਕਮਿਊਨਿਸਟ ਲਹਿਰ ਦੀ ਸੇਵਾ ਕਰਨਾ ਹੈ? 'ਭਾਊ' ਦਾ ਗਹੁ ਨਾਲ ਅਧਿਐਨ ਕਰਨ

'ਤੇ ਅਜਿਹਾ ਨਹੀਂ ਲੱਗਦਾ। ਆਓ ਵੇਖੀਏ ਕਿ ਕਰਮ ਸਿੰਘ ਕਿਰਤੀ ਦਾ ਇੰਨਾ ਕੁੱਝ ਬੇਨਕਾਬ (ਅਚੇਤ ਜਾਂ ਸੁਚੇਤ ਤੌਰ 'ਤੇ) ਕਰਨ ਉਪਰੰਤ ਵੀ ਲੇਖਕ ਦਾ ਇਸ ਆਗੂ ਬਾਰੇ ਕੀ ਨਜ਼ਰੀਆ ਹੈ। ਉਹ ਕਿਰਤੀ ਦੀਆਂ ਇਹਨਾਂ ਘੋਰ ਕਰੂਚੀਆਂ, ਸੰਦੇਹ ਪੂਰਨ ਕਾਰਵਾਈਆਂ ਤੇ ਕੁਰਾਹਿਆਂ ਦੇ ਬਾਵਜੂਦ ਵੀ ਉਸਨੂੰ ਪਾਠਕਾਂ ਅੱਗੇ ਕਿਵੇਂ ਪੇਸ਼ ਕਰਦਾ ਹੈ :

ਨਾਵਲ ਦੇ ਆਰੰਭ ਵਿਚ ਹੀ 'ਦਸ ਹਫਤਿਆਂ ਦੀ ਬਾਰੀ' ਸਿਰਲੇਖ ਹੇਠ ਕਿਰਤੀ ਦੀ ਸ਼ਲਾਘਾ ਵਿਚ ਉਹ ਲਿਖਦਾ ਹੈ :

"....ਇਕ ਅਜਿਹੇ ਕਲਪਤ ਸਿਆਸਤਦਾਨ ਦੀ ਕਹਾਣੀ ਏ, ਜਿਹੜਾ ਦੁਆਬੇ ਦੀ ਬਹੁ-ਵੰਡੀ ਭੋਇ ਚੋਂ ਉਠਿਆ ਤੇ ਆਪਣੀ ਪਾਰਟੀ ਦੀਆਂ ਟੀਸੀਆਂ ਚੜ੍ਹਦਾ ਦਿੱਲੀ ਉਸ ਥਾਂ ਆ ਬੈਠਾ, ਜਿੱਥੇ ਨਾਮਵਰ ਹਸਤੀਆਂ ਤੇ ਸਿਰਕੱਢ ਸਿਆਸਤਦਾਨ ਉਹਦੀ ਚਰਨ-ਧੂੜ ਲੈਣ ਆਉਂਦੇ ਤੇ ਉਹਦੇ ਤੋਂ ਕੁਰਸੀ ਦਾ ਵਰਦਾਨ ਮੰਗਦੇ। ਇਹ ਉਹਦੀਆਂ ਘਾਲਾਂ ਰਾਹੀਂ ਤ੍ਰਾਤ ਤ੍ਰਾਤ ਵੇਖੀ, ਉਸ ਲੋਕ ਲਹਿਰ ਦੀ ਕਹਾਣੀ ਵੀ ਏ, ਜਿਸਨੂੰ ਉਹਨੇ ਤੇ ਉਹਦੇ ਵਰਗੇ ਲੱਖਾਂ ਹੋਰਨਾਂ ਨੇ ਆਪਣੀਆਂ ਜਿੰਦਾਂ ਅਰਪੀ ਰੱਖੀਆਂ।"

"....ਉਹਦੇ ਨਕਸ਼ ਉਹਦੀ ਲਹਿਰ ਦੇ ਲੱਖਾਂ ਲੋਕਾਂ ਦੇ ਨਕਸ਼ ਨੇ।" ਲੇਖਕ ਇਹ ਟਿੱਪਣੀ ਵੀ ਕਰਦਾ ਹੈ :

"....ਆਪ ਕਿਰਤੀ ਨੇ ਛੋਟੇ ਹੁੰਦਿਆਂ ਤੋਂ ਹੀ ਦੇਸ਼ ਤੇ ਕੌਮ ਦਾ ਗ਼ਮ ਪਾਲਿਆ ਹੋਇਆ ਸੀ। ਉਸ ਨੂੰ ਹਾਸਾ ਕਿਵੇਂ ਆਉਂਦਾ?

ਜਿਵੇਂ ਜਿਵੇਂ ਹੋਸ਼ ਤੇ ਸੋਝੀ ਵਧੀ, ਲੋਕ ਪੀੜ ਦਾ ਅਹਿਸਾਸ ਹੋਰ ਵੱਧਦਾ ਗਿਆ।" *(ਸਫਾ-95)*

ਲੇਖਕ 1995 ਵਿਚ ਬੁਰਜਵਾ ਪਾਰਟੀਆਂ ਦੀ ਮਦਦ ਨਾਲ ਸ਼ਰਤ ਬਾਬੂ ਨੂੰ ਪ੍ਰਧਾਨ ਮੰਤਰੀ ਬਨਾਉਣ ਦੀ 'ਕਾਮਰੇਡ' ਕਿਰਤੀ ਦੀ ਲਾਈਨ ਨੂੰ ਕੇਂਦਰੀ ਕਮੇਟੀ ਵਲੋਂ ਰੱਦ ਕਰਨ ਦੇ ਫੈਸਲੇ ਨੂੰ ਗਲਤ ਸਾਬਤ ਕਰਨ ਲਈ ਤੇ ਇਸ ਦੀ ਖਿੱਲੀ ਉਡਾਉਣ ਲਈ ਧਰਮ ਰਾਜ ਕੋਲੋਂ ਅਖਵਾਉਂਦਾ ਹੈ :

"ਕਮਾਲ ਏ, ਤੁਹਾਡੀ ਪਾਰਟੀ ਵਾਲੇ ਸ਼ਰਤ ਬਾਬੂ ਦਾ ਰਾਹ ਰੋਕਣ ਲਈ 1967 ਦਾ ਮਤਾ ਕੱਢ ਲਿਆਏ। ਤੁਹਾਡੀ ਪਾਰਟੀ ਨੇ ਤਾਂ ਅਫਸਰਸ਼ਾਹੀ ਨੂੰ ਵੀ ਮਾਤ ਪਾ ਦਿੱਤਾ।" *(ਸਫਾ 131)*

ਕਿਰਤੀ ਦੀ ਉਸਤਤੀ 'ਚ ਲੇਖਕ ਕਹਿੰਦਾ ਹੈ :

"....ਕਿਰਤੀ ਹਮੇਸ਼ਾਂ ਆਪਣੀਆਂ ਮੁਹਿੰਮਾਂ ਤੇ ਚੜ੍ਹਿਆ ਰਹਿੰਦਾ। ਭੱਜਾ ਫਿਰਦਾ। ਜੇ ਘਰ ਮੁੜਦਾ ਤਾਂ ਘੜੀ ਦੀ ਘੜੀ। ਕਦੀ ਅੰਦਰ ਹੁੰਦਾ, ਕਦੀ ਬਾਹਰ ਤੇ ਕਦੀ ਅੰਡਰਗਰਾਉਂਡ।....ਆਪ ਕਿਰਤੀ ਨੇ ਛੋਟੇ ਹੁੰਦਿਆਂ ਤੋਂ ਹੀ ਦੇਸ਼ ਤੇ ਕੌਮ ਦਾ ਗ਼ਮ ਪਾਲਿਆ ਹੋਇਆ ਸੀ। ਉਸ ਨੂੰ ਹਾਸਾ ਕਿਵੇਂ ਆਉਂਦਾ? ਜਿਵੇਂ ਜਿਵੇਂ ਹੋਸ਼ ਤੇ ਸੋਝੀ ਵਧੀ, ਲੋਕ ਪੀੜ ਦਾ ਅਹਿਸਾਸ ਹੋਰ ਵੱਧਦਾ ਗਿਆ। ਉਹਨੂੰ ਹੱਸਣਾ ਮਾੜਾ, ਬੇਥਵਾ ਲੱਗਣ ਲੱਗ ਪਿਆ। ਹੱਸਣ ਦੀ ਹਾਜਤ ਹੀ ਨਾ ਹੁੰਦੀ। ਬਸ ਏਸ ਤਰ੍ਹਾਂ ਉਹ ਵੀ ਹੱਸਣਾ ਭੁੱਲ ਗਿਆ। *(ਸਫਾ-95)*

ਏਥੇ ਤਾਂ ਲੇਖਕ ਸ਼ਾਇਦ ਹੱਸਣ-ਹਸਾਉਣ ਬਾਰੇ ਮਹਾਨ ਮਾਰਕਸ ਦੀ ਉਹ ਟਿੱਪਣੀ ਵੀ ਭੁੱਲ ਗਿਆ ਹੈ, ਜਿਹੜੀ ਕਿ ਉਹਨਾਂ ਨੇ ਆਪਣੇ ਮੁਸੀਬਤਾਂ ਵਿਚ ਘਿਰੇ ਹੋਏ ਹੋਣ ਸਮੇਂ ਵੀ, ਮੌਕਾ ਮਿਲਣ 'ਤੇ ਖੁੱਲ੍ਹਕੇ ਹੱਸਣ ਨੂੰ ਸਹੀ ਠਹਿਰਾਉਂਦਿਆਂ ਇਹ ਕਹਿਕੇ ਕੀਤੀ ਸੀ ਕਿ Simia non ridet ਭਾਵ 'ਬਾਂਦਰ ਨਹੀਂ ਹੱਸਦਾ'।

ਕਿਰਤੀ ਦੀ ਵੱਡੀਆਂ ਵੱਡੀਆਂ ਰਕਮਾਂ ਉਗਰਾਹੁਣ ਦੀ ਖਾਣ ਕਿੱਥੇ ਸੀ, ਲੇਖਕ ਇਸ ਬਾਰੇ ਦੱਸਦਾ ਹੋਇਆ ਵੀ ਕਿਰਤੀ ਨੂੰ ਬਰੀ ਕਰ ਦਿੰਦਾ ਹੈ ਕਿ ਉਹ ਇਹ 'ਮਹਾਨ ਮਾਰਕਸਵਾਦੀ' ਕੰਮ ਕੇਵਲ ਪਾਰਟੀ ਲਈ ਹੀ ਕਰਦਾ ਸੀ :



"ਇਹ ਖਾਣ ਕਿੱਥੇ ਸੀ, ਇਹਦਾ ਭੇਤ ਸਿਰਫ ਕਿਰਤੀ ਨੂੰ ਹੀ ਸੀ। ਉਹ ਪੁਟਦਾ ਵੀ ਆਪਣੇ ਹੱਥੀਂ ਸੀ। ਓਨੀ ਹੀ ਪੁੱਟਦਾ ਸੀ, ਜਿੰਨੀ ਲੋੜ ਹੁੰਦੀ ਸੀ। ਆਪਣੀ ਜਾਤ ਲਈ ਨਹੀਂ, ਪਾਰਟੀ ਲਈ ਪੁੱਟਦਾ ਸੀ। ਏਸੇ ਲਈ ਹੀ ਸ਼ਾਇਦ ਏਨੀ ਪੁਟਾਈ ਪਿੱਛੋਂ ਵੀ ਖਾਣ ਦੀ ਕਾਲਖ਼ ਉਹਦੇ ਕੱਪੜਿਆਂ 'ਤੇ ਨਹੀਂ ਸੀ ਦਿਸਦੀ।" *(ਸਫਾ-168)*

ਲੇਖਕ ਅਜਿਹੇ ਪੈਸੇ ਦੇ ਲੈਣ ਦੇਣ ਦੇ ਵਿਰੁੱਧ ਨਹੀਂ ਹੈ। ਉਹ ਮਾਰਕਸੀ ਪਾਰਟੀ ਦੀ ਪੰਜਾਬ ਇਕਾਈ ਦੇ ਸਕੱਤਰ (ਕਿਰਤੀ ਤੇ ਬੰਦੇ) ਵਲੋਂ ਚੋਣ ਲੜਨ ਲਈ ਲੋੜੀਂਦੇ ਪੈਸੇ ਲੈਣ ਸਬੰਧੀ ਆਖਦਾ ਹੈ :

"....ਪ੍ਰੋਫੈਸਰ ਨਵੀਂ ਪੀੜ੍ਹੀ ਦਾ ਲੀਡਰ ਸੀ। ਇਹ ਲੀਡਰ ਚੰਗੇ ਸਨ। ਪੈਸੇ ਤੋਂ ਏਨਾ ਤ੍ਰਹਿੰਦੇ ਨਹੀਂ ਸਨ। ਲੋੜ ਪੈਣ 'ਤੇ ਆਪ ਮੰਗ ਲੈਂਦੇ ਸਨ। ਕਈ ਵਾਰੀ ਲੋੜੋਂ ਜ਼ਿਆਦਾ ਵੀ ਮੰਗਦੇ ਸਨ।" *(ਸਫਾ -170)*

ਬੰਦਿਆਂ ਨੂੰ ਬਣਦੀ ਕੀਮਤ ਤਾਰ ਕੇ ਖਰੀਦਣ ਦੀ ਕਿਰਤੀ ਦੀ 'ਕਲਾ' ਦੀ ਵੀ ਲੇਖਕ ਪ੍ਰਸ਼ੰਸਾ ਕਰਦਾ ਹੈ ਤੇ ਉਸ ਦੀ ਇਸ ਲਾਈਨ ਦਾ ਸਮੱਰਥਕ ਹੈ। ਚੋਣਾਂ ਦੇ ਨਤੀਜੇ ਨਿਕਲਣ 'ਤੇ ਖਰੀਦੋ-ਫਰੋਖ਼ਤ ਦੀ ਜਿਹੜੀ ਮੰਡੀ ਲੱਗਣੀ ਸੀ, ਉਸ ਬਾਰੇ ਇਸ ਤਰ੍ਹਾਂ ਦਰਜ਼ ਹੈ ਕਿ ਜਿਵੇਂ ਮੈਡਮ ਦੇ ਸਾਰੇ ਮਨਸੂਬੇ ਕਿਰਤੀ ਨੇ ਹੀ ਪੂਰੇ ਕਰਨੇ ਹਨ :

"ਕੋਈ ਗੱਲ ਨਹੀਂ, ....ਮੈਡਮ ਨੇ ਲਡੂਆਂ ਦੇ ਥਾਲ ਬਣਨੇ ਦੇ ਦਿੱਤੇ ਨੇ। ਸਾਰੇ ਮੂੰਹ ਭਰ ਦਿਆਂਗੇ। ਛੋਟੇ ਭੀ ਤੇ ਬਡੇ ਭੀ।" *(ਸਫਾ -237)*

ਅਜਿਹੀ ਦਲਾਲੀ ਦੀ ਸਿਫਤ ਵਿਚ ਲੇਖਕ ਆਪਣੀ ਪਹੁੰਚ ਵੀ ਇਸ ਤਰ੍ਹਾਂ ਦਰਜ ਕਰਦਾ ਹੈ : "ਲੱਡੂ ਕਿੱਡਾ ਹੋਵੇ, ਇਹ ਜਾਚਣ ਲਈ ਬੰਦੇ ਦੀ ਔਕਾਤ ਪਛਾਨਣੀ ਹੁੰਦੀ ਸੀ ਤੇ ਉਹ ਮੁੱਲ ਤਾਰਨਾ ਹੁੰਦਾ ਸੀ, ਜੋ ਉਸ ਨੇ ਆਪਣੀ ਔਕਾਤ ਦਾ ਰੱਖਿਆ ਹੁੰਦਾ ਸੀ। ਸਫਲਤਾ ਅਸਫਲਤਾ ਏਸੇ 'ਤੇ ਨਿਰਭਰ ਕਰਦੀ ਸੀ। ਕਿਰਤੀ ਨੂੰ ਏਸ ਤਰ੍ਹਾਂ ਦੀ ਔਕਾਤ ਦੀ ਮਹੱਤਤਾ ਦੀ ਬੜੀ ਸੋਝੀ ਸੀ। ਜੇ ਉਹ ਏਨਾ ਸਫਲ ਸੀ ਤਾਂ ਇਹ ਇਕ ਹੱਦ ਤੱਕ ਏਸੇ ਸੋਝੀ ਸਦਕਾ ਵੀ ਸੀ। ਉਹਨੇ ਸਾਰੀ ਜਿੰਦਗੀ ਵਾਹ ਪਏ ਬੰਦੇ ਦੀ ਔਕਾਤ ਪਛਾਣੀ ਸੀ ਤੇ ਖਿੜੇ ਮੱਥੇ ਉਹ ਮੁੱਲ ਤਾਰਿਆ ਸੀ, ਜੋ ਉਹਨੇ ਆਪਣੀ ਔਕਾਤ ਦਾ ਰੱਖਿਆ ਸੀ। ਹਮੇਸ਼ਾਂ ਦੋਵੇਂ ਧਿਰਾਂ ਰਾਜ਼ੀ ਰਹੀਆਂ ਸਨ। *(ਸਫਾ-237)*

ਕਿਰਤੀ ਦੇ ਇਸ ਗੰਢ-ਤੁਪ ਤੇ ਸੌਦੇਬਾਜੀ ਵਾਲੇ ਘ੍ਰਿਣਤ ਕਿਰਦਾਰ ਨੂੰ ਲੇਖਕ ਰਣਨੀਤੀ ਦੱਸਦਾ ਹੈ :

"ਇਹਨਾਂ ਚੋਣਾਂ ਲਈ ਜਬਰਦਸਤ ਮੁਹਿੰਮਾਂ ਚਲੀਆਂ ਸਨ। ਆਪ ਕਿਰਤੀ ਦੀ ਮੁਹਿੰਮ ਏਸ ਕੁਰਸੀ ਤੇ ਇਹਦੇ ਆਲੇ-ਦੁਆਲੇ ਤੱਕ ਹੀ ਰਹੀ ਸੀ। ਇਹਦੇ 'ਤੇ ਹੀ ਸਾਰੀ ਰਣਨੀਤੀ ਬਣੀ ਸੀ ਤੇ ਇਹਦੇ 'ਤੇ ਸਾਰੀ ਗੰਢ-ਤੁਪ ਤੇ ਆਂਢੇ-ਸਾਂਢੇ ਹੋਏ ਸਨ।" *(ਸਫਾ -244)*

ਲੇਖਕ, ਤਾਂ ਕਿਰਤੀ ਦੀ ਇਸ ਗੰਢ ਤੁਪ ਤੇ ਸੌਦੇ ਬਾਜ਼ੀ ਨੂੰ ਵੀ ਘਾਲਣਾ ਦੱਸਦਾ ਹੈ :

"ਇਹ ਨਤੀਜੇ ਰਾਸ਼ਟਰ ਪਾਰਟੀ ਲਈ ਸੁਖਦਾਈ ਸਨ। ਉਹਨੂੰ ਮਹਿਸੂਸ ਕਰਾ ਰਹੇ ਸਨ, ਕੋਈ ਕਰਾਮਾਤ ਹੋ ਸਕਦੀ ਸੀ। ਆਸਵੰਦ ਕਿਰਤੀ ਵੀ ਸੀ, ਪਰ ਉਹ ਇਹਦਾ ਹੋਣਾ ਕਰਾਮਾਤ ਨਹੀਂ ਸੀ ਸਮਝਦਾ। ਇਹਦੇ ਲਈ ਉਹਨੇ ਘਾਲ ਘਾਲੀ ਸੀ। ਇਹ ਕਰਾਮਾਤ ਨਹੀਂ, ਉਸ ਘਾਲ ਦਾ ਸਿੱਟਾ ਹੋ ਸਕਦੀ ਸੀ।" *(ਸਫਾ -246)*

ਉਪਰੋਕਤ ਚਰਚਾ ਤੋਂ ਇਹ ਭਲੀਭਾਂਤ ਸਪੱਸ਼ਟ ਹੋ ਜਾਂਦਾ ਹੈ ਕਿ ਨਾਵਲਕਾਰ ਨੇ 'ਕਿਰਤੀ' ਦੇ ਪਾਤਰ ਨੂੰ ਸ਼ਰਧਾ ਤੇ ਸਤਿਕਾਰ ਵਜੋਂ ਚਿਤਰਿਆ ਹੈ, ਉਹ ਉਸ ਦਾ ਪ੍ਰਸ਼ੰਸਕ ਹੈ। ਉਹ ਕਮਿਊਨਿਸਟ ਪਾਰਟੀਆਂ ਦੇ ਕਾਂਗਰਸ-ਵਿਰੋਧ ਨੂੰ ਬੁਰਾ ਮੰਨਦਾ ਹੈ ਅਤੇ 'ਕਿਰਤੀ' ਦੀ ਕਾਂਗਰਸ ਨਾਲ ਯਾਰੀ, ਨੇੜਤਾ ਜਾਂ ਭਿਆਲੀ ਨੂੰ ਸਹੀ ਠਹਿਰਾਉਂਦਾ ਹੈ। ਵੱਡੀ ਮਾਤਰਾ ਵਿਚ ਪੁਲਸ, ਸਨਅੱਤਕਾਰਾਂ ਤੇ ਹਾਕਮ ਜਮਾਤਾਂ ਦੇ ਸਰੋਤਾਂ ਤੋਂ ਉਗਰਾਹੇ ਗਏ ਕਾਲੇ ਧੰਨ ਨੂੰ ਵੀ ਸਹੀ ਠਹਿਰਾਉਂਦਾ ਹੈ। ਲੇਖਕ

'ਕਿਰਤੀ' ਨੂੰ ਅੰਤਾਂ ਦਾ ਰੁਝਿਆ ਹੋਇਆ ਤੇ ਪੂਰੀ ਤਰ੍ਹਾਂ ਪ੍ਰਤੀਬੱਧ ਦੱਸਦਾ ਹੈ ਜਿਸ ਕੋਲ ਪਲ ਭਰ ਵੀ ਵਿਹਲ ਨਹੀਂ ਹੈ। ਐਪਰ ਉਹ ਜਿਹੜੇ ਗੈਰ-ਕਮਿਊਨਿਸਟ ਕੰਮਾਂ ਲਈ ਇੰਨਾ ਰੁਝਿਆ ਹੈ, ਉਸ ਬਾਰੇ ਨਫਰਤ ਪੈਦਾ ਨਹੀਂ ਕਰਦਾ ਸਗੋਂ ਪ੍ਰਸੰਸਾ ਕਰਦਾ ਹੈ। ਰੁੱਝੇ ਤਾਂ ਡਾਕੂ, ਚੋਰ ਤੇ ਬਲੈਕੀਏ ਵੀ ਜੀਵਨ ਭਰ ਤੇ ਦਿਨ ਰਾਤ ਰਹਿੰਦੇ ਹਨ ਤਾਂ ਕੀ ਉਹਨਾਂ ਦੇ ਅਜਿਹੇ ਰੁਝੇਵੇਂ ਦੀ ਪ੍ਰਸੰਸਾ ਕੀਤੀ ਜਾਵੇ? 'ਕਿਰਤੀ' ਵੀ ਬੁਰਜ਼ਵਾਜੀ ਦੇ ਤਬੇਲਿਆਂ ਦਾ ਗੰਦ ਹੂੰਝਣ ਲਈ ਦਿਨ ਰਾਤ ਰੁਝਿਆ ਹੋਇਆ ਹੈ ਕਿਉਂਕਿ ਇਹਨਾਂ ਤਬੇਲਿਆਂ ਦੀ ਕੋਈ ਹਾਥ ਨਹੀਂ ਹੈ ਤੇ ਕੋਈ 'ਹਰਕੁਲੀਸ' ਵੀ ਇਹਨਾਂ ਨੂੰ ਸਾਫ ਨਹੀਂ ਕਰ ਸਕਦਾ। ਪਰ 'ਕਿਰਤੀ' ਲੱਗਾ ਹੋਇਆ ਹੈ, ਦਿਨ ਰਾਤ ਇਸ ਆਸ ਨਾਲ ਕਿ ਉਸ ਪਿੱਛੋਂ ਉਸਦਾ ਕੋਈ ਹੋਰ ਚੇਲਾ ਇਸ ਅਸਾਧ ਕੰਮ ਨੂੰ ਹੱਥ 'ਚ ਲੈ ਲਵੇਗਾ। ਐਪਰ ਇਹ ਕਦੇ ਵੀ ਸਾਫ ਨਹੀਂ ਹੋ ਸਕਦੇ ਅਤੇ ਅੰਤ ਨੂੰ ਮਜ਼ਦੂਰ ਜਮਾਤ ਨੇ ਇਹ ਢਾਹ ਕੇ ਨਵੇਂ ਹੀ ਉਸਾਰਨੇ ਹਨ। ਲੇਖਕ ਇਸ ਦੋ-ਬਾਜਰੇ ਕਿਰਦਾਰ ਵਾਲੇ ਪਾਤਰ ਨੂੰ ਜਾਣ ਬੁੱਝ ਕੇ ਗੋਲ ਪਾਤਰ (Round Character) ਵਜੋਂ ਚਿਤਰਦਾ ਹੈ ਤਾਂ ਜੋ ਉਸ ਦੀ ਅਸਲੀਅਤ 'ਤੇ ਪਰਦਾ ਪਿਆ ਰਹੇ ਅਤੇ ਜਮਾਤੀ ਭਿਆਲੀ ਦੀ ਲਾਈਨ ਦੀ ਸਾਰਥਕਤਾ ਸਿੱਧ ਹੋ ਜਾਵੇ।

ਰਾਜਨੀਤਕ ਪੱਖ ਤੋਂ ਇਹ ਨਾਵਲ ਇਕ ਨਾਂਹ-ਪੱਖੀ ਰਚਨਾ ਹੈ ਅਤੇ ਇਹ ਵੇਲਾ-ਵਿਹਾਅ ਚੁੱਕੀਆਂ ਸਰਮਾਏਦਾਰ-ਜਗੀਰਦਾਰ ਜਮਾਤਾਂ ਦਾ ਸੰਦ ਹੋ ਨਿਬੜਦਾ ਹੈ। ਇਸ ਦਾ ਸੁਨੇਹਾ ਸਮਾਜ ਦੇ ਪ੍ਰਗਤੀ ਦੇ ਮਾਰਗ ਤੇ ਚੱਲ ਰਹੀਆਂ ਜਮਾਤਾਂ ਲਈ ਬਾਧਕ ਬਣਦਾ ਹੈ। ਹਾਂ, ਇਸ ਗਲੋਂ ਲੇਖਕ ਦਾ ਧੰਨਵਾਦੀ ਹੋਣਾ ਜ਼ਰੂਰ ਬਣਦਾ ਹੈ ਕਿ ਉਸਨੇ 'ਕਿਰਤੀ' ਦੇ ਬਹੁਤ ਸਾਰੇ ਗੈਰ-ਕਮਿਊਨਿਸਟ ਪੱਖਾਂ ਨੂੰ ਜਨਤਕ ਤੌਰ 'ਤੇ ਸ਼ਰੇਆਮ ਬੇਨਕਾਬ ਕਰ ਦਿੱਤਾ ਹੈ ਜਿਸ ਤੋਂ ਹਕੀਕੀ ਕਮਿਊਨਿਸਟ ਇਹ ਸਿੱਖਿਆ ਲੈ ਸਕਦੇ ਹਨ ਕਿ ਇਕ ਕਮਿਊਨਿਸਟ ਵਿਚ 'ਕਿਰਤੀ' ਵਾਲੇ ਲੱਛਣ ਕਦਾਚਿੱਤ ਨਹੀਂ ਹੋਣੇ ਚਾਹੀਦੇ ਜਦੋਂਕਿ ਦੂਜੇ ਪਾਸੇ ਜਮਾਤੀ ਭਿਆਲੀ ਦੀ ਲਾਈਨ ਦੇ ਪੈਰੋਕਾਰਾਂ ਲਈ ਇਹ ਨਾਵਲ ਇਕ ਠੁੰਮਣਾ ਵੀ ਬਣਦਾ ਹੈ ਅਤੇ ਉਹਨਾਂ ਦੀ ਦੀਵਾਲੀਆ ਪਹੁੰਚ ਨੂੰ ਸਹੀ ਸਿੱਧ ਕਰਨ ਦਾ ਸੰਦ ਵੀ ਹੋ ਨਿੱਬੜਦਾ ਹੈ।

ਜਿਥੋਂ ਤੱਕ ਨਾਵਲ ਦੇ ਕਲਾਤਮਕ ਪੱਖ (ਤਕਨੀਕ) ਦਾ ਸਵਾਲ ਹੈ, ਇਸ ਨੂੰ ਪਾਸ ਨੰਬਰ ਦਿੱਤੇ ਜਾ ਸਕਦੇ ਹਨ, ਕਿਉਂ ਕਿ ਇਸ ਪੱਖੋਂ ਵੀ ਕੁੱਝ ਉਕਾਈਆਂ ਰੜਕਦੀਆਂ ਹਨ ਜਿਵੇਂ ਕਿ ਇਹ ਨਾਵਲ ਵਧੇਰੇ ਕਰਕੇ (Narrative) ਬ੍ਰਿਤਾਂਤਕ ਹੈ। ਲੇਖਕ ਥਾਂ ਥਾਂ ਤੇ ਖਾਹਮਖਾਹ ਆਪ ਵੀ ਸ਼ਾਮਲ ਹੁੰਦਾ ਵਿਖਾਈ ਦਿੰਦਾ ਹੈ। ਜਦੋਂਕਿ ਲੇਖਕ ਦਾ ਆਪਣਾ ਦਖਲ ਘੱਟ ਤੋਂ ਘੱਟ ਹੋਣਾ ਚਾਹੀਦਾ ਹੈ। ਲੇਖਕ ਪਾਤਰਾਂ ਰਾਹੀਂ ਹੀ ਸਮਾਜਕ ਯਥਾਰਥ ਦੇ ਸਾਖਸ਼ਾਤ ਦਰਸ਼ਨ ਕਰਵਾਏ ਨਾ ਕਿ ਆਪ ਬੁਲਾਰਾ ਤੇ ਪ੍ਰਚਾਰਕ ਬਣ ਕੇ। ਦੁਆਬੇ ਦੇ ਪਾਤਰਾਂ ਦੇ ਮੂੰਹ ਵਿਚ ਅਜੇਹੇ ਸ਼ਬਦ ਵੀ ਪਾਏ ਗਏ ਹਨ ਜੋ ਉਹ ਨਹੀਂ ਬੋਲਦੇ ਜਿਵੇਂ ਕਿ 'ਥੋਨੂੰ', 'ਸੂ' ਆਦਿ। ਪੰਜਾਬੀ ਵਿਚ ਮਿਲਦੇ ਪ੍ਰਚਲਤ ਸ਼ਬਦਾਂ ਦੀ ਥਾਂ ਉਰਦੂ ਦੇ ਕੁੱਝ ਸ਼ਬਦ ਵੀ ਘੁਸੇੜੇ ਗਏ ਹਨ ਜਿਵੇਂ 'ਹਾਜ਼ਤ', 'ਮੁਖਾਲਫ', 'ਗ਼ਾਲਬ', 'ਵਾਇਦਾ', 'ਔਕਾਤ', 'ਫ਼ਰੀਕ', 'ਸ਼ੱਕ-ਸ਼ੁਭਾ', 'ਤਕੱਲਫ਼', 'ਨਿਗਾਹਬਾਨ', 'ਲਫ਼ਜ਼', 'ਕਸਬ' ਆਦਿ। ਇਸ ਤਰ੍ਹਾਂ ਭਾਸ਼ਾ ਵੀ ਦੋਸ਼ਪੂਰਨ ਹੈ। ਇਸ ਨਾਵਲ ਦੀ ਜੁਗਤ ਵੀ ਕੰਮਜ਼ੋਰ ਹੈ ਅਤੇ ਇਹ ਸਾਹਿਤਕ ਕ੍ਰਿਤ ਦੀ ਥਾਂ ਪਤਰਕਾਰਤਾ ਰੂਪੀ ਪਰਚਾਰ ਵਧੇਰੇ ਲੱਗਦਾ ਹੈ। •





# ਇਕਲਾਪੇ ਤੋਂ ਅੱਗੇ

## (ਰਫ਼ਾਕਤ ਹੁਸੈਨ ਮੁਮਤਾਜ਼)

ਐਤਕੀਂ ਦੇ ਅਪ੍ਰੈਲ 2008 ਦੇ ਵਾਹਗਿਓਂ ਪਾਰ ਦੇ ਮੇਰੇ ਗੇੜੇ ਸਮੇਂ ਬਹੁਤੀਆਂ ਕਿਤਾਬਾਂ ਨਸੀਬ ਨਹੀਂ ਹੋਈਆਂ। ਏਨਾ ਵਕਤ ਹੀ ਨਹੀਂ ਸੀ ਕਿ ਸਾਰੇ ਲੇਖਕਾਂ ਨਾਲ ਭਰਪੂਰ ਮੁਲਾਕਾਤਾਂ ਕਰ ਸਕਦੇ ਅਤੇ ਪੁਸਤਕਾਂ ਦਾ ਆਦਾਨ-ਪ੍ਰਦਾਨ ਕਰਦੇ। ਸਿਰਫ਼ ਤਿੰਨ ਦਿਨ ਮਿਲੇ ਤੇ ਉਹ ਵੀ ਰੁਝੇਵਿਆਂ ਭਰੇ।

ਜੜ੍ਹਾਂ ਵਾਲੇ ਤੋਂ ਪੁਰਾਣਾ ਮਿੱਤਰ ਤੇ ਮੇਰੇ ਇਲਾਕੇ ਦਾ ਪੰਜਾਬੀ ਲੇਖਕ ਆਸ਼ਕ ਅਲੀ ਫੈਸਲ਼ ਉਚੇਚੇ ਤੌਰ ਤੇ ਲਲਿਆਣੀ ਦੇ ਸਮਾਗਮ ਵਿਚ ਮੈਨੂੰ ਮਿਲਣ ਆਇਆ। ਉਸ ਨੇ ਜੜ੍ਹਾਂ ਵਾਲੇ ਸ਼ਹਿਰ ਦੇ ਪ੍ਰਸਿੱਧ ਜਨਵਾਦੀ ਕਵੀ ਰਫ਼ਾਕਤ ਹੁਸੈਨ ਮੁਮਤਾਜ ਦਾ ਸੱਜਰਾ ਕਾਵਿ-ਸੰਗ੍ਰਹਿ 'ਇਕਲਾਪੇ ਤੋਂ ਅੱਗੇ' ਮੈਨੂੰ ਭੇਂਟ ਕੀਤਾ। ਦੋ ਤਿੰਨ ਸਾਲ ਪਹਿਲਾਂ ਮੈਂ ਇਸੇ ਕਵੀ ਦੀਆਂ ਦੋ ਗ਼ਜ਼ਲਾਂ 'ਮਹਿਮੂਦ ਦਰਵੇਸ਼ ਵਿਸ਼ੇਸ਼ ਅੰਕ' ਵਿਚ ਛਾਪੀਆਂ ਸਨ, ਜਿਸ ਦੇ ਸ਼ਿਅਰ ਅਜੇ ਤੀਕ ਵੀ ਜ਼ਿਹਨ ਵਿਚ ਅਟਕੇ ਹੋਏ ਹਨ।

ਜੀਵੇਂ ਹੱਥਾਂ 'ਚ ਹੱਥਕੜੀਆਂ ਸਦਾ ਨਹੀਂ ਰਹਿਣੀਆਂ ਏਵੇਂ।
ਇਹ ਕੋੜੇ ਜੇਲ੍ਹ ਤੇ ਫਾਹੀਆਂ, ਸਦਾ ਨਹੀਂ ਰਹਿਣੀਆਂ ਏਵੇਂ॥

ਹਥਲੇ ਸੰਗ੍ਰਹਿ ਵਿਚ ਗ਼ਜ਼ਲਾਂ ਦੀ ਥਾਂ ਨਜ਼ਮਾਂ ਤੇ ਗੀਤ ਪੇਸ਼ ਹਨ। ਜੋ ਪਾਕਿਸਤਾਨ ਦੇ ਅਵਾਮ ਦੀਆਂ ਦੱਬੀਆਂ, ਕੁਚਲੀਆਂ, ਤਾਂਘਾਂ ਤੇ ਸੁਪਨਿਆਂ ਦੀ ਅੱਕਾਸੀ ਕਰਦੀਆਂ ਹਨ। ਪੰਜਾਬੀ ਵਿਚ ਅਜਿਹੇ ਕਵੀ ਵਾਹਗੇ ਪਾਰ ਦੀ ਧਰਤੀ ਉੱਤੇ ਘੱਟ ਹਨ, ਜੋ ਉੱਥੋਂ ਦੇ ਤਲਖ਼ ਤੇ ਭਿਆਨਕ ਮਾਹੌਲ ਨੂੰ ਪੇਸ਼ ਕਰਨ ਦਾ ਖ਼ਤਰਾ ਸਹੇੜ ਸਕਣ। ਬਿਆਨ ਦੀ ਜੁਰਅਤ, ਲੈ-ਤਾਲ ਦੀ ਪਕਿਆਈ ਤੇ ਲੋਕਾਈ ਦੇ ਦਰਦ ਦੀ ਪੇਸ਼ਕਾਰੀ ਉਸਦੇ ਉਘੜਵੇਂ ਕਾਵਿ-ਲੱਛਣ ਹਨ। ਜਮਹੂਰੀਅਤ ਦੀ ਮੁੜ ਬਹਾਲੀ ਦੀ ਲੜਾਈ ਵਿਚ ਮੁਮਤਾਜ ਦੀ ਕਵਿਤਾ ਵੀ ਸ਼ਾਮਿਲ ਹੈ।

- ਹ. ਸ. ਹ.

# ਮਾਂ

## (ਸਵਰਨਜੀਤ ਸਵੀ)

ਸਵਰਨਜੀਤ ਸਵੀ ਦੀ ਹਰ ਨਵੀਂ ਕਾਵਿ-ਰਚਨਾ ਇੱਕ ਅਨੋਖਾ ਵਰਤਾਰਾ ਤੇ ਪ੍ਰਯੋਗ ਹੁੰਦੀ ਹੈ। ਦੇਵ ਚਿੱਤਰਕਾਰ ਵਾਂਗ ਉਹ ਆਪਣੇ ਹਰ ਨਵੇਂ ਕਾਵਿ-ਸੰਗ੍ਰਹਿ ਵਿਚ ਪੇਟਿੰਗਾਂ ਅਤੇ ਕਵਿਤਾਵਾਂ ਦਾ ਕਲਾਤਮਿਕ ਸੁਮੇਲ ਪੈਦਾ ਕਰਦਾ ਹੈ। ਉਸਦੇ ਕਾਵਿ-ਸਫ਼ਰ ਵਿਚ ਕਈ ਮੋੜ ਆਏ ਹਨ। ਪੇਟਿੰਗ, ਫੋਟੋਗ੍ਰਾਫੀ ਤੇ ਕਵਿਤਾਵਾਂ, ਤਿੰਨਾਂ ਹੀ ਕਾਵਿ-ਮਾਧਿਅਮਾਂ ਰਾਹੀਂ ਉਹ ਆਪਣੇ ਅਨੁਭਵਾਂ ਨੂੰ ਡੂੰਘਾ ਬਣਾਉਣ ਤੇ ਪ੍ਰਗਟਾਉਣ ਦਾ ਨਵਾਂ ਪ੍ਰਯੋਗ ਕਰਦਾ ਹੈ। ਇਝ ਨਾਲ ਦੀ ਨਾਲ ਉਸਦੀ ਹਰ ਨਵੀਂ ਰਚਨਾ ਪ੍ਰਕਾਸ਼ਨ ਦੇ ਖੇਤਰ ਵਿਚ ਇਕ ਅਦਭੁੱਤ ਪ੍ਰਯੋਗ ਦਾ ਪ੍ਰਮਾਣ ਬਣ ਜਾਂਦੀ ਹੈ।

ਹਥਲੀ ਕਾਵਿ-ਰਚਨਾ 'ਮਾਂ' ਉਸਦਾ ਸੱਜਰਾ ਕਾਵਿ-ਸੰਗ੍ਰਹਿ ਹੈ। ਉਸਨੇ ਉਕਤ ਦੱਸੇ ਤਿੰਨੇ ਹੀ ਕਲਾ-ਮਾਧਿਅਮਾਂ ਨੂੰ ਵਰਤ ਕੇ, ਇਕ ਨਵੀਂ ਸਿਰਜਣਾ ਨੂੰ ਸਾਕਾਰ ਕੀਤਾ ਹੈ। ਨਿਰਸੰਦੇਹ ਇਹ ਤਜਰਬਾ ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਇਕ ਨਿਵੇਕਲਾ ਵਰਤਾਰਾ ਸਿੱਧ ਹੋਇਆ ਹੈ। ਕਵੀ-ਚਿੱਤਰਕਾਰ ਸਵੀ ਨੇ ਮਾਂ ਦੇ ਕੇਂਦਰੀ ਬਿੰਬ ਨੂੰ ਉਜਾਗਰ ਕਰਨ ਲਈ, ਔਰਤ ਦੇ ਕਈ ਰੂਪ ਪੇਸ਼ ਕੀਤੇ ਹਨ। ਮਾਂ, ਭੈਣ, ਧੀ, ਨਾਰੀ ਇਥੋਂ ਤੱਕ ਕਿ ਨਰਸ ਵੀ ਇਸੇ ਹੀ ਕੇਂਦਰੀ ਬਿੰਬ ਨੂੰ ਉਜਾਗਰ ਕਰਨ ਲਈ ਸਹਾਇਕ ਸਿੱਧ ਹੋਏ ਹਨ। ਪੇਸ਼ ਕਵਿਤਾਵਾਂ ਭਾਵੇਂ ਵੱਖ-ਵੱਖ ਸਮੇਂ ਹੀ

ਲਿਖੀਆਂ ਗਈਆਂ ਹੋਣ, ਪਰ ਇਹਨਾਂ ਦੀ ਕਲਾਤਮਿਕ ਪੇਸ਼ਕਾਰੀ ਨਾਲ ਇਹਨਾਂ ਦੇ ਕੇਂਦਰੀ ਵਿਸ਼ੇ ਨੂੰ ਰੂਪਮਾਨ ਕਰਨ ਵਿਚ ਸਹਾਈ ਹੋਈਆਂ ਹਨ। ਨਾਲ ਦੀ ਨਾਲ ਇਹ ਗੱਲ ਵੀ ਭਲੀ-ਭਾਂਤ ਉਜਾਗਰ ਤੇ ਪ੍ਰਮਾਣਿਤ ਹੁੰਦੀ ਜਾਂਦੀ ਹੈ ਕਿ ਕਵਿਤਾ ਦਾ ਕਲਾਤਮਿਕ ਪੱਖ ਵੀ ਅਣਡਿੱਠ ਅਥਵਾ ਗੈਰ-ਹਾਜ਼ਰ ਨਹੀਂ ਹੁੰਦਾ। ਏਸੇ ਵਿਚ ਹੀ ਸਵੀ ਦੀ ਪ੍ਰਤਿਭਾ ਪ੍ਰਕਾਸ਼ਮਾਨ ਹੋਈ ਹੈ। ਉਹ ਸਮਰੱਥਾਵਾਨ ਨੌਜਵਾਨ ਕਵੀ ਹੈ।

ਇਹ ਰਚਨਾ ਆਪਣੇ ਆਪ ਵਿਚ ਹੀ ਵੱਡੀ ਪ੍ਰਾਪਤੀ ਹੋ ਨਿੱਬੜੀ ਹੈ। ਅਜਿਹੇ ਸਾਰਥਕ ਯਤਨ ਅਤੇ ਪੇਸ਼ਕਾਰੀ ਲਈ ਸਵੀ ਸਾਡੀ ਹਾਰਦਿਕ ਵਧਾਈ ਦਾ ਹੱਕਦਾਰ ਹੈ। -ਹ. ਸ. ਹ.

## ਪੈਂਡਿਆਂ ਦੀ ਸਹਿਜ ਬਿਰਤੀ - 'ਹਾਦਸਿਆਂ ਦੀ ਲੋਅ'

(ਡਾ. ਗੁਰਚਰਨ ਸਿੰਘ ਔਲਖ)

ਐਸੇ ਦਰਵੇਸ਼ ਸਾਹਿਤਕਾਰ ਵਲੋਂ ਪ੍ਰੋੜ ਉਮਰੇ 'ਹਾਦਸਿਆਂ ਦੀ ਲੋਅ' ਵਰਗਾ ਗ਼ਜ਼ਲ ਸੰਗ੍ਰਹਿ ਪ੍ਰਕਾਸ਼ਿਤ ਕਰਨਾ ਨਿਸ਼ਚੇ ਹੀ ਵਿਲੱਖਣਤਾ ਦਾ ਪ੍ਰਤੀਕ ਹੈ। ਐਸੀ ਸਾਹਿਤਕ ਸਖ਼ਸ਼ੀਅਤ, ਜਿਸ ਕੋਲ ਖੁੱਲ੍ਹੀਆਂ ਅੱਖਾਂ ਅਤੇ ਰੌਸ਼ਨ ਦਿਮਾਗ਼ ਸਹਿਤ ਲਮੇਰੇ ਪੰਧ ਦੀਆਂ ਹਕੀਕਤਾਂ ਦਾ ਜ਼ਖੀਰਾ ਹੋਵੇ ਅਤੇ ਜਿਸ ਨੇ ਹਾਦਸਿਆਂ ਦੀ ਲੋਏ ਪੈਂਡਿਆਂ ਦਾ ਸਹਿਜ ਬੀਜਿਆ ਹੋਵੇ, ਉਸਦੇ ਸ਼ਿਅਰਾਂ ਦਾ ਵਿਵੇਕ ਜਜ਼ਬਾਤ ਦੀ ਤਰਲਤਾ ਦੇ ਅਧੀਨ ਨਹੀਂ ਹੋ ਸਕਦਾ। ਉਸਦੀ ਜਜ਼ਬਿਆਂ ਵਾਲੀ ਥੋੜ੍ਹ-ਅਉਧ ਸ਼ਾਇਰੀ ਕਿਤੇ ਦੂਰ ਪਿੱਛੇ ਰਹਿ ਚੁੱਕੀ ਹੈ ਅਤੇ ਉਸਦੀ ਪਛਾਣ ਉਸਦੇ ਅੰਦਰਲੇ ਰਚਨਾਤਮਿਕ ਵਿਵੇਕ ਵਿਚ ਪ੍ਰਮਾਣਿਤ ਹੈ। ਔਲਖ ਦੇ ਮਾਨਵੀ ਸਰੋਕਾਰ ਅਤੇ ਅੰਤਰ ਵਿਚੋਂ ਉੱਘੜ ਕੇ ਭਵਿੱਖਮੁਕਤਾ ਪ੍ਰਗਟਾਉਂਦੇ ਹਨ। ਉਸਦਾ ਜਜ਼ਬਾ ਯਥਾਰਥੀ ਸੰਭਾਵਨਾਵਾਂ ਯੁਕਤ ਸਮਾਜਿਕ ਪ੍ਰਸੰਗਾਂ ਨੂੰ ਨਵੇਂ ਪ੍ਰਵਚਨਾਂ ਵੱਲ ਉਤਕ੍ਰਿਸ਼ਟਤਾ ਸਹਿਤ ਪ੍ਰਗਟਾਉਣ ਵਿਧੀ ਦਾ ਵਾਹਕ ਹੈ। ਔਲਖ ਇਕ 'ਪਹੁਤਾ ਪਾਂਧੀ' ਹੈ ਜੋ ਮਾਨਵੀ ਹੋਂਦ ਦੀ ਆਦਿ-ਅਜਲ ਦੀ ਪ੍ਰਸੰਗਿਕਤਾ ਨੂੰ ਜੀਵਨ ਦੇ ਨੈਤਿਕ ਮੁੱਲਾਂ ਨਾਲ ਜੋੜ ਕੇ ਵੇਖਦਾ ਹੈ। ਉਸ ਵਾਸਤੇ ਧਵਲ ਦਾ ਸਿੰਗ ਧਰਤੀ ਦਾ ਧੁਰਾ ਕੇਵਲ ਧਵਲ ਦੇ ਨੈਤਿਕ ਗੁਣਾਂ ਕਰਕੇ ਹੈ। ਉਸ ਲਈ ਜੀਵਨ ਦੀ ਹੋਂਦ ਨੈਤਿਕ ਮੁੱਲਾਂ ਦੀ ਅਟੁੱਟ ਲੜੀ ਦੀ ਇੱਕ ਘੁੰਡੀ ਮਾਤਰ ਹੈ ਅਤੇ ਹਰ ਕੜੀ ਜਾਂ ਘੁੰਡੀ ਦਾ ਆਪਣਾ ਰੋਲ ਨਿਜੀ ਵੀ ਹੈ ਪਰ ਸਮੁੱਚਤਾ ਨਾਲ ਵੀ ਹੈ । ਜ਼ਿੰਦਗੀ ਦੀ ਬ੍ਰਹਿਮੰਡਲ ਹੋਂਦ ਵਿਸ਼ਾਲਤਾ 'ਅਹੰ ਬ੍ਰਹਮ' ਵਿਚ ਲੀਨ ਵੀ ਹੈ ਪਰ ਵੱਖ ਵੀ ਹੈ, ਜਿਵੇਂ ਮੀਂਹ ਦੀ ਕਣੀ ਵਿਚਲਾ ਪਾਣੀ ਅਤੇ ਹਵਾ ਵਿਚਲੀ ਨਮੀ ਦਾ ਵਿਵੇਚਨ ਲਹਿਜਾ ਹੈ।

ਡਾ. ਔਲਖ ਦੇ ਹਥਲੇ ਗ਼ਜ਼ਲ ਸੰਗ੍ਰਹਿ ਵਿਚ ਗਜ਼ਬ ਦੇ ਸ਼ਿਅਰ ਹਨ ਜਿਨ੍ਹਾਂ ਉੱਤੇ ਦਿਲ ਆਉਂਦਾ ਹੈ ਅਤੇ 'ਮੰਨੇ ਕੀ ਗਤ' ਪ੍ਰਵਾਹਿਤ ਹੁੰਦੀ ਹੈ। ਉਸਦੇ ਪੌਣੇ ਨੌਂ ਸੌ ਸ਼ਿਅਰ ਹਜ਼ਾਰਾਂ ਵਿਸ਼ਿਆਂ ਦੇ ਅਨੁਸਾਰੀ ਹਨ। ਔਲਖ ਨੇ ਇਹਨਾਂ ਸ਼ਿਅਰਾਂ ਵਿਚ ਜ਼ਿੰਦਗੀ ਦੇ ਸਮੁੱਚੇ ਹਨੇਰੇ ਪੱਖਾਂ ਨੂੰ ਜ਼ਿੰਦਗੀ ਦੇ ਚੁਰਾਹੇ ਵਿਚ ਨੰਗਿਆ ਕੀਤਾ ਹੈ। ਧਰਮ ਅੰਧਤਾ, ਨਸ਼ਿਆਂ ਵਿਚ ਗਰਕਦੀ ਜੁਆਨੀ, ਡਾਲਰਾਂ ਦੀ ਚਕਾਚੌਂਧ ਵਿਚ ਗੁਆਚੀ ਵਤਨ ਪ੍ਰਸਤੀ, ਬੇਰੁਜ਼ਗਾਰੀ, ਕੁਰਾਹੇ ਪਈ ਰਾਜਨੀਤੀ, ਰਾਵਣਾਂ ਦੀ ਪੁਨਰ ਮਨੌਤ, ਪੈਰਾਂ ਹੇਠ ਮਸਲੇ ਜਾ ਰਹੇ ਫੁੱਲ ਕਲੀਆਂ, ਚਿੱਟੇ ਬਾਣੇ ਅੰਦਰ ਕਾਲੀਆਂ ਕਰਤੂਤਾਂ, ਕੁਹਾੜਿਆਂ ਦੇ ਪੂਜਕ ਮਾਲੀ, ਜਲਵਾ ਰਹਿਤ ਹੁਸਨ, ਰਿਸ਼ਤਿਆਂ ਦੀ ਅਨੈਤਿਕ ਟੁੱਟ-ਭੱਜ ਅਤੇ ਅੱਖ ਦੇ ਮੋਏ ਪਾਣੀ ਉਸਦੇ ਸ਼ਿਅਰਾਂ ਦੇ ਕੁਝ ਇਕ ਅੱਖ ਪੜਵਾਲ ਹਨ। ਉਸਦੀਆਂ 96 ਦੀਆਂ 96 ਗ਼ਜ਼ਲਾਂ ਬਾ-ਬਹਿਰ ਹਨ ਸਗੋਂ ਕਈ ਤਾਂ ਔਖੇ ਬਹਿਰ ਵੀ ਹਨ।

- ਸੁਲੱਖਣ ਸਰਹੱਦੀ



# ਗ਼ਜ਼ਲਾਂ

**ਗੁਰਦੀਪ ਖੋਖਰ**

1.

ਏਦਾਂ ਰਹਿੰਦੇ ਸੁਲਗਦੇ ਮਨ ਦੇ ਵਿਚ ਖ਼ਿਆਲ।
ਸੋਚਾਂ ਸੋਚਣ ਲੱਗਿਆ ਹੋ ਜਾਵਾਂ ਬੇਹਾਲ।

ਸੂਲੀ ਸਜ਼ਾ ਹੈ ਸੱਚ ਦੀ ਜਾਂ ਮਿਲਦੀ ਫ਼ਿਰ ਜ਼ਹਿਰ,
ਤੇਰੇ ਸ਼ਹਿਰ 'ਚ ਹੋਂਵਦੇ ਦੇਖੇ ਕਈ ਕਮਾਲ।

ਕੱਲ ਰਹਿਬਰ ਸੀ ਆਪਣੇ ਨਿਕਲੇ ਬੇਈਮਾਨ,
ਮਿਟ ਚੱਲੀ ਹੈ ਰਹਿਬਰੀ ਕਿੱਥੇ ਰਿਹਾ ਸਵਾਲ।

ਏਸ ਨਗਰ ਵਿਚ ਆਦਮੀ ਰਹੇ ਨੇ ਏਦਾਂ ਦੌੜ,
ਪੈ ਗਿਆ ਹੋਵੇ ਜਿਸ ਤਰ੍ਹਾਂ ਵਕਤ ਦਾ ਲੰਮਾ ਕਾਲ।

ਸੁੱਕਦੇ ਜਾਂਦੇ ਹੋਂਠ ਨੇ, ਨਗਮੇ ਕਿੱਦਾਂ ਗਾਉਣ,
ਨਾ ਕੰਨਾਂ ਨੂੰ ਸ਼ੋਭਦੀ ਪੈਰਾਂ ਦੀ ਸੁਰਤਾਲ।

ਜਦ ਸ਼ੀਸ਼ੇ ਨੂੰ ਵੇਖਦੀ ਡਰ ਜਾਂਦੀ ਹੈ ਖ਼ੂਬ,
ਪਾਉਂਦੀ ਸਿਰੋਂ ਉਤਾਰ ਕੇ ਸ਼ੀਸ਼ੇ ਉੱਤੇ ਸ਼ਾਲ।

ਦਰਿਆ ਤਾਜਰ ਹੋ ਗਏ, ਲੱਗੇ ਕਰਨ ਵਪਾਰ,
ਪਾਣੀ ਦਾ ਮੁੱਲ ਪਾਂਵਦੇ ਕੀ ਤੇਰਾਂ ਦਾ ਹਾਲ।

ਜਾਲ ਵਿਛਾ ਕੇ ਇਸ ਤਰ੍ਹਾਂ ਦੇਣੀ ਚੋਗ ਖਿਲਾਰ,
ਸਾਰੇ ਪੰਛੀ ਸਮਝਦੇ ਹੋਈ ਪੁਰਾਣੀ ਚਾਲ।

ਜਦੋਂ ਪਰਿੰਦੇ ਬੈਠ ਕੇ ਗਾਉਂਦੇ ਕੋਈ ਗੀਤ,
ਖਿੜ ਉੱਠਦੀ ਹੈ ਬਿਰਖ ਦੀ ਇਸ ਤਰ੍ਹਾਂ ਹਰ ਡਾਲ।

ਗਹਿਰੀ ਕਾਲ਼ੀ ਰਾਤ ਹੈ, ਇਹ ਵੀ ਜਾਣੀ ਬੀਤ,
ਸੂਰਜ ਰੱਖੀਂ ਆਸ ਦਾ ਆਪਣੇ ਸੀਨੇ ਬਾਲ।

2.

ਉਹ ਮੈਨੂੰ ਪ੍ਰਸ਼ਨ ਕਰਦਾ ਖੰਜਰ ਵਰਗਾ।
ਤੇ ਉੱਤਰ ਮੰਗਦਾ ਮੈਥੋਂ ਪਰਾਂ ਵਰਗਾ।

ਜਦੋਂ ਪੀੜਾਂ ਤੋਂ ਧਰਤੀ ਮੁਕਤ ਹੋ ਜਾਊ,
ਕੋਈ ਸੁਪਨਾ ਲਵਾਂਗੇ ਅੰਬਰਾਂ ਵਰਗਾ।

ਸਮੇਂ ਦੇ ਕਾਲੇ ਵਰਕੇ ਤੇ ਲਿਖਾਂਗੇ ਕੁਝ,
ਚਿਰਾਗ਼ਾਂ ਵਾਂਗ ਬਲਦੇ ਅੱਖਰਾਂ ਵਰਗਾ।

ਕਿਹਾ ਜ਼ੰਜੀਰ ਕਿਸਨੇ ਦਰਦ ਮੇਰੇ ਨੂੰ,
ਇਹ ਮੇਰਾ ਗੀਤ ਤਾਂ ਸੀ ਝਾਂਜਰਾਂ ਵਰਗਾ।

ਮੁਹੱਬਤ ਦੀ ਤਪਸ਼ ਹੁੰਦੀ ਹੈ ਅੱਗ ਵਰਗੀ,
ਪਿਘਲ ਜਾਵੇਗਾ ਦਿਲ ਜੋ ਪੱਥਰਾਂ ਵਰਗਾ।

ਤੇਰਾ ਮੇਰਾ ਕੀ ਰਿਸ਼ਤਾ ਰਹਿ ਗਿਆ ਬਾਕੀ,
ਜਲੇ ਕਾਗਜ਼ 'ਚੋਂ ਬਚ ਗਏ ਅੱਖਰਾਂ ਵਰਗਾ।

ਜੋ ਤੱਤੀ ਰੇਤ ਬਣਕੇ ਸਾਨੂੰ ਮਿਲਿਆ ਹੈ,
ਕਦੇ ਹੁੰਦਾ ਸੀ ਉਹ ਵੀ ਸਾਗਰਾਂ ਵਰਗਾ।

ਜੋ ਅੱਥਰੂਆਂ 'ਚ ਖੁਰ ਜਾਵੇ ਇਹ ਰੇਤਾ ਨਹੀਂ,
ਅਸਾਡਾ ਖ਼ਾਬ ਸਾਵੇ ਪੱਤਰਾਂ ਵਰਗਾ।

(ਭਾਈ ਰੂਪਾ, ਬਠਿੰਡਾ ਫੋਨ - 94630-24145)

Chirag Quarterly July-September 2008
Registered with the Registrar of News-Papers of India No. PUN-PUN 0 2276/AL/TC94

## ਉਸਤਾਦ ਸ਼ਾਇਰ ਸੁਲੱਖਣ ਸਰਹੱਦੀ ਦਾ ਪੁਸਤਕ ਸੰਸਾਰ

1. ਤੀਜੀ ਅੱਖ ਦਾ ਜਾਦੂ (ਗਜ਼ਲ ਸੰਗ੍ਰਿਹ) ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ
2. ਪੰਜ ਬਲਦੇ ਦਰਿਆ (ਗਜ਼ਲ ਸੰਗ੍ਰਿਹ) ਜਨਵਾਦੀ ਪ੍ਰਕਾਸ਼ਨ ਮੰਚ, ਗੁਰਦਾਸਪੁਰ
3. ਵਕਤ ਦੀ ਚੀਖ਼ (ਗੀਤ) ਜਨਵਾਦੀ ਪ੍ਰਕਾਸ਼ਨ ਮੰਚ, ਗੁਰਦਾਸਪੁਰ
4. ਪੰਜਾਬੀ ਗਜ਼ਲ-ਰੂਪ ਤੇ ਆਕਾਰ (ਅਲੋਚਨਾ) ਜਨਵਾਦੀ ਪ੍ਰਕਾਸ਼ਨ ਮੰਚ, ਗੁਰਦਾਸਪੁਰ
5. ਬਸਤੀ ਬਸਤੀ ਜੰਗਲ (ਗਜ਼ਲ ਸੰਗ੍ਰਿਹ) ਕੁਕਨੂਸ ਪ੍ਰਕਾਸ਼ਨ, ਜਲੰਧਰ
6. ਉੱਚਾ ਬੁਰਜ ਲਾਹੌਰ ਦਾ (ਯੁੱਧ ਬੋਲ) ਪ੍ਰਗੀਤ ਪ੍ਰਕਾਸ਼ਨ, ਮੁਹਾਲੀ
7. ਸੰਪੂਰਨ ਪਿੰਗਲ ਤੇ ਅਰੂਜ਼ ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ
8. ਬੇੜੀਆਂ ਦਾ ਪੁਲ (ਇੱਕੋ ਬਹਿਰ ਜ਼ਮੀਨ ਵਿਚ 160 ਗਜਲਾਂ, 1262 ਸ਼ਿਅਰ) ਨੈਸ਼ਨਲ ਬੁੱਕ ਟਰੱਸਟ, ਇੰਡੀਆ ਦਿੱਲੀ
9. ਅਨੰਦਪੁਰ ਤੋਂ ਲਾਹੌਰ ਤੱਕ (ਇਤਿਹਾਸ) ਲਾਹੌਰ ਬੁੱਕ ਸ਼ਾਪ, ਲੁਧਿਆਣਾ
10. ਮੈਂ ਇਵੇਂ ਵੇਖਿਆ ਆਸਟ੍ਰੇਲੀਆ (ਸਫ਼ਰਨਾਮਾ) ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ
11. ਕਲਮ ਕਲਮ ਖੁਸ਼ਬੋ (104 ਸ਼ਾਇਰ) ਜਨਵਾਦੀ ਪ੍ਰਕਾਸ਼ਨ ਮੰਚ, ਗੁਰਦਾਸਪੁਰ
12. ਚੋਣਵੇਂ ਪੰਜਾਬੀ ਸ਼ਿਅਰ (ਸੰਪਾਦਨ) ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ
13. ਪਿੰਡ ਪੰਜਾਬ ਦੇ (ਪੰਜਾਬੀ ਪਿੰਡਾਂ ਦਾ ਸੌ ਸਾਲ ਦਾ ਇਤਿਹਾਸ) ਛਪ ਰਹੀ
14. ਭਗਤ ਸਿੰਘ ਦੀ ਜਨਮ ਭੂਮੀ ਤਕ (ਪਾਕਿਸਤਾਨੀ ਯਾਤਰਾ) ਛਪ ਰਹੀ
15. ਚੰਨ ਚਾਨਣੀ ਚੰਡੀਗੜ੍ਹ (ਸੰਪਾਦਤ ਸਫ਼ਰਨਾਮਾ) ਲੋਕ ਗੀਤ ਪ੍ਰਕਾਸ਼ਨ
16. ਸੁਲਤਾਨ ਬਾਹੂ ਜੀਵਨ ਤੇ ਰਚਨਾ - ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ

**ਸੰਪਰਕ-**

**ਜਨਵਾਦੀ ਪ੍ਰਕਾਸ਼ਨ ਮੰਚ, ਹਰਦੋਛੰਨੀ ਰੋਡ, ਗੁਰਦਾਸਪੁਰ**

ਫੋਨ- 01874-265416, ਮੋਬਾਇਲ- 94174-84337